# ਵਰਿਆਮ

੩੮ਵਾਂ ਸਾਲ

ਜੁਲਾਈ ੨੦੧੩



25/-







ਉਤਰਾ ਖੰਡ ਵਿਚ ਕੁਦਰਤ ਦੇ ਪ੍ਰਕੋਪ ਕਰ ਕੇ, ਭਾਰੀ ਬਾਰਸ਼ਾਂ, ਬਦਲ ਫਟਣ ਅਤੇ ਭਿਆਨਕ ਹੜ੍ਹਾਂ ਕਾਰਨ ਭਾਰੀ ਅਫਤਾਂ ਆਈਆਂ ਹਨ। ਪ੍ਰਮੁੱਖ ਧਾਰਮਿਕ ਤੀਰਥ ਅਸਥਾਨਾਂ ... ਫੱਸ ਗਏ, ਮਰ ਗਏ ਜਾਂ ...

Namdhari Elibrary NamdhariElibrary@gmail.com






ਪਿਛਲੇ ਦਿਨੀਂ, ਸਤਿਗੁਰੂ ਉਦੈ ਸਿੰਘ ਜੀ ਨੇ ਇਲਾਕਾ ਸ੍ਰੀ ਜੀਵਨ ਨਗਰ (ਸਰਸਾ) ਦੇ ਪਿੰਡਾਂ, ਇਲਾਕਾ ਸਿਆਹੜ, ਖੋਟੇ ਅਤੇ ਸ੍ਰੀ ਭੈਣੀ ਸਾਹਿਬ ਆਦਿਕ ਸਥਾਨਾਂ 'ਤੇ ਇਤਿਹਾਸਕ ਮੇਲੇ ਕਰ ਕੇ ਅਤੇ ਸੇਵਕਾਂ ਦੇ ਘਰਾਂ ਵਿਚ ਚਰਨ ਪਾ ਕੇ ਸੰਗਤ ਦੀ ਅਪਾਰ ਸ਼ਰਧਾ, ਅਕੀਦਤ ਪ੍ਰਾਪਤ ਕੀਤੀ ਅਤੇ ਸੰਗਤਾਂ ਨੂੰ ਅਪਾਰ ਹੀ ਖੁਸ਼ੀਆਂ ਬਖਸ਼ੀਆਂ। ਵੱਖ-ਵੱਖ ਥਾਵਾਂ ਅਤੇ ਅਵਸਰਾਂ ਦੀਆਂ ਇੱਕਠੀਆਂ ਤਸਵੀਰਾਂ ਦੇ ਦਰਸ਼ਨ ਵਰਿਆਮ ਦੇ ਪਾਠਕਾਂ ਨੂੰ ਅਸੀਂ ਕਰਵਾ ਰਹੇ ਹਾਂ।

Namdhari Elibrary NamdhariElibrary@gmail.com

# ਵਰਿਆਮ

ਜੁਲਾਈ -੨੦੧੩

ਜਿਲਦ-੩੮

ਅੰਕ- ੯



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, Jalandhar-144001 |
| ਫੋਨ-:੦੧੮੧- ੨੨੨੨੫੪੩ | Ph.:0181-2222543 (O) |
| ਘਰ: ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ....................................................੨

ਭਾਈ ਦਾਨ ਸਿੰਘ ਜੀ -*ਸੁਵਰਨ ਸਿੰਘ ਵਿਰਕ* ........੫

ਬਿਖੜੇ ਰਾਹਾਂ ਦਾ ਪੈਂਡਾ -*ਵਰਿਆਮ ਸਿੰਘ ਸੰਧੂ* ....੧੩

ਪੁਸਤਕ -*ਤੇਜਵੰਤ ਮਾਨ (ਡਾ.)*.................੧੭

ਮਜ਼ੇਦਾਰ ਨੋਕ ਝੋਕ -*ਡਾ. ਹਰਸ਼ਿੰਦਰ ਕੌਰ* ..........੧੮

ਦਰਦ ਦੂਰ ਕਰਨ ਵਾਲੀਆਂ ਦਵਾਈਆਂ ਕਿੰਨੀਆਂ ਕੁ ਖ਼ਤਰਨਾਕ ਹਨ? -*ਡਾ: ਹਰਸ਼ਿੰਦਰ ਕੌਰ* ........................੨੧

ਮੈਂ, ਮੇਰੀ ਨਾਨੀ ਤੇ ਉਸ ਦੇ ਕਲਿਆਣਕਾਰੀ ਕੂਕੇ -*ਗੁਲਜ਼ਾਰ ਸਿੰਘ ਸੰਧੂ*........੨੩

ਪਤਿਤ ਲਹਿਰ ਨੂੰ ਕਿਵੇਂ ਰੋਕੀਏ? -*ਤਰਲੋਚਨ ਸਿੰਘ* ..............................੨੪

ਗ਼ਜ਼ਲਾਂ/*ਗੁਰਨਾਮ 'ਗਿੱਲ'*.............................੨੬

ਗਊ ਮਾਤਾ -*ਮਹਿੰਦਰ ਕੌਰ ਦਾਸੀ* ..................੨੭

ਜੀਵਨ ਸਿੱਖਿਆ -*ਮਹਿੰਦਰ ਕੌਰ ਦਾਸੀ* .............੨੭

ਸੱਚ ਦਾ ਸੂਰਜ -*ਬਲਬੀਰ ਸਿੰਘ ਢਿੱਲੋਂ*...............੨੮

ਗ਼ਜ਼ਲਾਂ-*ਪ੍ਰੋ. ਜਸਵੰਤ ਸਿੰਘ ਕੈਲਵੀ*.................੨੯

ਗ਼ਜ਼ਲ-*ਅਮਰਜੀਤ ਸਿੰਘ ਸੰਧੂ* ........................੩੦

ਦੋ ਗ਼ਜ਼ਲਾਂ-*ਪ੍ਰੋ. ਕੁਲਵੰਤ ਔਜਲਾ*....................੩੧

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਕਾਰਨ -*ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ*...........੩੩

ਪੁਸਤਕ ਚਰਚਾ .............................................੩੬

ਖ਼ਬਰਨਾਮਾ...................................................੩੯

ਪ੍ਰਤੀਕਿਰਿਆ...................................................੪੮



ਈ-ਮੇਲ ਪਤਾ :
jagdishsinghwariam@gmail.com





Namdhari Elibrary NamdhariElibrary@gmail.com

# ਕਿਸਨੂੰ ਕਹੀਐ ਨਾਨਕਾ



ਹਰ ਸਾਲ ਗਰਮੀ ਦੀ ਤਪਸ਼ ਅਤੇ ਸਰਦੀ ਦੀ ਠੂਰ ਠੂਰ ਆਪਣੇ ਆਪਣੇ ਮੌਸਮ ਵਿਚ ਕਮਰ ਤੋੜਦੀ ਹੈ। ਇਹ ਖਬਰਾਂ ਪੂਰੀ ਸ਼ਿੱਦਤ ਨਾਲ ਸੁਣੀਦੀਆਂ ਹਨ।

ਇਸ ਸਮੇਂ ਜੂਨ ਦਾ ਮਹੀਨਾ ਚਲ ਰਿਹਾ ਹੈ ਜੋ ਗਰਮੀ ਦਾ ਸਿਖਰ ਹੁੰਦਾ ਹੀ ਹੈ, ਪਰ ਪਿਛਲੇ ਮਹੀਨੇ ਮਈ ਵਿਚ ਹੀ ਗਰਮੀ ਦੀ ਤਪਸ਼ ਏਨੀ ਸਿਖਰ ਤੇ ਸੀ। ਇਵੇਂ ਲੱਗਦਾ ਸੀ ਕਿ ਸੂਰਜ ਧਰਤੀ ਨੂੰ ਭਸਮ ਕਰਨ ਹੀ ਵਾਲਾ ਹੈ। ਕਿਆਸ ਆਰਾਈਆਂ ਤੇ ਸੋਆਂ ਕਿਤੋਂ ਮਾਨਸੂਨ ਆਉਣ ਦੀਆਂ ਸਨ ਜੋ ਪੰਜਾਬ ਵਿਚ ਤਾਂ ਅਕਸਰ ਆਉਂਦੀ ਹੀ ਬਹੁਤ ਦੇਰ ਨਾਲ ਹੈ ਜਾਂ ਆਉਂਦਿਆਂ ਆਉਂਦਿਆਂ ਹੀ ਸੁੱਕ ਜਾਂਦੀ ਹੈ। ਹਾੜ ਦੇ ਸ਼ੁਰੂ ਵਿਚ ਹੀ ਕੁਝ ਕਣੀਆਂ ਪਈਆਂ ਜਿਸਨੂੰ ਮਾਨਸੂਨ ਤੋਂ ਪਹਿਲਾਂ ਦੀ ਬਾਰਸ਼ ਕਿਹਾ ਗਿਆ। ਪੜ੍ਹੇ ਲਿਖੇ ਲੋਕ ਜਿਸ ਨੂੰ ਮਾਨਸੂਨ ਕਹਿੰਦੇ ਹਨ ਉਸਨੂੰ ਪੰਜਾਬ ਵਿਚ ਸਾਉਣ ਭਾਦੋਂ ਦੀ ਝੜੀ ਆਖਦੇ ਹਨ ਅਤੇ ਇਸ ਮੌਸਮ ਲਈ ਵਖਰੇ ਗੀਤ ਅਤੇ ਰਾਗ ਰਾਖਵੇਂ ਹਨ।...ਪਰ ਚੜ੍ਹਦੇ ਹਾੜ ਵਿਚ ਮੀਂਹ ਲੱਗਦਾ ਤਾਂ ਸੀ ਕਿ ਅਪਾਰ ਗਰਮੀ ਤੋਂ ਰਾਹਤ ਦੇਣ ਲਈ ਹੈ। ਨਿਤ ਗਰਮੀ ਵਿਚ ਲੱਗਦੇ ਬਿਜਲੀ ਦੇ ਕੱਟਾਂ ਤੋਂ ਸਰਕਾਰ ਦੀ ਸ਼ਰਮਸਾਰੀ ਨੂੰ ਕੁਝ ਰਾਹਤ ਮਿਲੀ। ਬਗੈਰ ਪੱਖੇ, ਕੂਲਰ ਅਤੇ ਏ.ਸੀ. ਤੋਂ ਏਨੀ ਠੰਡ ਹੋ ਗਈ ਕਿ ਉਪਰ ਕੱਪੜੇ ਲੈਣੇ ਪੈ ਗਏ। ਮੌਸਮ ਸੁਹਾਣੇ ਦੇ ਸੋਹਿਲੇ ਗਾਏ ਜਾਣ ਲੱਗੇ। ਇੰਝ ਅਕਸਰ ਅਗੇ ਵੀ ਕਦੇ ਕਦੇ ਹੋ ਜਾਂਦਾ ਹੈ। ਮਈ ਵਿਚ ਗੜੇ ਵੀ ਪੈ ਜਾਂਦੇ ਹਨ। ਅਖਬਾਰਾਂ ਰੇਡੀਓ ਟੈਲੀਵੀਜ਼ਨ ਜਿਨ੍ਹਾਂ ਨੂੰ ਰਲਾ ਕੇ ਅਸੀਂ ਮੀਡੀਆ ਕਹਿਣ ਲੱਗੇ ਪਏ ਹਾਂ ਦਾ ਕਹਿਣਾ ਸੀ ਕਿ ਮਾਨਸੂਨ ਦਿੱਲੀ ਵਿਚ ਪੰਦਰਾਂ ਦਿਨ ਪਹਿਲਾਂ ਆ ਗਈ ਹੈ। ਇਹ ਮੀਡੀਆ ਹੀ ਹੈ ਜਿਸਨੇ ਵਿਚਾਰਾਂ ਦੀ ਨਕੇਲ ਮਨੁੱਖ ਦੀਆਂ ਨਾਸਾਂ ਵਿਚ ਪਾਈ ਹੋਈ ਹੈ। ਫੇਰ ਛੇਤੀ ਹੀ ਪਤਾ ਲੱਗਾ ਗਿਆ ਕਿ ਇਹ ਨਾ ਤਾਂ ਕੋਈ ਮਾਨਸੂਨ ਹੈ ਨਾ ਪ੍ਰੀ ਮਾਨਸੂਨ। ਪਾਣੀ ਪੂਰਬ ਦਖਨ ਵਲੋਂ ਨਹੀਂ ਆ ਰਿਹਾ, ਇਹ ਤਾਂ ਸਿੱਧਾ ਉਪਰੋਂ ਹੀ ਆ ਰਿਹਾ ਹੈ। ਇਹ ਉਹ ਪਾਣੀ ਹੈ ਜੋ ਹਰ ਥਾਂ ਵਿਆਪਕ ਹੈ। ਉਪਰ ਵੀ ਥਲੇ ਵੀ, ਅਸਮਾਨ ਵਿਚ ਵੀ ਅਤੇ ਸਮੁੰਦਰ ਵਿਚ ਵੀ। ਨਾ ਇਹ ਸੁਕਦਾ ਹੈ ਨਾ ਮੁਕਦਾ ਹੈ। ਇਹ ਪਾਣੀ ਹੀ ਜੀਵਨ ਹੈ ਅਤੇ ਮੌਤ ਵੀ। ਜੀਵਨ ਅਤੇ ਮੌਤ ਦੀ ਖੇਡ ਵਿਚ ਪਾਣੀ ਸਾਂਝਾ ਤੱਤ ਹੈ। ਗਰਮੀਆਂ ਦੇ ਦਿਨਾਂ ਵਿਚ ਵੱਡੇ ਪੈਮਾਨੇ ਤੇ ਲੋਕ ਪਹਾੜਾਂ ਨੂੰ ਧਾਈ ਕਰਦੇ ਹਨ। ਉਤਰਾਖੰਡ ਪ੍ਰਦੇਸ਼ ਵਿਚ ਹੇਮਕੁੰਟ ਸਾਹਿਬ ਅਤੇ ਚਾਰ ਧਾਮ ਦੀ ਯਾਤਰਾ ਬਦਰੀਨਾਥ, ਕੇਦਾਰਨਾਥ ਤੀਰਥਾਂ ਦੀ ਇਤਿਹਾਸਕ ਯਾਤਰਾ ਤੇ ਲੋਕ ਜੱਥੇ ਬੰਨ ਬੰਨ, ਕੇ ਬੱਸਾਂ ਕਾਰਾਂ ਅਤੇ ਮੋਟਰ ਸਾਇਕਲਾਂ ਰਾਹੀਂ ਨਿਕਲਦੇ ਹਨ। ਪਹਾੜਾਂ ਤੇ ਭੀੜਾਂ ਲੱਗ ਜਾਂਦੀਆਂ ਹਨ। ਇਹਨਾਂ ਤੀਰਥ ਅਸਥਾਨਾਂ ਨਾਲ ਗ਼ੈਬੀ-ਕਥਾਵਾਂ ਜੁੜੀਆਂ ਹਨ। ਪੂਰਬਲੇ ਜਨਮਾਂ ਅਤੇ ਪੌਰਾਣਕ ਸਮਿਆਂ ਦੀਆਂ ਕਥਾਵਾਂ ਅਤੇ ਸਾਖੀਆਂ ਨੇ ਇਹਨਾਂ ਸਥਾਨਾਂ ਨੂੰ ਰਾਂਗਲਾ ਬਣਾਇਆ ਹੈ। ਗੰਗਾ ਜਮਨਾ ਮੰਦਾਕਨੀ ਅਤੇ ਹੋਰ ਨਦੀਆਂ ਜੀਵਨ ਦਾਤੀਆਂ ਰਹੀਆਂ ਹਨ ਆਦਿ ਕਾਲ ਤੋਂ...

ਪਰ ਕੁਦਰਤ ਦੇ ਇਹ ਖੂਬਸੂਰਤ ਦ੍ਰਿਸ਼, ਜਾਪਦਾ ਸੀ ਇਨਸਾਨ ਦੀਆਂ ਹਰਕਤਾਂ ਤੋਂ ਰੋਹ ਵਿਚ ਆ ਗਏ ਹਨ। ਕੁਦਰਤ ਦੀ ਜਾਂ ਰੱਬ ਦੀ ਸਾਜੀ ਕਾਇਨਾਤ ਵਿਚ ਮਨੁੱਖ ਹੀ ਆਪਣੇ ਆਪ ਨੂੰ ਸਭ ਤੋਂ ਅੱਵਲ ਸਮਝਦਾ ਹੈ। ਆਪਣੇ ਆਪ ਨੂੰ ਕਾਇਨਾਤ ਵਿਚ ਵਸਦੇ ਹੋਰ ਸਭ ਪ੍ਰਾਣੀਆਂ ਨਾਲੋਂ ਸਭ ਤੋਂ ਵੱਧ ਸਿਆਣਾ ਸਮਝਦਾਰ ਅਤੇ ਕੁਦਰਤ ਦੇ ਭੇਦਾਂ ਨੂੰ ਪਾਉਣ ਵਾਲਾ, ਖੋਜ ਕਰਨ ਵਾਲਾ ਅਤੇ ਨਵੇਂ ਨਵੇਂ ਆਵਿਸ਼ਕਾਰ ਕਰਨ ਵਾਲਾ ਸਮਝਦਾ ਹੈ। ਪਰ ਗਹੁ ਨਾਲ ਵੇਖਿਆਂ ਪਤਾ ਚਲਦਾ ਹੈ ਕਿ ਕੁਦਰਤ ਨਾਲ ਜਿਨ੍ਹੀ ਛੇੜਛਾੜ ਇਸ ਇਨਸਾਨ ਨੇ ਕੀਤੀ ਹੈ ਹੋਰ ਕਿਸੇ ਪ੍ਰਾਣੀ ਨੇ ਨਹੀਂ ਕੀਤੀ। ਬਾਕੀ ਸਾਰੇ ਜਾਨਵਰ ਚਰਿੰਦ ਪਰਿੰਦ ਸਭ ਮਖਲੂਕਾਤ ਰੱਬ ਦੇ ਭਾਣੇ ਵਿਚ ਚਲਦੀ ਹੈ ਇਕ ਇਨਸਾਨ ਹੀ ਹੈ ਜੋ ਕੁਦਰਤ ਨਾਲ ਛੇੜਛਾੜ ਕਰਦਾ ਹੈ। ਕੁਦਰਤ ਦੇ ਸੋਮਿਆਂ ਨੂੰ ਨਸ਼ਟ ਕਰਦਾ ਅਤੇ ਰੱਬ ਬਣਨ ਦਾ ਦਾਅਵਾ ਕਰਦਾ ਆਇਆ ਹੈ। ਕੁਦਰਤ ਦੇ ਉਤਪਤੀ ਵਿਕਾਸ, ਸੁਰੱਖਿਆ ਅਤੇ ਵਿਨਾਸ਼ ਦੇ ਆਪਣੇ ਪ੍ਰਬੰਧ ਹਨ। ਉਸਨੇ ਵਾਤਾਵਰਨ ਦਾ ਇਕ ਸ਼ਾਨਦਾਰ ਸਿਲਸਿਲਾ ਕਾਇਮ ਕੀਤਾ ਹੋਇਆ ਹੈ। ਇਸ ਇਨਸਾਨ ਨੇ ਹੀ ਵਾਤਾਵਰਨ ਨੂੰ ਪਲੀਤ ਕੀਤਾ ਤੇ ਕੁਦਰਤ ਦਾ ਪਾਣੀ ਪ੍ਰਕੋਪ ਬਣ ਕੇ ਆਇਆ ਹੈ। ਇਹ ਪਰਲੋ ਦਾ ਇਕ ਨਮੂਨਾ ਮਾਤਰ ਹੈ।

ਅਖ਼ਬਾਰਾਂ ਦੀਆਂ ਸੁਰਖੀਆਂ ਸਨ। "ਅਸਮਾਨ ਤੋਂ ਵਰ੍ਹੀ ਆਫਤ", "ਉਤਰਾਖੰਡ ਤੇ ਹਿਮਾਚਲ 'ਚ ਭਾਰੀ ਮੀਂਹ ਨੇ ਮਚਾਈ ਤਬਾਹੀ" ਸ੍ਰੀ ਹੇਮਕੁੰਟ ਸਾਹਿਬ ਗਏ ਹਜ਼ਾਰਾਂ ਯਾਤਰੂ ਵੱਖ ਵੱਖ ਥਾਵਾਂ ਤੇ ਫਸੇ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜਲ ਪ੍ਰਵਾਹ ਹੋ ਗਏ।" ਸ੍ਰੀ ਗੁਰੂ ਗ੍ਰੰਥ


NamdhariElibrary NamdhariElibrary@gmail.com

ਸਾਹਿਬ ਦੇ ਸਰੂਪ ਜਲ ਪ੍ਰਵਾਹ ਨਹੀਂ ਹੋਏ, "ਕੇਦਾਰਨਾਥ 'ਚ ਹਜ਼ਾਰਾਂ ਯਾਤਰੂ ਅਜੇ ਵੀ ਫਸੇ", ਗੋਬਿੰਦਧਾਮ ਨੇੜੇ...ਯਾਤਰੂ ਫਸੇ...ਪ੍ਰਧਾਨ ਮੰਤਰੀ ਵਲੋਂ ਹਜ਼ਾਰ ਕਰੋੜ ਦੀ ਫੌਰੀ ਸਹਾਇਤਾ, ਪ੍ਰਧਾਨ ਮੰਤਰੀ ਰਾਹਤ ਕੋਸ਼ ਲਈ ਦਿਲ ਖੋਹਲ ਕੇ ਫੰਡ ਦੇਣ ਦੀ ਅਪੀਲ...। ਮਰਨ ਵਾਲਿਆਂ ਦੀ ਗਿਣਤੀ ਹਜ਼ਾਰਾਂ ਤੋਂ ਉਪਰ ਕਹੀ ਜਾ ਰਹੀ ਹੈ। ਲਾਤਾਦਾਦ ਲੋਕ ਉਜੜ ਗਏ, ਲਾਪਤਾ ਹਨ, ਬਰਬਾਦ ਹਨ। ਕੁਦਰਤ ਦਾ ਕਹਿਰ ਖੁਲ ਕੇ ਵਰਤਿਆ ਹੈ। ਪੁਰਾਣਾ ਵਿਚਾਰ ਕਿ ਸਮੁੰਦਰ ਤੋਂ ਹਵਾਵਾਂ ਉਠਦੀਆਂ ਹਨ, ਪਹਾੜਾਂ ਨਾਲ ਟਕਰਾ ਕੇ ਬਾਰਸ਼ਾਂ ਹੁੰਦੀਆਂ ਹਨ ਇਕ ਪਾਸੇ ਕਰਕੇ, ਮੀਂਹ ਦਾ ਪਾਣੀ ਇਵੇਂ ਡਿਗਿਆ ਜਿਵੇਂ ਆਕਾਸ਼ ਵਿਚ ਸਟੋਰ ਕੀਤਾ ਡੁੱਲ ਗਿਆ ਹੋਵੇ। ਬਦਲ ਫੱਟੇ, ਸਰਕਾਰੀ ਅਨੁਮਾਨ ਵਿਫਲ ਹੋਏ। ਇਨਸਾਨ ਦੀ ਸਾਰੀ ਸਮਝ ਸਾਰੀ ਯੋਗਤਾ ਨਿਸਫਲ ਸਾਬਤ ਹੋਈ। ਇਮਾਰਤਾਂ, ਮੰਦਿਰ, ਧਰਮਸ਼ਾਲਾਵਾਂ ਦੁਕਾਨਾਂ ਬਾਜ਼ਾਰ, ਮੂਰਤੀਆਂ ਜਲ ਦੇ ਪ੍ਰਵਾਹ ਵਿਚ ਹੀ ਪਰਵਾਹੀਆਂ ਗਈਆਂ। ਤ੍ਰਾਸਦੀ ਹੀ ਤ੍ਰਾਸਦੀ, ਪਾਣੀ ਹੀ ਪਾਣੀ, ਕਹਿਰ ਹੀ ਕਹਿਰ, ਪਹਾੜੀਆਂ ਦੀਆਂ ਪਹਾੜੀਆਂ ਸੜਕਾਂ ਦੀਆਂ ਸੜਕਾਂ ਗਾਇਬ ਹਨ।

ਸਿਆਸੀ ਨੇਤਾ, ਮੀਡੀਆ ਵਾਲੇ ਸਰਗਰਮ ਹਨ। ਨਿਤ ਬਹਿਸਾਂ ਹੋ ਰਹੀਆਂ ਹਨ। ਇਕ ਦੂਜੇ ਤੇ ਦੂਸ਼ਨ ਬਾਜ਼ੀਆਂ ਦਾ ਬਾਜ਼ਾਰ ਗਰਮ ਹੈ। ਬਦਲਾਂ ਦੇ ਪਰਛਾਵੇਂ ਨਾਲ ਚੋਣਾਂ ਦੇ ਪਰਛਾਵੇਂ ਵੀ ਗੂਹੜੇ ਹਨ। ਕਈ ਪ੍ਰਕਾਰ ਦੀ ਬਾਰਸ਼ ਦਾ ਕਹਿਰ ਵਾਪਰਨ ਦਾ ਅੰਦੇਸ਼ਾਂ ਬਣਿਆ ਹੋਇਆ ਹੈ।

ਗੁਰੂ ਮਹਾਰਾਜ ਦਾ ਕਿਹਾ ਅਸੀਂ ਰੋਜ਼ ਸੁਣਦੇ ਹਾਂ ਜੋ ਪਹਿਲਾਂ ਦੀ ਸੱਚ ਵੀ ਅੱਜ ਵੀ ਪ੍ਰਤੱਖ ਹੈ।

ਆਪੇ ਸਾਜੇ ਕਰੇ ਆਪਿ, ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥
ਕਿਸ ਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪਿ ॥

*—ਜਗਦੀਸ਼ ਸਿੰਘ ਵਰਿਆਮ*

## ਕਾਮਰੇਡ ਸਤਪਾਲ ਡਾਂਗ



ਕਾਮਰੇਡ ਸਤਪਾਲ ਡਾਂਗ ਦੇ ਨਿਧਨ ਨਾਲ ਇਕ ਯੁੱਗ ਖਤਮ ਹੋ ਗਿਆ ਹੈ। ਕਾਮਰੇਡ ਸੱਤਪਾਲ ਡਾਂਗ ਅਤੇ ਉਹਨਾਂ ਦੀ ਜੀਵਨ ਸਾਥਣ ਵਿਮਲਾ ਡਾਂਗ ਇਕ ਆਦਰਸ਼ਕ ਜੋੜੀ ਹੀ ਨਹੀਂ ਉਹ ਸਮਾਜ ਦੇ, ਮਜ਼ਦੂਰ ਜਮਾਤ ਦੇ, ਸੇਵਕ ਵੀ ਸਨ ਅਤੇ ਲੀਡਰ ਵੀ। ਗਰੀਬ ਮਜ਼ਦੂਰਾਂ ਨੂੰ ਮੋਹ ਕਰਨ ਵਾਲੇ ਅਤੇ ਉਹਨਾਂ ਤੋਂ ਸਭ ਸੁਖ ਨਿਛਾਵਰ ਕਰਨ ਵਾਲੇ। ਕਾਮਰੇਡ ਡਾਂਗ ਕਿਸੇ ਸਮੇਂ ਪੰਜਾਬੀ ਦੀ ਸਾਂਝੀ ਵਜ਼ਾਰਤ ਵਿਚ ਵਜ਼ੀਰ ਵੀ ਰਹੇ। ਕਿਸੇ ਸਮੇਂ ਉਹਨਾਂ ਪੰਜਾਬ ਕਾਂਗਰਸ ਦੇ ਵੱਡੇ ਲੀਡਰ ਗਿਆਨੀ ਗੁਰਮੁਖ ਸਿੰਘ ਮੁਸਾਫਰ ਨੂੰ ਇਲੈਕਸ਼ਨ ਵਿਚ ਵੀ ਹਾਰ ਦਿੱਤੀ ਸੀ। ਉਹ ਪਦਮ ਸ੍ਰੀ ਅਤੇ ਪਦਮ ਭੂਸ਼ਣ ਦੀ ਉਪਾਧੀ ਨਾਲ ਆਭੂਸ਼ਿਤ ਹੋਏ। ਕਾਮਰੇਡ ਡਾਂਗ, ਭਾਰਤੀ ਕਮਿਊਨਿਸਟ ਪਾਰਟੀ ਦੇ ਸਦਾ ਹੀ ਵਫਾਦਾਰ ਸਿਪਾਹੀ ਰਹੇ ਪਰ ਉਹਨਾਂ ਪਾਰਟੀ ਲਾਈਨਾਂ ਤੋਂ ਪਾਰ ਵੀ ਸਤਿਕਾਰ ਖੱਟਿਆ। ਬਹੁਤ ਭਾਰੀ ਰਸੂਖ ਸਮਰੱਥਾ ਅਤੇ ਪਹੁੰਚ ਹੋਣ ਦੇ ਬਾਵਜੂਦ ਉਹਨਾਂ ਆਪਣਾ ਘਰ ਨਹੀਂ ਬਣਾਇਆ ਅਤੇ ਸਾਰੀ ਉਮਰ ਸਾਥੀਆਂ ਦੇ ਸੰਗ ਸਾਥ ਵਿਚ ਬਿਤਾਈ। ਉਹ ਨਿਧੜਕ ਅਤੇ ਨਿਸ਼ੰਗ ਹੋ ਕੇ ਆਪਣੀ ਗੱਲ ਕਰਦੇ ਅਤੇ ਜ਼ਾਤੀ ਫਾਇਦੇ ਵਾਸਤੇ ਕੋਈ ਗੱਲ ਕੀਤੀ ਹੋਵੇ ਇਸਦੀ ਮਿਸਾਲ ਢੂੰਡਿਆ ਵੀ ਨਹੀਂ ਮਿਲਦੀ। ਕਾਮਰੇਡ ਡਾਂਗ ਨੇ ਅਤਿਵਾਦ ਖਿਲਾਫ ਡੱਟ ਕੇ ਲੜਾਈ ਲੜੀ। ਉਹਨਾਂ ਦੇ ਜਾਣ ਨਾਲ ਕਮਿਊਨਿਸਟ ਪਾਰਟੀ ਨੂੰ ਤਾਂ ਭਾਰਾ ਘਾਟਾ ਪਿਆ ਹੈ, ਇਹ ਸਮੁੱਚੇ ਦੇਸ਼ ਦਾ ਵੀ ਭਾਰੀ ਨੁਕਸਾਨ ਹੈ। ਦੇਸ਼ ਦੀ ਸਿਆਸਤ ਵਿਚ ਚੰਗੇ ਨੇਕ ਅਤੇ ਦਰਵੇਸ਼ ਬੰਦੇ ਲੱਭਦੇ ਕਿਥੇ ਹਨ।

## ਸੰਤ ਲਛਮਣ ਸਿੰਘ ਜੀ



ਸੰਤ ਲਛਮਣ ਸਿੰਘ (ਫਗਵਾੜੇ ਵਾਲੇ) ਵਰਿਆਮ ਦੇ ਮੁੱਢਲੇ ਦਿਨਾਂ ਤੋਂ ਹੀ ਇਸ ਨਾਲ ਸਹਾਇਕ ਦੇ ਤੌਰ ਤੇ ਜੁੜੇ ਹੋਏ ਸਨ ਅਤੇ ਬਾਅਦ ਵਿਚ ਉਹਨਾਂ ਦੇ ਸਪੁੱਤਰ ਅਮਰਜੀਤ ਸਿੰਘ ਜੀ।

ਸੰਤ ਲਛਮਣ ਸਿੰਘ ਜੀ ਦੀ ਫਗਵਾੜਾ ਵਿਚ ਹਾਬੀ ਇੰਡਸਟਰੀਜ਼ ਹੁੰਦੀ ਸੀ। ਕਾਰੀਗਰੀ ਵਿਚ ਲਛਮਣ ਸਿੰਘ ਜੀ ਵੱਡੇ ਵੱਡੇ ਕੁਆਲੀਫਾਈਡ ਇੰਜੀਨਅਰਾਂ ਨੂੰ ਮਾਤ ਪਾਉਂਦੇ ਸਨ। ਯਾਦ ਆ ਰਿਹਾ ਹੈ ਇਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਨੂੰ ਕਿਹਾ ਕਿ ਸਵੇਰੇ ਆਨੰਦ ਕਾਰਜ ਵਾਸਤੇ ਪੰਡਾਲ ਬਣਾਉਣਾ ਹੈ ਬੈਜ਼ੇ (oval) ਸ਼ਕਲ ਦਾ ਅਤੇ ਬਣਾਉਣਾ ਹੈ ਵਾਹੇ ਹੋਏ ਖੇਤ ਵਿਚ। ਅਸੀਂ ਬਹੁਤ ਸਾਰੇ ਲੋਕ, ਜਥੇਦਾਰ, ਲਾਕੜੀ ਇਸ


NamDhari Elibrary NamdhariElibrary@gmail.com

ਕਾਰਜ ਲਈ ਉੱਚੀ ਉੱਚੀ ਰੌਲਾ ਪਾ ਰਹੇ-ਸਲਾਹ-ਮਸ਼ਵਰਾ ਕਰ ਰਹੇ ਸਾਂ। ਸਾਡਾ ਸਾਥੀ ਵਿਦਿਅਕ ਜੱਥੇ ਦਾ ਜਵਾਨ ਸੈਕਟਰੀ ਪ੍ਰੋ. ਸੁਰਿੰਦਰਪਾਲ ਸਿੰਘ ਸੁੰਦਰ ਨਗਰ ਵਾਲਾ ਪਾਲੀਟੈਕਨਿਕ ਦਾ ਪ੍ਰੋਫੈਸਰ ਸਰਗਰਮੀ ਨਾਲ ਰੱਸਿਆਂ ਅਤੇ ਕਿਲ੍ਹਿਆਂ ਨਾਲ ਪ੍ਰਕਾਰ ਬਣਾ ਕੇ ਟ੍ਰਿਗਨੋਮੈਟਰੀ ਦੇ ਹਿਸਾਬ ਨਾਲ ਮੈਦਾਨ ਵਿਚ ਨਸ਼ਾਨਦੇਹੀ ਕਰ ਕਰਕੇ ਇਸ ਕਾਰਜ ਦਾ ਮੋਹਰੀ ਸੀ। ਬੰਦੇ ਬਹੁਤੇ ਹੋਣ ਕਰਕੇ ਕਾਰਜ ਗੜਬੜ ਹੋ ਜਾਵੇ।...

ਸੰਤ ਲਛਮਣ ਸਿੰਘ ਨੇ ਪੁਛਿਆ ਕੀ ਬਣਾ ਰਹੇ ਹੋ। ਜਦੋਂ ਦੱਸਿਆ ਤਾਂ ਉਹਨਾਂ ਇਕ ਚਾਨਣੀ ਵਾਲਾ ਬਾਂਸ ਫੜਿਆ ਅਤੇ ਬਗੈਰ ਕਿਸੇ ਦੀ ਮਦਦ ਦੇ ਧਰਤੀ ਤੇ ਲੀਕ ਵਾਹ ਕੇ 'ਪੈਰਾ ਬੋਲਾ' ਬਣਾ ਦਿੱਤਾ ਕਿ ਇਥੇ ਬਣਾ ਲਵੋ ਜੇ ਬਣਾਉਣਾ ਹੈ...।

ਪਹਿਲਾਂ ਉਹ ਆਪ ਤੇ ਫੇਰ ਅਮਰਜੀਤ ਸਿੰਘ ਬਾਹਰੋਂ ਇੰਜਣ ਮੰਗਵਾ ਕੇ ਲੰਮੀਆਂ ਲੰਮੀਆਂ ਕਾਰਾਂ ਵਿਚ ਫਿਟ ਕਰਕੇ ਸਸਤਾ ਹੀ ਕਾਮਯਾਬੀ ਨਾਲ ਚਾਲੂ ਕਰ ਦਿੰਦੇ।

ਦੁਆਬੇ ਵਿਚ, ਸੰਪੂਰਨ ਨਾਮਧਾਰੀ ਬਾਣੇ ਵਿਚ ਨੌਜਵਾਨ ਲੰਮੀਆਂ ਲੰਮੀਆਂ ਕਾਰਾਂ ਵਿਚ ਵਿਚਰਦੇ ਵੇਖ ਕੇ ਲੋਕ ਨਾਮਧਾਰੀਆਂ ਦੀ ਅਮੀਰੀ ਦੇ ਅੰਦਾਜ਼ੇ ਲਾਉਂਦੇ। ਇਹ ਸਭ ਕਾਰਾਂ ਸ. ਲਛਮਣ ਸਿੰਘ ਅਮਰਜੀਤ ਸਿੰਘ ਦੇ ਹੱਥਾਂ ਦੀ ਕਰਾਮਾਤ ਹੁੰਦੀਆਂ। ਬਹੁਤ ਸਾਰੇ ਡੇਰੇਦਾਰ, ਮਹਾਂਪੁਰਸ਼ ਅਤੇ ਅਧਿਕਾਰੀ ਦੂਰ ਦੂਰ ਤੋਂ ਇਥੇ ਫਗਵਾੜੇ ਹੀ ਕਾਰਾਂ ਭੇਜਦੇ। ਇਸ ਪਰਿਵਾਰ ਦੀ ਕਾਰੀਗਰੀ ਯੋਗਤਾ ਅਤੇ ਈਮਾਨਦਾਰੀ ਦੇ ਜੋੜ ਨੇ ਇਹਨਾਂ ਦੀ ਸ਼ੁਹਰਤ ਨੂੰ ਅਸਮਾਨੀਂ ਪਹੁੰਚਾ ਦਿੱਤਾ। ਭੈਣੀ ਸਾਹਿਬ ਵਾਲੇ ਸਤਿਗੁਰਾਂ ਦੀ ਇੱਛਾ ਹੀ ਇਹਨਾਂ ਲਈ ਇਲਾਹੀ ਹੁਕਮ ਹੁੰਦਾ ਸੀ। ਸਤਿਗੁਰੂ ਜੀ ਨੇ ਆਪਣੇ ਵਿਸ਼ਾਲ ਜਥੇ ਨਾਲ ਦੌਰਿਆਂ ਤੇ ਜਾਣਾ ਤਾਂ ਆਪਨੇ ਪਰਿਵਾਰ ਦੀਆਂ ਕਾਰਾਂ, ਪੈਟਰੋਲ ਸਮੇਤ ਪਰਿਵਾਰ ਤੇ ਸੇਵਾਦਾਰ ਸਦਾ ਹਾਜ਼ਰ ਹੁੰਦੇ ਸਨ।

ਜਿਵੇਂ ਭਗਵਾਨ ਰਾਮ ਦੀ ਸੇਵਾ ਵਾਸਤੇ ਸਦਾ ਹਨੂੰਮਾਨ ਜੀ ਹਾਜ਼ਰ ਸਨ। ਇਵੇਂ ਹੀ ਸੰਤ ਲਛਮਣ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਰਹੇ। ਉਹ ਭਾਣੇ ਅਨੁਸਾਰ ਜੀਵੇ ਅਤੇ ਭਾਣੇ ਅਨੁਸਾਰ ਵਿਦਾ ਹੋਏ ਹਨ।

## ਕੁਲਦੀਪ ਸਿੰਘ ਪੱਟੀ



ਉਹ ਹਰ ਮਹੀਨੇ ਤੂਫਾਨ ਵਾਂਗ ਆਉਂਦਾ, ਸਰਦੀ ਜਾਂ ਗਰਮੀ ਵਿਚ ਪੈਦਲ ਹੀ। ਹੱਥ ਵਿਚ ਅਕਸਰ ਹਾਕੀ ਫੜੀ ਹੁੰਦੀ ਤੇ ਕਾਗਜ਼ਾਂ ਦੇ ਥੱਬੇ 'ਚੋਂ ਕੁਝ ਕਾਗਜ਼ ਦੇ ਕੇ 'ਐਡੀਟਰ ਸਾਹਿਬ ਆ ਲਵੋ।'... ਅਕਸਰ ਹਾਕੀ ਦੀਆਂ ਸਰਗਰਮੀਆਂ ਬਾਰੇ ਖਬਰਾਂ ਆਰਟੀਕਲ ਹੁੰਦੇ, ਅਸੀਂ ਸਾਰੇ ਛਾਪ ਵੀ ਨਾ ਸਕਦੇ। ਕਾਹਲੀ ਕਾਹਲੀ ਵਿਚ ਲਿਖੇ ਲੇਖ, ਕਾਹਲੀ ਕਾਹਲੀ ਫੜਾ ਕੇ ਅੱਗੇ ਚਲਾ ਜਾਂਦਾ। ਉਹ ਅਕਸਰ ਮਹੀਨੇ ਦੀ ਅਠਾਈ ਉਂਨਤੀ ਤਾਰੀਖ ਨੂੰ ਆਉਂਦਾ ਅਤੇ ਵਰਿਆਮ ਦਾ ਨਵਾਂ ਅੰਕ ਹੱਥੀਂ ਲੈ ਕੇ ਜਾਂਦਾ। ਕਦੀ ਕਦੀ ਪੜ੍ਹੇ ਹੋਏ ਵਰਿਆਮ ਬਾਰੇ ਪ੍ਰਤਿਕਰਮ ਵੀ ਲਿਖ ਕੇ ਦਿੰਦਾ ਅਤੇ ਛਪਿਆ ਵੇਖ ਕੇ ਸੰਤੁਸ਼ਟ ਹੁੰਦਾ। ਇਸ ਵਾਰ ਮੈਂ ਆਪਣੇ ਨਵੇਂ ਸਹਾਇਕ ਨੂੰ ਪੁੱਛਿਆ ਪੱਟੀ ਨਹੀਂ ਆਇਆ। ਉਸਦਾ ਉੱਤਰ ਸੀ ਜੀ ਨਹੀਂ ਆਇਆ। ਪਹਿਲੀ ਵਾਰ ਸੀ ਕਿ ਪੱਟੀ ਵਰਿਆਮ ਲੈਣ ਤੋਂ ਖੁੰਝਿਆ ਸੀ।

ਦੂਜੇ ਦਿਨ ਅਖਬਾਰਾਂ ਫੋਲਦਿਆਂ ਤ੍ਰਾਹ ਨਿਕਲ ਗਿਆ। ਪ੍ਰਸਿੱਧ ਪੱਤਰਕਾਰ ਕੁਲਦੀਪ ਪੱਟੀ ਨਮਿਤ ਸਮਾਗਮ ਦੀ ਖਬਰ ਸੀ ਨਾਲ ਤਸਵੀਰ। ਸ. ਕੁਲਦੀਪ ਸਿੰਘ ਪੱਟੀ ਚਿਰਾਂ ਤੋਂ ਖੇਡ ਜਗਤ ਬਾਰੇ ਲਿਖਦਾ ਆ ਰਿਹਾ ਸੀ। ਸ. ਬਰਜਿੰਦਰ ਸਿੰਘ ਦੀ ਕਿਰਪਾ ਨਾਲ ਪਹਿਲੋਂ ਉਹ ਪੰਜਾਬੀ ਟ੍ਰਿਬਿਊਨ ਵਿਚ ਅਤੇ ਫੇਰ ਅਜੀਤ ਵਿਚ ਸਪੈਸ਼ਲ ਰਿਪੋਰਟਾਂ ਲਿਖਦਾ ਰਿਹਾ। ਉੱਥੋਂ ਹੱਟ ਕੇ ਵੱਖ-ਵੱਖ ਪੱਤਰਕਾਵਾਂ ਲਈ ਲਿਖਦਾ ਰਿਹਾ। ਵਰਿਆਮ ਵਿਚ ਵਿਸ਼ੇਸ਼ ਵਿਅਕਤੀਆਂ ਨਾਲ ਤਸਵੀਰਾਂ ਅਤੇ ਰਿਪੋਰਟਾਂ ਭੇਜਦਾ ਰਿਹਾ। ਥੋਹੜਾ ਚਿਰ ਪਹਿਲਾ ਉਸ ਸਰਦਾਰ ਸਿੰਘ ਨਾਮਧਾਰੀ ਨਾਲ ਤਸਵੀਰ ਅਤੇ ਰਿਪੋਰਟ ਛਪਵਾਈ ਸੀ। ਪੰਜਾਬੀ ਲੇਖਕ ਸਭਾ ਵਲੋਂ ਪੰਜਾਬੀ ਲਈ ਸੰਘਰਸ਼ ਲਈ ਧਰਨਿਆਂ ਅਤੇ ਸਮਾਗਮਾਂ ਵਿਚ ਅੱਗੇ ਅੱਗੇ ਹੁੰਦਾ।

*—ਜਗਦੀਸ਼ ਸਿੰਘ ਵਰਿਆਮ*

**ਈ. ਮੇਲ ਜਾਂ ਨੈਟ ਤੇ ਤਸਵੀਰਾਂ ਭੇਜਣ ਵਾਲਿਆਂ ਸੱਜਣਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਤਸਵੀਰਾਂ ਤੇ ਕੈਪਸ਼ਨ ਸਿਰਲੇਖ, ਵੇਰਵਾ, ਜ਼ਰੂਰ, ਸਾਫ ਸ਼ਬਦਾਂ ਵਿਚ ਜਾਂ ਟਾਈਪ ਕਰਕੇ ਭੇਜਿਆ ਕਰਨ। —ਸੰਪਾਦਕ**


Namdhari Elibrary NamdhariElibrary@gmail.com

# ਭਾਈ ਦਾਨ ਸਿੰਘ ਜੀ

## ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰਾ ਪਰਬੰਧਕ



ਸੁਵਰਨ ਸਿੰਘ ਵਿਰਕ

ਅੰਗਰੇਜ਼ੀ ਵਾਲਿਆਂ ਦਾ ਇਕ ਮੁਹਾਵਰਾ ਹੈ ਕਿ ਸ਼ਾਂਤ ਸਮੁੰਦਰ ਵਿਚ ਤਾਂ ਹਰ ਕੋਈ ਚੰਗਾ ਨਾਵਿਕ ਹੁੰਦਾ ਹੈ ਪਰ ਉਫਾਨ ਵਿਚ ਆਏ ਸਾਗਰਾਂ ਵਿਚ ਤਾਂ ਦਿਲ ਗੁਰਦੇ ਵਾਲੇ ਹੀ ਆਪਣੇ ਬੇੜੇ ਠੇਲ੍ਹਦੇ ਹਨ। ਕੂਕਾ ਲਹਿਰ ਦੇ ਇਤਿਹਾਸ ਵਿਚ ੧੮੭੨ ਤੋਂ ੧੯੦੬ ਈ. ਦਾ ਗੁਰੂ ਹਰੀ ਸਿੰਘ ਕਾਲ, ਇਹੋ ਜਿਹਾ ਹੀ ਵੱਡੀ ਉੱਥਲ ਪੁੱਥਲ ਵਾਲਾ ਸਮਾਂ ਸੀ। ਇਸ ਸਮੇਂ ਵਿਚ ਅੰਗਰੇਜ਼ ਬਸਤੀਵਾਦੀਆਂ ਨੂੰ, ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਕੂਕਾ ਪੰਥ ਦੇ ਰੂਪ ਵਿਚ, ਆਪਣੇ ਰਾਜ ਲਈ ਵੱਡਾ ਖ਼ਤਰਾ ਨਜ਼ਰ ਆਉਂਦਾ ਸੀ। ਗੁਰੂ ਹਰੀ ਸਿੰਘ ਬੇਸ਼ਕ ੧੮੭੨ ਈ. ਤੱਕ, ਬੜੀ ਉਹਲੇ ਜਿਹੇ ਵਿਚ ਵਿਚਰਣ ਵਾਲੀ, ਸ਼ਾਂਤ-ਚਿੱਤ, ਸਾਧੂ-ਸੁਭਾਉ, ਸ਼ਖਸੀਅਤ ਦੇ ਸੁਆਮੀ ਸਨ, ਪਰ ਸਿਰ ਪਈ ਬਿਪਤਾ ਦੇ ਸਮੇਂ ਨੂੰ, ਜਿਸ ਠਰ੍ਹੰਮੇ ਅਤੇ ਦ੍ਰਿੜਤਾ ਨਾਲ ਉਹਨਾਂ ਕੱਟਿਆ ਉਸਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਸਤਿਗੁਰੂ ਰਾਮ ਸਿੰਘ ਦੁਆਰਾ ਵਿੱਢੇ ਕੂਕਾ ਸੰਗਰਾਮ ਦੇ ਮੁੱਖ ਕੇਂਦਰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਮਰਿਆਦਾ ਨੂੰ, ਹਰ ਤਰ੍ਹਾਂ ਦੀਆਂ ਵਿਦੇਸ਼ੀ ਅਤੇ ਦੇਸੀ ਲੋਕਾਂ ਦੀਆਂ ਸਖਤੀਆਂ ਨੂੰ ਜਰਦਿਆਂ ਜਿਵੇਂ ਆਪ ਨੇ ਕਾਇਮ ਰੱਖਿਆ, ਉਹ ਛੋਟਾ ਕੰਮ ਨਹੀਂ ਸੀ। ਡੇਰੇ ਵਿਚ ਅਖੰਡ ਪਾਠ ਗੁਪਤ ਰੂਪ ਵਿਚ ਕੀਤੇ ਜਾਂਦੇ ਅਤੇ ਡੇਰੇ ਦੇ ਇਰਦ ਗਿਰਦ ਗੁਰਦੁਆਰੇ ਦੇ ਅਤੇ ਆਪ ਦੇ ਦਰਸ਼ਨਾਂ ਨੂੰ ਆਏ ਸਿੰਘਾਂ ਨੂੰ ਲੰਗਰ ਪਾਣੀ ਵੀ ਗੁਪਤ ਰੂਪ ਵਿਚ ਹੀ ਛਕਾਇਆ ਜਾਂਦਾ। ਅੱਠਾਂ ਪਹਿਰਾਂ ਵਿਚ ਬੂਹੇ ਤੇ ਬੈਠੀ ਪੁਲੀਸ ਚੌਕੀ ਦੀ ਇਜਾਜ਼ਤ ਨਾਲ ਸਿਰਫ ਦਸ ਸਿੰਘ ਅੰਦਰ ਜਾ ਸੱਕਦੇ ਸਨ। ਗੁਰੂ ਹਰੀ ਸਿੰਘ ਨੂੰ ਪਹਿਲੇ ੧੭-੧੮ ਸਾਲ ਤਾਂ ਬਹੁਤ ਘੱਟ ਸਮੇਂ ਲਈ, ਭੈਣੀ ਸਾਹਿਬ ਤੋਂ ਬਾਹਰ ਜਾਣ ਦਿੱਤਾ ਜਾਂਦਾ। ਫਿਰ ਵੀ ਜੇ ਉਹ ਦੀਵਾਲੀ ਵੈਸਾਖੀ ਜਾਂ ਮਾਘੀ ਤੇ ਅੰਮ੍ਰਿਤਸਰ, ਮੁਕਤਸਰ ਸਾਹਿਬ ਆਦਿ ਸਿੱਖ ਤੀਰਥਾਂ ਤੇ ਜਾਣ ਦੀ ਆਗਿਆ ਦਿੰਦੇ ਵੀ ਤਾਂ ਮੇਲਾ ਲੰਘ ਜਾਣ ਤੋਂ ਤਿੰਨ ਚਾਰ ਦਿਨ ਬਾਅਦ ਹੀ ਜਾਣ ਦਿੱਤਾ ਜਾਂਦਾ ਤਾਂ ਕਿ ਉਹ ਬਹੁਤੇ ਲੋਕਾਂ ਨਾਲ ਸੰਪਰਕ ਨਾ ਕਰ ਸੱਕਣ। ਇਹੋ ਜਿਹੇ ਬਿਪਤਾ, ਸਖਤੀਆਂ ਅਤੇ ਤੰਗੀਆਂ ਤੁਰਸ਼ੀਆਂ ਦੇ ਸਮੇਂ ਵਿਚ, ਜਿਹਨਾਂ ਸਿੰਘਾਂ ਨੇ, ਆਪ ਦੀ ਅਗੁਆਈ ਵਿਚ ਡੇਰਾ ਭੈਣੀ ਸਾਹਿਬ ਦੀ ਸੇਵਾ ਸੰਭਾਲ ਵਿਚ ਜਾਂ ਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਆਪਣੇ ਆਪ ਨੂੰ, ਘਰ ਘਾਟ ਦਾ ਮੋਹ ਛੱਡ ਕੇ, ਸਾਲਾਂ ਬੱਧੀ ਸਮਰਪਿਤ ਕਰ ਛੱਡਿਆ ਸੀ, ਉਹ ਕੋਈ ਛੋਟੇ ਲੋਕ ਨਹੀਂ ਸਨ। ਕੂਕਾ ਇਤਿਹਾਸ ਅਤੇ ਇਸ ਮੁਲਕ ਦੀ ਕੌਮੀ ਅਜ਼ਾਦੀ ਦੀ ਲੜਾਈ ਦਾ ਇਤਿਹਾਸ, ਅਜਿਹੇ ਕਰਮਯੋਗੀਆਂ ਦੀਆਂ ਕਰਨੀਆਂ ਨਾਲ, ਮਾਲਾ ਮਾਲ ਹੋਇਆ ਪਿਆ ਹੈ। ਅਜਿਹੇ ਹੀ ਇਕ ਗੁਰੂ ਪਿਆਰੇ ਭਾਈ ਦਾਨ ਸਿੰਘ ਜੀ ਹੋਏ ਹਨ।

ਮਹੱਤਵਪੂਰਨ ਕੂਕਿਆਂ ਵਾਲੀ ਸਰਕਾਰ ਅੰਗਰੇਜ਼ੀ ਦੇ ਖ਼ੁਫੀਆ ਵਿਭਾਗ ਦੀ ਸੂਚੀ ਵਿਚ, ਆਪ ਦਾ ਜ਼ਿਕਰ ਇਉਂ ਅੰਕਿਤ ਕੀਤਾ ਮਿਲਦਾ ਹੈ। ਲੁਧਿਆਣਾ ਜ਼ਿਲ੍ਹਾ ਦਾ ਸੂਚੀ ਨੰ. ੩੭, ਦਾਨ ਸਿੰਘ ਪੁੱਤਰ ਧਰਮ ਸਿੰਘ, ਬਾਬਾ ਬੁੱਧ ਸਿੰਘ (ਨੰ. ੩੮) (ਗੁਰੂ ਹਰੀ ਸਿੰਘ ਜੀ) ਦਾ ਗੜਵਈ, ਪਿੰਡ ਭੈਣੀ (ਸਾਹਿਬ), ਥਾਣਾ-ਸਾਹਨੇਵਾਲ, ਰੰਗ ਕਣਕ ਵੰਨਾ, ਛੋਟੀ ਕਾਲੀ ਦਾਹੜੀ, ਸਰੀਰ ਪਤਲਾ, ਕੱਦ ਲੰਮਾ, ਉਮਰ ੩੫ ਸਾਲ ਦੇ ਕਰੀਬ। ਦਾਨ ਸਿੰਘ ਠੀਕ ਤੌਰ ਤੇ ਤਾਂ ਪਿੰਡ ਗੰਗੋਹਰ, ਰਿਆਸਤ ਪਟਿਆਲਾ ਦਾ ਰਹਿਣ ਵਾਲਾ ਹੈ ਪਰ ਇਸ ਸਮੇਂ ਉਹ ਬਾਬਾ ਬੁੱਧ ਸਿੰਘ ਦੇ ਨਿੱਜੀ ਸੇਵਕ ਦੇ ਤੌਰ ਤੇ ਕੰਮ ਕਰ ਰਿਹਾ ਹੈ ਅਤੇ ਉਹਨਾਂ ਪਾਸ ਹੀ ਰਹਿ ਰਿਹਾ ਹੈ। ਉਹ ਬਾਬਾ (ਗੁਰੂ ਸਾਹਿਬ) ਜੀ ਨਾਲ ਉਹਨਾਂ ਦੇ ਦੌਰਿਆਂ ਤੇ ਜਾਂਦਾ ਹੈ। ਸੰਗਤ ਵਲੋਂ ਉਹਨਾਂ ਨੂੰ ਚੜ੍ਹਨ ਵਾਲੀ ਭੇਟਾ ਸੰਭਾਲਦਾ ਹੈ ਅਤੇ ਘਰ-ਬਾਰ ਦਾ ਹਿਸਾਬ ਕਿਤਾਬ ਵੀ ਰੱਖਦਾ ਹੈ। ਉਹ ਭੈੜੇ ਸੁਭਾਅ ਵਾਲਾ ਝਗੜਾਲੂ ਵਿਅਕਤੀ ਹੈ।"[1]

ਜਿਸ ਵਿਅਕਤੀ ਨੂੰ ਦਿਨ ਵਿਚ ਅਨੇਕ ਵੇਰ, ਗੁਰੂ ਸਾਹਿਬ ਦੇ ਸਾਥ ਵਿਚ ਜਾਂ ਇਕੱਲਿਆਂ ਵੀ ਭੈਣੀ ਸਾਹਿਬ ਵਿਚ ਤਾਇਨਾਤ ਪੁਲੀਸ ਚੌਕੀ ਦੇ ਸਾਂਹਵਿਉਂ ਡੇਰੇ ਦੇ ਅੰਦਰ ਜਾਂ ਬਾਹਰ ਜਾਣਾ ਪੈਂਦਾ ਹੋਵੇ ਅਤੇ ਹਲਕਾਏ ਕੁੱਤਿਆਂ ਜਿਉਂ ਭੂਤਰੇ, ਬ੍ਰਿਟਿਸ਼ ਪੁਲੀਸ ਦੇ ਕਰਮਚਾਰੀ, ਉਹਨਾਂ ਨੂੰ ਲੰਘਦਿਆਂ ਟੱਪਦਿਆਂ ਨੂੰ, ਵਾਰ ਵਾਰ ਨੱਕ ਮੂੰਹ ਵੱਟਣ ਤਾਂ ਅਜਿਹੀ ਸਥਿਤੀ ਵਿਚ, ਭਾਈ ਦਾਨ ਸਿੰਘ ਹੋਰਾਂ ਨੂੰ ਇਕ ਜਾਂ ਦੋ ਨਹੀਂ ਸਗੋਂ ਦਹਾਕਿਆਂ ਬੱਧੀ ਵਰ੍ਹਿਆਂ ਦਾ ਸਮਾਂ ਕੱਟਣਾ ਪਿਆ ਹੋਵੇ ਤਾਂ ਫਿਰ ਉਹਨਾਂ ਦੀ ਬੋਲ ਬਾਣੀ ਜਾਂ ਵਤੀਰਾ ਕਿਤਨਾ

ਕੁ ਕੋਮਲ ਰਹਿ ਸੱਕਦਾ ਹੈ। ਜਿਹਨੂੰ ਉਹ ਭੈੜੇ ਸੁਭਾਅ ਵਾਲਾ ਲਿਖ ਰਹੇ ਹਨ। ਇਸ ਦਾ ਮਤਲਬ ਹੈ ਕਿ ਭਾਈ ਦਾਨ ਸਿੰਘ ਸਰਕਾਰ ਦੀ ਅੱਖ ਦੀ ਕਿਰਕਿਰੀ ਬਣ ਚੁੱਕਾ ਸੀ।

ਸਾਡੇ ਇਤਿਹਾਸ ਵਿਚ ਭਾਈ ਦਾਨ ਸਿੰਘ ਹੋਰਾਂ ਦਾ ਪਹਿਲੀ ਵੇਰ ਜ਼ਿਕਰ, ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਵਨ ਸਾਕੇ ਸਮੇਂ ਹੀ ਮਿਲਦਾ ਹੈ। ਉਂਞ ਵੀ ਸਰਕਾਰੀ ਰੀਕਾਰਡ ਮੁਤਾਬਿਕ ਉਹਨਾਂ ਦਾ ਜਨਮ ੧੮੪੫ ਈ. ਦੇ ਆਸ ਪਾਸ ਦਾ ਹੈ। ਤਾਂ ਉਹ ਜੇ ੨੦-੨੫ ਸਾਲ ਦੀ ਉਮਰ ਵਿਚ ਕੂਕੇ ਬਣ ਗਏ ਹੋਣ ਤਾਂ ਪਰਦੇਸ ਗਵਨ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਸਤਿਗੁਰੂ ਜੀ ਪਾਸ, ਡੇਰੇ ਵਿਚ ਆ ਕੇ ਰਹਿਣ ਲੱਗੇ ਹੋਣ। ਜਿਸ ਕਾਰਨ ਉਹਨਾਂ ਨਾਲ ਸਬੰਧਿਤ ਵੇਰਵਾ, ਸਾਡੇ ਪਹਿਲੇ ਇਤਿਹਾਸਕਾਰ, ਪਰਦੇਸ ਜਾਣ ਵਾਲੇ ਸਾਕੇ ਵਿਚ ਹੀ ਲਿਖਦੇ ਹਨ। "ਸਭ ਸਿੰਘ ਖੜੇ ਕਰ ਦਿੱਤੇ ਪ੍ਰਰਾਸ ਕੀ ਗੁਠ ਕੋਲ ਕੇ ਅੱਗੇ ਨਾ ਕੋਈ ਆਓ।... ਦਾਨ ਸਿੰਘ ਨਾਲ ਗਿਆ ਠਡੇ ਤੋੜੀ। ਸਤਿਗੁਰੂ ਜੀ ਬਚਨ ਕੀਤਾ ਡਰਨਾ ਨਹੀਂ ਅਸੀਂ ਛੇਤੀ ਆਵਾਂਗੇ। ਗੁਪਾਲ ਸਿੰਘ ਨੂੰ ਕਹਿਣਾ ਸੌਵੇ ਨਾ ਕੋਈ, ਪਾਠ ਕਰੋ। ਜੇ ਜਪੁ ਸਾਹਿਬ ਨਾ ਕੰਠ ਹੋਵੇ ਸੋ ਮਾਲਾ ਫੇਰੇ, ਸੌਵੇ ਕੋਈ ਨਾ ਰਾਤ ਨੂੰ। ਜਦ ਗੱਡਾ ਸੜਕ ਪਰ ਗਿਆ ਤਾਂ ਦੋ ਅਸਵਾਰ ਪਿੱਛੇ ਫਰਕ ਨਾਲ ਤੁਰੇ।"[2] ਸੋ ਜਿੱਥੇ ਬਾਕੀ ਸੰਗਤ ਨੂੰ ਸਤਿਗੁਰੂ ਜੀ ਨੇ ਆਪਣੇ ਡੇਰੇ ਦੇ ਨੇੜਿਉਂ ਹੀ ਅੱਗੇ ਨਹੀਂ ਆਉਣ ਦਿੱਤਾ ਉੱਥੇ ਭੈਣੀ ਸਾਹਿਬ ਦੀ ਜੂਹ ਤੱਕ, ਪਰਦੇਸੀ ਪ੍ਰੀਤਮ ਨੂੰ ਲੈ ਜਾ ਰਹੇ ਗੱਡੇ ਦੇ ਨਾਲ ਨਾਲ ਚੱਲਣ ਦਾ ਸੁਭਾਗ, ਭਾਈ ਦਾਨ ਸਿੰਘ ਹੋਰਾਂ ਨੂੰ ਹੀ ਹਾਸਲ ਹੋਇਆ ਸੀ। ਸੋ ਜੇ ਉਹ ੧੮੭੦ ਈ. ਦੇ ਲਾਗੇ ਚਾਗੇ ਡੇਰਾ ਭੈਣੀ ਸਾਹਿਬ ਵਿਚ ਆਉਂਦੇ ਹਨ ਤਾਂ ਉਹਨਾਂ ਦਾ ਪੂਰਾ ਤਿੰਨ ਦਹਾਕਿਆਂ ਦਾ ਸਮਾਂ, ਕੂਕਾ ਸੰਗਰਾਮੀਆਂ ਦੀ ਕਰਮ ਭੂਮੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਬਤੀਤ ਹੁੰਦਾ ਹੈ। ਉਹ ਲੰਮਾਂ ਸਮਾਂ ਡੇਰੇ ਦੀ ਸੇਵਾ ਵਿਚ ਰਹੇ, ਇਸ ਦਾ ਸਬੂਤ ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾ ਦੇ ਉਸ ਕਥਨ ਤੋਂ ਵੀ ਮਿਲਦਾ ਹੈ ਜਦੋਂ ਇਕ ਵੇਰ ਕਿਸੇ ਗੱਲੋਂ ਗੁੱਸੇ ਰਾਜੀ ਹੋ ਕੇ ਭਾਈ ਦਾਨ ਸਿੰਘ, ਆਪਣੇ ਪਿੰਡ ਚਲੇ ਜਾਂਦੇ ਹਨ ਤਾਂ ਫਿਰ ਉਹਨਾਂ ਬਾਰੇ ਡੇਰੇ ਵਿਚ ਹੋਣ ਵਾਲੇ ਵਿਚਾਰ ਵਟਾਂਦਰੇ ਸਮੇਂ, ਬੀਬੀ ਨੰਦਾ ਦੀ ਨਾ ਸਿਰਫ ਰਾਇ ਲਈ ਜਾਂਦੀ ਹੈ ਸਗੋਂ ਗੁਰੂ ਹਰੀ ਸਿੰਘ ਜੀ ਵੱਲੋਂ ਬੀਬੀ ਦੇ ਸਤਿਕਾਰ ਅਤੇ ਦਾਨ ਸਿੰਘ ਹੋਰਾਂ ਦੀ ਸੇਵਾ ਵਜੋਂ, ਉਹਨਾਂ ਨੂੰ ਮੁੜ ਆਦਰ ਮਾਣ ਨਾਲ ਡੇਰੇ ਵਿਚ ਲਿਆਂਦਾ ਜਾਂਦਾ ਹੈ।

"ਸਿੰਘਾਂ ਨੇ ਅਰਜ ਕੀਤੀ ਕਿ ਦਾਨ ਸਿੰਘ ਕੋ ਲੈ ਆਵੀਏ। ਗੁਰੂ ਜੀ ਬਚਨ ਕੀਤਾ ਅਕਾਓ ਨਾ ਸਾਨੂੰ ਬਹੁਤਾ। ਬੀਬੀ (ਨੰਦਾਂ) ਕੀ ਰਾਇ ਲੈ ਲਵੋ। ਜਾਇਕੇ ਪੁੱਛਿਆ ਤਾਂ ਬੀਬੀ ਨੇ ਕਹਿਆ-ਸਾਰੀ ਉਮਰ ਉਸਨੇ ਏਥੇ ਕੱਟੀ ਹੈ, ਹੁਣ ਕਿੱਥੇ ਜਾਏ? ਮੰਗਵਾਇਆ ਚਾਹੀਏ। ਬੀਬੀ ਕੇ ਕਹੇ ਤੇ ਲੈ ਆਏ।"[3]

ਦਾਨ ਸਿੰਘ ਹੋਰਾਂ ਦੇ ਰੁੱਸ ਕੇ ਜਾਣ ਦੀ ਵਾਰਤਾ ੧੯੦੧ ਈ. ਦੀ ਹੈ ਅਤੇ ਉਹਨਾਂ ਦਾ ਅਕਾਲ ਚਲਾਣਾ ਡੇਰੇ ਵਿਚ ਦੋਬਾਰਾ ਆਉਣ ਤੋਂ ਦੋ ਕੁ ਸਾਲ ਬਾਅਦ ਵਿਚ ੧੯੦੩ ਈ. ਵਿਚ ਹੁੰਦਾ ਹੈ। ਸੋ ਆਪ ਦੀ ਕੁੱਲ ਆਰਜਾ ਸੱਠ ਸਾਲ ਤੋਂ ਵਧੇਰੇ ਮਾਲੂਮ ਨਹੀਂ ਹੁੰਦੀ।

ਭੈਣੀ ਸਾਹਿਬ ਡੇਰੇ ਵਿਚ, ਸਢੌਰਾ (ਤਹਿਕਾ ਜ਼ਿਲ੍ਹਾ ਅੰਬਾਲਾ) ਦਾ, ਭਾਈ ਠਾਕਰ ਸਿੰਘ ਛੀਂਬਾ ਵੀ ਰਹਿੰਦਾ ਸੀ। ਇਹ ਡੇਰੇ ਵਿਚ ਬਸਤਰ ਸਿਊਣ ਦਾ ਕੰਮ ਵੀ ਕਰਦਾ ਸੀ ਅਤੇ ਇਕ ਹੁਕਮਨਾਮੇ ਵਿਚ ਸਤਿਗੁਰੂ ਰਾਮ ਸਿੰਘ ਇਸ ਬਾਰੇ ਪੁੱਛਦੇ ਹਨ ਕਿ ਕੀ ਠਾਕਰ ਸਿੰਘ ਦਰਜ਼ੀ ਦਾ ਕੰਮ ਕਰਦਾ ਹੈ ਜਾਂ ਕੋਈ ਹੋਰ ਕੰਮ। ਜੁਲਾਈ ੧੮੭੯ ਵਿਚ ਭਾਈ ਨਰਾਇਣ ਸਿੰਘ ਰੋਡਿਆਂ ਵਾਲੇ ਤੋਂ ਥੋਕ ਵਿਚ ਫੜੇ ਹੁਕਮਨਾਮਿਆਂ ਦਾ ਅੰਗਰੇਜ਼ੀ ਅਨੁਵਾਦ ਕੁਝ ਟਿੱਪਣੀਆਂ ਸਮੇਤ ਜਦੋਂ ਲੁਧਿਆਣਾ ਦਾ ਪੁਲੀਸ ਕਪਤਾਨ ਜੇ. ਪੀ. ਵਾਰਬਰਟਨ, ਆਪਣੇ ਉਚ ਅਧਿਕਾਰੀਆਂ ਨੂੰ ਭੇਜਦਾ ਹੈ ਤਾਂ ਉਹ ਠਾਕਰ ਸਿੰਘ ਵਾਲੇ ਹੁਕਮਨਾਮੇ ਨੰਬਰ ੧੧ ਵਿਚ ਆਪਣੀ ਟਿੱਪਣੀ ਵਿਚ ਲਿਖਦਾ ਹੈ-ਉਹ (ਠਾਕਰ ਸਿੰਘ) ਬਚਪਨ ਤੋਂ ਹੀ ਡੇਰੇ ਨਾਲ ਜੁੜਿਆ ਹੈ। ਉਹ ਬਾਬਾ ਬੁੱਧ ਸਿੰਘ ਅਤੇ ਦਾਨ ਸਿੰਘ ਦੀ ਤਾਬਿਆ ਵਿਚ ਰਹਿੰਦਾ ਹੈ। (ਦਾਨ ਸਿੰਘ ਜੋ) ਡੇਰੇ ਦਾ ਕੁੰਜੀ ਬਰਦਾਰ ਹੈ ਅਤੇ ਜਿਸ ਪਾਸ ਹਿਸਾਬ ਕਿਤਾਬ ਵੀ ਹੁੰਦਾ ਹੈ।"[4]

ਸੋ ੧੮੭੯ ਈ. ਤੱਕ ਭਾਈ ਦਾਨ ਸਿੰਘ ਸਰਕਾਰੀ ਰੀਕਾਰਡ ਮੁਤਾਬਿਕ, ਡੇਰੇ ਵਿਚ ਮੁੱਖ ਭੂਮਿਕਾ ਨਿਭਾਹੁਣ ਵਾਲੇ ਚੁਨਿੰਦਾ ਸੱਜਣਾਂ ਵਿਚ ਸ਼ਾਮਲ ਹੋ ਚੁੱਕਾ ਸੀ। ਇਸਦਾ ਦੂਜਾ ਵੇਰਵਾ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿਚ ਅਤੇ ਤੀਜਾ ਜ਼ਿਕਰ ਲਾਟੋਂ ਦੀ ਢੱਕੀ ਵਿਚ ਹੋਈ ਸ਼ੱਕੀ ਕੂਕਿਆਂ ਦੀ ਉਸ ਮੀਟਿੰਗ ਵਿਚ ਮਿਲਦਾ ਹੈ, ਜਿਸਦਾ ਜ਼ਿਕਰ ਭਾਈ ਰਾਗਾ ਸਿੰਘ ਵਾਲੇ ਲੇਖ ਵਿਚ ਪਹਿਲਾਂ ਆ ਚੁੱਕਾ ਹੈ। ਜੇ. ਪੀ. ਵਾਰਬਰਟਨ ਦੀ ੨੦ ਮਾਰਚ, ੧੮੮੧ ਨੂੰ ਸਾਂਹਨੇਵਾਲ ਥਾਣੇ ਵਿਚੋਂ ਭੇਜੀ ਰੀਪੋਰਟ ਦਾ ਅਰੰਭ, ਇਹਨਾਂ ਸ਼ਬਦਾਂ ਨਾਲ ਹੁੰਦਾ ਹੈ "ਇਸੇ ਮਹੀਨੇ ਦੀ ੧੭ ਤਾਰੀਖ ਨੂੰ ਸੁੱਖੂ ਲੰਬੜਦਾਰ ਵਾਸੀ ਭੈਣੀ (ਸਾਹਿਬ) ਨੇ ਮੈਨੂੰ ਇਤਲਾਹ ਦਿੱਤੀ ਕਿ ੧੫੦ ਅਜਨਬੀ ਕੂਕੇ ਭੈਣੀ ਸਾਹਿਬ ਦੇ ਲਾਗਲੇ ਪਿੰਡ ਲਾਟੋਂ ਦੇ ਢੱਕ ਜੰਗਲ (ਢੱਕੀ) ਵਿਚ ਇਕੱਠੇ ਹੋਏ ਹਨ। ਹੋਰਨਾਂ ਖੁਫੀਆ ਵਿਭਾਗ ਦੇ ਆਦਮੀਆਂ ਨੇ ਵੀ ਇਸਦੀ ਪੁਸ਼ਟੀ ਕੀਤੀ। ਇਕ ਹੋਰ ਕੂਕਾ (ਸੂਹੀਏ) ਨੇ, ਜਿਸਦੀ ਸੂਚਨਾ ਤੇ ਸ਼ੱਕ ਨਹੀਂ ਕੀਤਾ ਜਾ


NamdhariElibrary NamdhariElibrary@gmail.com

ਸੱਕਦਾ, ਮੈਨੂੰ ਦੱਸਿਆ ਕਿ ਦਾਨ ਸਿੰਘ, ਗੁਰਦਿੱਤ ਸਿੰਘ, ਠਾਕੁਰ ਸਿੰਘ, ਜੈਮਲ ਸਿੰਘ ਅਤੇ ਦਰਬਾਰਾ ਸਿੰਘ ਜੋ ਸਾਰੇ ਭੈਣੀ ਸਾਹਿਬ ਵਿਚ ਰਹਿੰਦੇ ਅਤੇ ਰਾਈਆ ਪਿੰਡ ਦਾ ਮੰਗਲ ਸਿੰਘ ਕਿਸੇ ਸ਼ਰਾਰਤ ਦੀ ਯੋਜਨਾ ਬਣਾ ਰਹੇ ਹਨ। ਇਸੇ ਅਧਾਰ ਤੇ ੧੯ ਮਾਰਚ ਨੂੰ ਸਵੇਰੇ ਮੇਰੇ ਦੁਆਰਾ ਇੰਸਪੈਕਟਰ ਸਰਫਰਾਜ਼ ਖ਼ਾਨ ਨੇ, ਉੱਥੇ ਭੇਜੇ ਜਾਣ ਤੇ, ੩੯ ਕੂਕੇ ਗ੍ਰਿਫਤਾਰ ਕੀਤੇ ਸਨ। ਮਾਈ ਅਤਰੀ ਮਾਈਸਰ ਖਾਨੇ ਵਾਲੇ ਦੀ, ਭੇਤ ਭਰੇ ਢੰਗ ਨਾਲ ਗਰਿਫਤਾਰੀ, ਇੱਥੇ ਹੀ ਹੋਈ। ਬਹੁਤ ਸਾਰੇ ਅਤੀ ਵਿਸ਼ਿਸ਼ਟ ਕੂਕਾ ਆਗੂਆਂ ਦੁਆਰਾ ਸੱਦੀ ਗਈ ਮੀਟਿੰਗ ਵਿਚ, ਮਾਈ ਅਤਰੀ ਦੀ ਹਾਜ਼ਰੀ ਬਾਰੇ ਵਾਰਬਰਟਨ ਲਿਖਦਾ ਹੈ- "ਮੁਸੰਮਤ ਅਤਰੀ, ਜਿਹੜੀ ਹੋਰਨਾਂ ਕੂਕਿਆਂ ਨਾਲ ਇੱਥੇ ਹਾਜ਼ਰ ਸੀ, ਨਾਮਧਾਰੀ ਸੰਪਰਦਾਇ ਤੇ ਬੇਹੱਦ ਪ੍ਰਭਾਵ ਰੱਖਦੀ ਹੈ।" ਅੱਗੇ ਚੱਲ ਕੇ ਵਾਰਬਰਟਨ ਇਹ ਵੀ ਜੋੜਦਾ ਹੈ ਕਿ (ਗੁਰੂ) ਰਾਮ ਸਿੰਘ ਦਾ ਪੱਤਰ ਲੈ ਕੇ ਇਕ ਕੂਕਾ ਦੂਤ ਇਸ ਸਮੇਂ ਪਿੰਡੋ ਪਿੰਡ ਘੁੰਮ ਰਿਹਾ ਹੈ ਕਿ ਸਾਰੇ ਕੂਕੇ ਭੈਣੀ (ਸਾਹਿਬ) ਪੁੱਜਣ ਕਿਉਂਕਿ ਜਿਸ ਸਮੇਂ ਦੀ ਗੁਰੂ ਰਾਮ ਸਿੰਘ ਦੁਆਰਾ ਭਵਿੱਖਬਾਣੀ ਕੀਤੀ ਗਈ ਸੀ ਉਹ ਪੁੱਜ ਚੁੱਕਾ ਹੈ। ਇਸੇ ਸਬੰਧ ਵਿਚ ਢੱਕੀ ਵਾਲੀ ਮੀਟਿੰਗ ਨੂੰ ਵੇਖਿਆ ਗਿਆ ਜਿਸਦੇ ਪ੍ਰੇਰਨਾ ਸਰੋਤਾਂ ਵਿਚ ਨਿਸਸੰਦੇਹ ਭਾਈ ਦਾਨ ਸਿੰਘ ਦਾ ਪ੍ਰਮੁੱਖ ਨਾਮ ਆਉਂਦਾ ਹੈ। ਇਸ ਸਭ ਕਾਸੇ ਦੇ ਨਤੀਜੇ ਵਜੋਂ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਤੇ ਹੋਰ ਸਖਤ ਪਹਿਰੇ ਕਰ ਦਿੱਤੇ। ਪੰਜਾਬ ਦੇ ਕੂਕਿਆਂ ਨਾਲ ਉਹਨਾਂ ਦਾ ਸੰਪਰਕ ਤੋੜਨ ਲਈ।[5]

ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਬਾਅਦ ਵੀ ਗੁਰੂ ਹਰੀ ਸਿੰਘ ਦੀ ਅਗੁਆਈ ਵਿਚ ਡੇਰਾ ਭੈਣੀ ਸਾਹਿਬ ਵਿਚ ਰਹਿਣ ਵਾਲੇ ਭਾਈ ਦਾਨ ਸਿੰਘ ਜਿਹੇ ਸਾਬਤ ਕਦਮ ਕੂਕਾ ਆਗੂਆਂ ਨੇ, ਹਾਰ ਤਾਂ ਕੀ ਮੰਨਣੀ ਸੀ, ਸਗੋਂ ਸਖਤੀਆਂ ਦੇ ਇਸ ਦੌਰ ਵਿਚ ਵੀ, ਜਦੋਂ ਪ੍ਰਗਟ ਤੌਰ ਤੇ ਕੰਮ ਕਰਨਾ ਔਖਾ ਸੀ, ਗੁਪਤ ਰੂਪ ਵਿਚ ਆਪਣੇ ਢੰਗ ਤਰੀਕੇ ਵਿਕਸਿਤ ਕਰਕੇ, ਸਮੁੱਚੇ ਪੰਜਾਬ ਵਿਚ ਫੈਲੀ ਲਹਿਰ ਨੂੰ, ਇਸਦੇ ਕੇਂਦਰ ਨਾਲ ਜੋੜੀ ਰੱਖਣ ਲਈ ਅਮੁੱਲਾ ਯੋਗਦਾਨ ਪਾਇਆ। ਆਪ ਨੇ ਗੁਰੂ ਹਰੀ ਸਿੰਘ ਜੀ ਦੇ ਨਿੱਜੀ ਅਤੇ ਧਾਰਮਿਕ ਜੀਵਨ ਦੀਆਂ ਸਾਰੀਆਂ ਸੁਖ ਸੁਵਿਧਾਵਾਂ ਦਾ ਖਿਆਲ ਰੱਖਦਿਆਂ ਉਹਨਾਂ ਦੇ ਹੁਕਮ ਅਨੁਸਾਰ, ਜਿੱਥੇ ਵੀ ਉਹ ਆਪ ਨੂੰ ਭੇਜਦੇ ਨਤੀਜੇ ਤੋਂ ਬੇਪਰਵਾਹ ਹੋ ਕੇ ਉੱਥੇ ਪੁੱਜਦੇ ਅਤੇ ਸੰਗਤ ਨੂੰ ਹੱਲਾਸ਼ੇਰੀ ਵੀ ਦੇਈ ਰੱਖਦੇ। ਸੰਨ ੧੮੭੫ ਈ. ਦੇ ਜਨਵਰੀ ਮਹੀਨੇ ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਰੰਗੂਨ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਪਰਸ ਕੇ, ਸਾਰੀ ਸੰਗਤ ਦੇ ਨਾਮ ਗੁਰੂ ਹਰੀ ਸਿੰਘ ਜੀ ਨੂੰ ਆਪਣੀ ਥਾਂ ਤੇ, ਸਿਰ ਕਰਤਾ ਜਾਨਣ ਵਾਲਾ ਹੁਕਮਨਾਮਾ ਲੈ ਕੇ ਆਇਆ ਸੀ। ਬਾਬਾ ਜੀ ਇਸੇ ਸਾਲ ਦੇ ਆਰੰਭ ਵਿਚ ਹੀ ਸ੍ਰੀ ਭੈਣੀ ਸਾਹਿਬ ਡੇਰੇ ਵਿਚ ਆ ਗਏ ਸਨ। ਇਸੇ ਸਮੇਂ ਹੀ ਡੇਰੇ ਦੀ ਪਰਬੰਧ ਵਿਵਸਥਾ ਅਤੇ ਨਾਮਧਾਰੀ ਪੰਥ ਦੀਆਂ ਹੋਰ ਗਤੀਵਿਧੀਆਂ ਸੰਚਾਲਿਤ ਕਰਨ ਦਾ ਅਧਿਕਾਰ, ਗੁਰੂ ਹਰੀ ਸਿੰਘ ਜੀ ਨੇ ਭਾਈ ਦਾਨ ਸਿੰਘ ਨੂੰ ਦਿੱਤਾ ਸੀ। "ਸਰਕਾਰੇ ਜੇ ਜਾਣਾ ਹੋਵੇ ਤਾਂ ਬਾਬੇ ਦਰਬਾਰਾ ਸਿੰਘ ਨੇ ਜਾਣਾ। ਮੁਖਤਿਆਰ ਕੀਤਾ ਹੋਇਆ ਸੀ ਤੇ ਦਾਨ ਸਿੰਘ ਭੀ ਕਾਰ ਮੁਖਤਿਆਰ ਕੀਤਾ।"[6]

ਭਾਈ ਦਾਨ ਸਿੰਘ ਗਊ ਗਰੀਬ ਦੀ ਰੱਖਿਆ ਲਈ ਹਮੇਸ਼ਾਂ ਤਤਪਰ ਰਹਿੰਦਾ ਸੀ। ਗੁਰਦੁਆਰੇ ਦੇ ਇਕ ਸਾਹਨ ਦੇ ਘੇਰ ਲਏ ਜਾਣ ਤੇ ਉਹ ਪੁਲਿਸ ਪ੍ਰਸ਼ਾਸਨ ਦੀ ਸਖਤੀ ਨੂੰ ਠੁੱਠ ਵਖਾਉਂਦਿਆਂ ਉਸਦੀ ਰਿਹਾਈ ਲਈ ਤੁਰੰਤ ਯਤਨਸ਼ੀਲ ਹੋਏ। ਗਊ ਦੇ ਜਾਏ ਦੀ ਰਿਹਾਈ ਕੂਕੇ ਸਿੰਘਾਂ ਦੀ ਚੜ੍ਹਾਈ ਦੀ ਖਬਰ ਨੇ ਹੀ ਕਰਾ ਦਿੱਤੀ। ਪਰ ਫਿਰ ਵੀ ਉਹਨਾਂ ਦੀ ਰੀਪੋਰਟ ਹੋਈ ਅਤੇ ਸਾਹਨੇਵਾਲ ਤੱਕ ਦੀ ਪੁਲੀਸ ਨੂੰ ਭਾਜੜਾਂ ਵੀ ਪੈ ਗਈਆਂ। "ਇਕ ਦਿਨ ਖਬਰ ਆਈ ਕਿ ਬਲੀਏਵਾਲ ਮੈਂ ਤੁਰਕਾ ਨੇ ਅੱਜ ਰਾਤ ਢੱਠਾ ਕਤਲ ਕਰ ਦੇਨਾ ਹੈ। ਇਹ ਢੱਠਾ ਗੁਰਦੁਆਰੇ ਕਾ ਸੀ। ਸੁਣਕੇ ਦਾਨ ਸਿੰਘ ਤੇ ਹੋਰ ਖਾਲਸਾ ਚੜ੍ਹਿਆ ਗਊ ਕੀ ਰੱਛਿਆ ਵਾਸਤੇ। ਅੱਗੇ ਅਸਵਾਰ ਪਿਛੇ ਪੈਦਲ ਧਾਵਾ ਕਰੀ ਜਾਂਦੇ ਹੈ ਜਾਂ ਕੁੰਮ ਕੇ ਆਗੇ ਗਏ ਤਾਂ ਓਹੀ ਸਾਹਨ ਚਲਿਆ ਆਉਂਦਾ ਹੈ। ਤੁਰਕਾਂ ਨੇ ਖਾਲਸੇ ਕਾ ਆਉਣ ਸੁਨਕੇ ਛੱਡ ਦੀਆ। ਦਾਨ ਸਿੰਘ ਨੇ ਕਿਹਾ ਜਿਸ ਵਾਸਤੇ ਚਲੇ ਹੈ-ਸੋ ਤਾਂ ਏਹ ਤੁਰਿਆ ਆਉਂਦਾ ਹੈ, ਪਿੰਡ ਮੇਂ ਕਿਉਂ ਜਾਣਾ ਹੈ। ਖਾਲਸਾ ਮੁੜ ਆਇਆ। ਉਸ ਵਖਤ ਥਾਣੇ ਹੌਲਦਾਰ ਕਾ ਕਾਲਜਾ ਧੜਕੇ ਕਿਧਰੇ ਖਾਲਸਾ ਪਿੰਡ ਨਾ ਕਤਲ ਕਰ ਦੇਵੇ। ਬੜੇ ਗੁੱਸੇ ਨਾਲ ਗਏ ਹੈ। ਹੌਲਦਾਰ ਨੇ ਥਾਨੇ ਲਿਖ ਭੇਜਿਆ। ਥਾਨੇਦਾਰ ਸਾਹਨੇ ਸੇ ਆਇਆ। ਗੁਰੂ ਜੀ ਕੋ ਕੈਹਣੇ ਲਗਾ ਕਿ ਸਿੰਘ ਜਮਾ ਨਾ ਹੋਣ ਦਿਆ ਕਰੋ। ਦਰਸ਼ਨ ਕਰਾਕੇ ਤੋਰ ਦਿਆ ਕਰੋ। ਏਥੇ ਇਕੱਠੇ ਨਾ ਹੋਨ।"[7]

ਗੁਰੂ ਹਰੀ ਸਿੰਘ ਜੀ ਮੱਲ੍ਹੇਆਣਾ ਟੋਬੇ ਤੇ ਭਜਨ ਕਰਨ ਇਕੰਤ ਜਾਇਆ ਕਰਦੇ ਸਨ। ਇਹ ਟੋਬਾ ਡੇਰੇ ਤੋਂ ਅੱਧ ਮੀਲ ਚੜ੍ਹਦੇ ਦੱਖਣ ਵੱਲ ਹੈ। ਇਕ ਦਿਨ ਇਕ ਹੋਰ ਸਿੰਘ ਆਪ ਦੇ ਨਾਲ ਗਿਆ ਸੀ। ਸੋਨੇ ਦੀ ਅੰਗੂਠੀ ਕਿਸੇ ਸਿੰਘ ਨੇ ਭੇਟ ਕੀਤੀ ਸੀ ਅਤੇ ਉਸਦੇ ਪ੍ਰੇਮ ਨੂੰ ਮੁੱਖ ਰੱਖ ਕੇ, ਉਸਦੇ ਇਸਰਾਰ ਕਰਨ ਤੇ, ਆਪਨੇ ਕੁਝ ਕੁ ਦਿਨਾਂ ਲਈ ਪਹਿਰ ਲਈ ਉਂਗਲੀ ਵਿਚ। ਉਹ ਅੰਗੂਠੀ ਬਾਹਰ ਡਿੱਗ ਪਈ। ਦਾਨ ਸਿੰਘ ਨੂੰ ਭੇਜਿਆ ਤਾਂ ਦੋ ਪੈੜਾਂ ਤਾਂ ਉੱਥੇ ਸਨ ਗੁਰੂ ਜੀ ਅਤੇ ਦੂਜੇ ਸਿੰਘ ਦੀਆਂ ਪਰ ਅੰਗੂਠੀ ਨਹੀਂ ਸੀ। ਦਾਨ ਸਿੰਘ ਨਰਾਇਣ


Namdhari Elibrary NamdhariElibrary@gmail.com

ਸਿੰਘ ਉਸ ਸਿੰਘ ਨੂੰ ਸਤਿਗੁਰੂ ਜੀ ਦੇ ਹਜ਼ੂਰ ਲੈ ਆਏ। "ਸਿੰਘ ਸ਼ਰਮਿੰਦਾ ਹੋਵੇ ਕਿ ਮੈਂ ਮੁੰਦਰੀ ਚੁਰਾਈ ਨਹੀਂ ਹੈ ਤੇ ਏਹ ਮੈਨੂੰ ਕੈਂਹਦੇ ਹੈ। ਮੈਂ ਇਨ੍ਹਾਂ ਨੂੰ ਕੀ ਕਹਾਂ ਜਿਨਾਂ ਨੂੰ ਅੰਤਰਜਾਮੀ ਜਾਣਿਆ ਹੈ। ਬਚਨ ਹੋਇਆ ਹੈ ਨਹੀਂ ਚੁਰਾਈ ਜਾਹ ਸੰਸਾ ਨਾ ਕਰ। ਸਿੰਘ ਚਲਾ ਗਿਆ ਖੁਸ਼ੀਆਂ ਲੈ ਕੇ। ਕਈਆਂ ਦਿਨਾਂ ਪਿਛੋਂ ਇਕ ਦਿਨ ਬਾਰਸ਼ ਪਈ ਹੋਈ ਸੀ। ਬਚਨ ਕੀਤਾ ਗੁਰੂ ਜੀ ਐਸ ਬਖਤ ਤਾਂ ਚੁਕ ਲਿਆਵੀਏ ਛਾਪ ਪਈ ਹੈ...। ਗੁਰੂ ਜੀ ਹੱਲੇ ਸੇ ਗਏ। ਮੱਲ੍ਹੇਆਣੇ ਜਿੱਥਿ ਬੈਠੇ ਸੇ ਓਥੇ ਈ ਪਈ ਸੀ। ਲੈ ਕੇ ਮੁੜ ਆਏ। ਦਾਨ ਸਿੰਘ ਕੋ ਦਿਖਾਈ। ਉਸੀ ਸਿੰਘ ਨੂੰ ਸੱਦ ਕੇ ਬਚਨ ਕੀਤਾ ਭਾਈ ਛਾਪ ਥਿਆ ਗਈ ਹੈ। ਸੁਣਕੇ ਨਿਸਚਾ ਹੋਇਆ ਕਿ ਅੰਤਰਜਾਮੀ ਗੁਰੂ ਜੀ ਝਗੜਾ ਨਬੇੜਿਆ ਹੈ। ਸਿੰਘ ਕਾ ਦਿਲ ਠਕਾਣੇ ਹੋਇਆ।"[8]

ਇਹ ਛਾਪ ਗੁਰੂ ਹਰੀ ਸਿੰਘ ਜੀ ਲਈ ਚਿੰਤਾ ਦਾ ਵਿਸ਼ਾ ਇਸ ਲਈ ਬਣੀ ਕਿ ਉਹ ਤੰਗੀਆਂ ਤੁਰਸ਼ੀਆਂ ਵਿਚ, ਛੋਟਾ ਮੋਟਾ ਗਹਿਣਾ ਗੱਟਾ ਵੀ ਵੇਚ ਵੱਟ ਕੇ, ਸਤਿਗੁਰੂ ਜੀ ਦੇ ਸਦਾ ਬਰਤ ਲੰਗਰ ਨੂੰ ਚੱਲਦਾ ਰੱਖਣਾ ਚਾਹੁੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਵੀ ਇਹੋ ਹੁਕਮ ਗੁਰੂ ਹਰੀ ਸਿੰਘ ਨੂੰ ਦਿਆ ਕਰਦੇ ਸਨ ਕਿ ਮੇਰਾ ਸੋਨਾ ਧਨ ਪਦਾਰਥ, ਜੋ ਜੋ ਜਿਸ ਤੋਂ ਲੈਣਾ ਹੈ ਲੈ ਕੇ ਸਾਰਾ ਲੰਗਰ ਵਿਚ ਪਾ ਦਿਉ। ਲੰਗਰ ਨਹੀਂ ਰੁਕਣ ਦੇਣਾ। ਗੁਰੂ ਹਰੀ ਸਿੰਘ ਅਤੇ ਉਹਨਾਂ ਦੇ ਸਮਕਾਲੀ ਸਿੰਘਾਂ ਦੀਆਂ ਭਾਰੀ ਕੁਰਬਾਨੀਆਂ ਸਦਕਾ ਹੀ ਇਹ ਲੰਗਰ ੧੯੫੬ ਬਿਕਰਮੀ ਦੇ ਭਿਆਨਕ ਅਕਾਲ ਸਮੇਂ ਵੀ ਨਹੀਂ ਬੰਦ ਹੋਇਆ ਜਦੋਂ ਸਾਰਾ ਬਾਗੜ ਦੇਸ਼ ਵੀ ਆਪਣੇ ਮਾਲ ਪਸ਼ੂ ਸਮੇਤ, ਭੈਣੀ ਸਾਹਿਬ ਦੇ ਗੁਰੂ ਦਰਬਾਰ ਵਿਚ ਪੁੱਜ ਗਿਆ ਸੀ।

ਅਪ੍ਰੈਲ ੧੮੭੮ ਵਿਚ ਗੁਰੂ ਹਰੀ ਸਿੰਘ ਜੀ, ਸਤਿਗੁਰੂ ਰਾਮ ਸਿੰਘ ਨਮਿਤ ਪਾਠਾਂ ਦੇ ਭੋਗ ਪਾਉਣ, ਉਹਨਾਂ ਦੇ ਹੁਕਮ ਅਨੁਸਾਰ, ਵੈਸਾਖੀ ਪੁਰਬ ਦੇ ਆਸ ਪਾਸ ਦਮਦਮਾ ਸਾਹਿਬ ਗਏ। ਪੰਜ ਅਖੰਡ ਪਾਠਾਂ ਦੇ ਭੋਗ ਪਾਏ। ਦੌਰਾ ਕਰਦੇ ਵਾਪਸ ਜਦੋਂ ਪਿੰਡ ਲੱਖਾ (ਲੁਧਿਆਣਾ) ਵਿਖੇ ਪੁੱਜੇ। "ਇਹ ਚੁਗਲੀ ਕਰਕੇ ਬਟਨ (ਜੇ.ਪੀ. ਵਾਰਬਟਨ) ਨੂੰ ਅਗਨੀ ਲਾਇ ਦਿਤੀ ਮੁਕਬਲਾਂ ਨੇ ਕਿ ਪਾਂਚ ਸੈ ਸਿੰਘ ਇਕੱਠਾ ਹੋਇਆ ਹੋਇਆ ਹੈ।..ਇਹ ਸੁਨਕੇ ਬਟਨ ਤੇ ਜਿਲਾ ਤੇ ਥਾਨੇਦਾਰ ਤਿੰਨੇ ਈ ਆਏ ਜਿੱਥਿ ਗੁਰੂ ਜੀ ਬੈਠੇ ਹੋਏ ਸੀ ਦੀਵਾਨ ਮੇਂ। ਤੀਨ ਵੇਰੀ ਗੁਰੂ ਜੀ ਕਾ ਨਾਮ ਲੈ ਲੈ ਕੇ ਅਵਾਜ਼ਾ ਮਾਰੀਆਂ। ਗੁਰੂ ਜੀ ਸਮਾਧੀ ਮੇਂ ਥੇ ਨਾ ਸੁਨੀਆਂ। ਤਾਂ ਹਰਨਾਮ ਸਿੰਘ ਨੇ ਦਾਨ ਸਿੰਘ ਨੂੰ ਕਹਿਆ ਫਰੰਗੀ ਬੁਲੌਂਦਾ ਹੈ ਗੁਰੂ ਜੀ ਕੋ। ਦਾਨ ਸਿੰਘ ਚਰਨਾਂ ਨੂੰ ਹਾਥ ਸੇ ਹਲਾਇਆ। ਨੇਤਰ ਖੋਹਲਿਆ ਤਾਂ ਦਾਨ ਸਿੰਘ ਆਖਿਆ ਜੀ ਬਟਨ ਵਾਜਾਂ ਮਾਰਦਾ ਹੈ ਧੁਹਾਡਾ ਨਾਉ ਲੈ ਕੇ। ਗੁਰੂ ਜੀ ਉਠੇ। ਜ਼ਿਲ੍ਹੇ ਨੇ ਕਿਹਾ ਬਾਬਾ ਸਾਹਿਬ ਅੱਜ ਭੈਣੀ (ਸਾਹਿਬ) ਮੇਂ ਜਾਇ ਹਾਜ਼ਰ ਹੋਵੋ। ਗੁਰੂ ਜੀ ਭੀ ਅਸਵਾਰ ਹੋਏ। ਕਾਹਨ ਸਿੰਘ ਦੇ ਘਰ ਦਾਖੀਂ ਆਏ। ਮੰਡਿਆਲੀ ਵਾਲੇ ਸਿੰਘ ਨੇ ਸਰਦਾਈ ਕੀਤੀ। ਚੌਲ ਰਿੰਨ੍ਹੇ। ਕਿਸੇ ਛਕੇ ਕਿਸੇ ਨਾ ਛਕੇ, ਥਾਲੀਆਂ ਮੇ ਈ ਪਏ ਰਹੇ।"..

ਇਹੋ ਜਿਹਾ ਸੀ ਉਹ ਸਮਾਂ ਜਦੋਂ ਅੱਵਲ ਤਾਂ ਭੈਣੀ ਸਾਹਿਬ ਤੋਂ ਬਾਹਰ ਨਿਕਲਣ ਦੀ ਛੁੱਟੀ ਨਹੀਂ ਸੀ ਮਿਲਦੀ, ਜੇ ਕਦੇ ਸਬੱਬੀ ਮਿਲ ਗਈ ਤਾਂ ਸਰਕਾਰੀ ਅਧਿਕਾਰੀ ਜਦੋਂ ਚਾਹੁਣ, ਇਹਨੂੰ ਮਨਸੂਖ ਕਰ ਦੇਣ। ਲੰਗਰ ਪਾਣੀ ਵੀ ਪੂਰਾ ਛਕਣਾ ਨਾ ਮਿਲੇ। ਇਹ ਸੀ ਉਹ ਸਲੂਕ ਜੋ ਬਸਤੀਵਾਦੀ ਸਰਕਾਰ ਆਪਣੇ ਵਿਰੋਧੀ ਕੂਕਿਆਂ ਨਾਲ ਅੱਧੀ ਸਦੀ ਤੱਕ ਕਰਦੀ ਰਹੀ।

ਭਾਈ ਦਾਨ ਸਿੰਘ ਨੇ ਬਾਬਾ ਦਰਬਾਰਾ ਸਿੰਘ ਨਾਲ ਮਿਲ ਕੇ, ਕਈ ਦਫਾ ਗੁਰੂ ਹਰੀ ਸਿੰਘ ਜੀ ਦਾ ਹੁਕਮ ਹੋਣ ਤੇ ਕਸਾਈਆਂ ਦੇ ਵੱਸ ਪਈਆਂ, ਗਊਆਂ ਛੁਡਾਈਆਂ ਸਨ। ਇਕ ਬੁੱਚੜ ਬ੍ਰਾਹਮਣ ਦੇ ਭੇਸ ਵਿਚ ਭੈਣੀ ਸਾਹਿਬ ਡੇਰੇ ਤੋਂ ਗਊਆਂ ਖਰੀਦ ਕੇ ਲੈ ਗਿਆ। ਜਦੋਂ ਪਤਾ ਲੱਗਾ ਕਿ ਇਹ ਤਾਂ ਬ੍ਰਾਹਮਣ ਨਹੀਂ ਸਗੋਂ ਗਊਆਂ ਕਸਾਈਆਂ ਲਈ ਸ਼ਿਮਲੇ ਤੱਕ ਪੁਚਾਉਂਦਾ ਹੈ। ਉਪਰ ਵਰਣਿਤ ਦੋਹਾਂ ਸਿੰਘਾਂ ਨੇ ਉਸਨੂੰ ਪਿੱਛਾ ਕਰਕੇ ਘੇਰਿਆ ਅਤੇ ਗਊਆਂ ਦੇ ਪੈਸੇ ਮੋੜ ਕੇ ਵਾਪਸ ਲਿਆਂਦੀਆਂ। ਨਾਲ ਹੀ ਉਸ ਨਕਲੀ ਬ੍ਰਾਹਮਣ ਨੂੰ ਪੁਲੀਸ ਚੌਕੀ ਵਾਲਿਆਂ ਦੇ ਹਵਾਲੇ ਕੀਤਾ। "ਗਾਰਦ ਮੇਂ ਲਿਆਇਕੇ ਦਾਨ ਸਿੰਘ ਨੇ ਕਿਹਾ ਕਿ ਏਨਾਂ ਗਊਆਂ ਵਾਸਤੇ ਸਾਡੇ ਸਿੰਘ ਫਾਂਸੀ ਚੜ੍ਹੇ ਹੈਂ, ਸ੍ਰੀ ਸਤਿਗੁਰੂ ਜੀ ਪ੍ਰਦੇਸ ਗਏ ਹੈਨ। ਜੇਕਰ ਸਾਥੋਂ ਖਰੀਦ ਕੇ ਗਊਆਂ ਕਾ ਬਿਘਨ ਕੀਤਾ ਜਾਏ ਤਾਂ ਸਾਡਾ ਕੀ ਧਰਮ ਰਿਹਾ। ਗਾਰਦ ਕੇ ਸਾਹਮਣੇ ਤੁਰਕ ਸੇ ਅਖਵਾਇ ਲੀਆ ਕਿ ਮੈਨੂੰ ਗਊਆਂ ਕੇ ਰੁਪਏ ਦੇ ਦੀਏ ਹੈਂ। ਤੁਰਕ ਨੇ ਮਸਾਂ ਜਿੰਦ ਛੁਡਾਈ।"[10]

ਭਾਈ ਦਾਨ ਸਿੰਘ ਵੀ ਮਾਤਾ ਜੀਵਣ ਕੌਰ ਜੀ ਵਾਂਗ ਕਾਫੀ ਉਦਾਰ ਸੁਭਾਉ ਦੇ ਸਨ। ਉਹਨਾਂ ਦੇ ਵਕਤ ਵਿਚ "ਥੋਹੜਾ ਟੈਹਲਾ ਕਰਨਾ, ਪ੍ਰਸਾਦੇ ਤੇ ਘਿਓ ਸ਼ੱਕਰ ਖੁੱਲਾ ਮਿਲ ਜਾਣਾ। ਜੈਸੇ ਤੰਗਲੀ ਨਾਲ ਧੜ ਉਡਾਈ ਦੀ ਹੈ ਤਿਸੀ ਤਰਾਂ ਪਦਾਰਥ ਉਡਿਆ।... ਉਨੀ ਸੈ ਬਤਾਲੀਏ ਸੰਮਤ (੧੮੮੬ ਈ.) ਤੱਕ ਬੜੀ ਲੁੱਟ ਰਹੀ।... ਸਾਂਭਣੇ ਵਾਲੇ ਥੋੜੇ ਸੀ ਸੋ ਸਾਂਭਦਾ ਸੀ ਜਿਸਨੂੰ ਅੰਦਰੋਂ ਭੈ ਸੀ ਕਿ ਗੁਰੂ ਅੰਤਰਯਾਮੀ ਕਾ ਘਰ ਹੈ। ਗੁਰੂ ਹਰੀ ਸਿੰਘ ਜੀ ਕਿਸੇ ਨੂੰ ਕੁਝ ਨਾ ਸੇ ਕਹਿੰਦੇ ਚਾਹੇ ਭਲੀ ਕਰੇ ਚਾਹੇ ਬੁਰੀ ਕਰੇ। ਦਾਨ ਸਿੰਘ ਖਜ਼ਾਨਚੀ ਸੀ। ਆਮਦਨੀ ਤੇ ਨਕਾਲ ਦਾ ਕੁਝ ਲੇਖਾ ਨਾ ਸੀ। ਬੇਅੰਤ ਹੀ ਔਂਦਾ ਤੇ


Namdhari Elibrary NamdhariElibrary@gmail.com

ਬੇਅੰਤ ਹੀ ਖਰਚ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਾ ਬਚਨ ਹੈ ਏਹ ਦੇਗ ਗੁਰੂ ਜੀ ਆਪ ਚਲਾਈ ਹੈ। ਕਿਸੇ ਕੀ ਆਮਦਨੀ ਨਾਲ ਨਹੀਂ ਭਰਦੀ ਤੇ ਕਿਸੇ ਦੇ ਮੁਕਾਇਆ ਮੁੱਕਦੀ ਨਹੀਂ।[11]

ਸੰਨ ੧੮੮੮ ਈ. ਵਿਚ ਮਾਈ ਅਤਰੀ ਮਾਈਸਰ ਖਾਨੇ ਵਾਲੀ, ਰਾਮ ਸਿੰਘ ਉਰਫ ਹਰਨਾਮ ਸਿੰਘ, ਮਾਈਸਰ ਖਾਨਾ ਦੀ ਪੁੱਤਰੀ ਅਤੇ ਮਨੀ ਸਿੰਘ, ਜਿਸਦਾ ਸਤਿਗੁਰੂ ਜੀ ਦੇ ਕਈ ਹੁਕਮਨਾਮਿਆਂ ਵਿਚ ਜਿਕਰ ਮਿਲਦਾ ਹੈ, ਦੀ ਭਤੀਜੀ ਵੀ ਡੇਰਾ ਭੈਣੀ ਸਾਹਿਬ ਵਿਚ ਆ ਰਹੀ। ਇਸ ਤੋਂ ਪਹਿਲਾਂ ਸਰਕਾਰ ਨੇ ਉਸਦੇ ਭੈਣੀ ਸਾਹਿਬ ਜਾਣ ਤੇ ਰੋਕ ਲਾਈ ਸੀ। ਉਸਨੂੰ ਪਟਿਆਲਾ ਰਾਜ ਜਿਸਦੀ ਉਹ ਪਰਜਾ ਸੀ ਨੇ ਬਾਗੀ ਪ੍ਰਚਾਰ ਕਾਰਨ ਬਹਾਦਰਗੜ੍ਹ ਕਿਲ੍ਹੇ ਵਿਚ ਨਜ਼ਰਬੰਦ ਵੀ ਰੱਖਿਆ ਸੀ। ਇੱਥੇ ਉਹ ਤਿੰਨ ਵਰ੍ਹੇ ਰਹੀ ਸੀ। ਭਾਈ ਦਾਨ ਸਿੰਘ ਤੋਂ ਡੇਰੇ ਦੇ ਕਾਰ ਵਿਹਾਰ ਦੀ ਮੁਖਤਾਰੀ ਮਾਈ ਅਤਰੀ ਪਾਸ ਆਉਣ ਦਾ ਵਰਣਨ ਵੀ ਸਾਡੇ ਪੁਰਾਤਨ ਇਤਿਹਾਸ ਵਿਚ ਮਿਲਦਾ ਹੈ।

"ਖਾਨੇ ਵਾਲੀ ਕੇ ਦਿਲ ਮੇਂ ਹੋਈ ਕਿ ਜੇ ਮੇਰੇ ਪਾਸ ਕੁੰਜੀਆਂ ਆਇ ਜਾਵਣ ਤਾਂ ਮੈਂ ਬੰਦੋਬਸਤ ਕਰਾਂ ਜੇਹੜਾ ਫਾਲਤੂ ਖਰਚ ਹੈ। ਦਾਨ ਸਿੰਘ ਨੇ ਕੁੰਜੀਆਂ ਸੁੱਟ ਦਿੱਤੀਆਂ ਕਿਸੇ ਬੋਲੇ ਥੀਂ ਖਿਝਕੇ। ਗੁਰੂ ਮਹਾਰਾਜ ਜੀ ਕੁੰਜੀਆਂ ਚੁੱਕ ਕੇ ਖਾਨੇ ਵਾਲੀ ਕੋ ਫੜਾਇ ਦਿੱਤੀਆਂ। ਉਸੀ ਦਿਨ ਸੇ ਫਾਲਤੂ ਖਰਚ ਸਭ ਹਟਾਇ ਦੀਏ, ਮਾਮੂਲੀ ਖਰਚ ਰੱਖਿਆ। ਜਿਸਸੇ ਨਾ ਸਰੇ ਸੋ ਰਖਿਆ ਅਤੇ ਹੋਰ ਸਭ ਬੰਦ ਕੀਤੇ। ਜੇਹੜਾ ਬਚਨ ਮੰਨੇ ਉਸ ਪਰ ਰਾਜੀ ਜੇਹੜਾ ਬਚਨ ਨਾ ਮੰਨੇ ਉਸ ਪਰ ਨਰਾਜ।"[12]

ਮਾਈ ਨੇ ਪਰਬੰਧ ਦੀ ਸਖਤੀ ਵਿਚ ਮਿਥੇ ਵਕਤ ਤੋਂ ਪਹਿਲਾਂ ਕੱਪੜਾ ਪਾਟੇ ਅਤੇ ਜੁੱਤੀ ਟੁੱਟੇ ਤੋਂ ਵੀ ਨਵੀਂ ਨਾ ਲੈ ਕੇ ਦੇਣੀ। ਭਾਈ ਦਾਨ ਸਿੰਘ ਵੀ ਇਸ ਸਖਤੀ ਦੇ ਸ਼ਿਕਾਰ ਹੋ ਗਏ। ਉਹਨਾਂ ਨੇ ਕਈ ਦਿਨ ਨੰਗੇ ਪੈਰੀਂ ਹੀ ਕੱਢ ਦਿੱਤੇ। ਸੰਤ ਤਰਨ ਸਿੰਘ ਵਹਿਮੀ ਹੋਰਾਂ ਨੇ "ਜੱਸ ਜੀਵਨ" ਵਿਚ ਇਹ ਗੱਲ ਲਿਖੀ ਹੈ ਕਿ ਕਿਸੇ ਸਿੰਘ ਨੇ ਜਦੋਂ ਪੁੱਛਿਆ ਕਿ ਭਾਈ ਜੀ ਤੁਸੀਂ ਸਤਿਗੁਰੂ ਜੀ ਦੇ ਵਜ਼ੀਰ ਹੋ ਕੇ ਵੀ ਨੰਗੇ ਪੈਰੀਂ ਕਿਉਂ ਤੁਰੇ ਫਿਰਦੇ ਹੋ। ਉਹਨਾਂ ਦੇ ਉੱਤਰ ਵਿਚ ਮਾਈ ਅਤਰੀ ਪ੍ਰਤੀ ਕੋਈ ਸਾੜਾ ਈਰਖਾ ਜਾਂ ਦੁਰਵਾਕ ਨਹੀਂ ਨਿਕਲਦਾ। ਉਹ ਕਹਿੰਦੇ ਹਨ, "ਭਾਈ ਸੱਜਣਾਂ ਜਿਹੜਾ ਮੋਚੀ ਮੇਰੀ ਜੁੱਤੀ ਬਣਾਉਂਦਾ ਹੈ ਉਹ ਕਿਤੇ ਗਿਆ ਹੋਇਆ ਹੈ। ਜਦੋਂ ਪਰਤ ਆਵੇਗਾ ਉਹ ਮੈਨੂੰ ਜੁੱਤੀ ਪੁਆ ਦਵੇਗਾ।" ਇਹ ਉਹ ਮਰਿਆਦਾ ਅਤੇ ਉੱਚ ਇਖਲਾਕ ਸੀ, ਜਿਸ ਵਿਚ ਭਾਈ ਦਾਨ ਸਿੰਘ ਜਿਹੇ ਗੁਰੂ ਪਿਆਰੇ ਢਲੇ ਹੋਏ ਸਨ।

ਭਾਈ ਦਾਨ ਸਿੰਘ ਦਾ ਗੁਰਦੁਆਰਾ ਭੈਣੀ ਸਾਹਿਬ ਦੇ ਨਿਰਮਾਣ ਵਿਚ ਵੀ ਵੱਖ ਵੱਖ ਸਮਿਆਂ ਤੇ ਯੋਗਦਾਨ ਹੈ। ਬਾਗ ਵਾਲੀ ਕੋਠੀ ਦੀ ਉਸਾਰੀ ਵੀ ਆਪ ਦੇ ਸਮੇਂ ਵਿਚ ਹੋਈ। "੧੯੫੦ (੧੮੯੩ ਈ.) ਮੇਂ ਰਾਮਸਰ ਖੂਹੀ ਲੱਗੀ। ਏਥੇ ਗੁਰੂ ਜੀ ਸੇ ਆਗਿਆ ਲੈ ਕੇ ਟੱਕ ਲਾਇਆ ਸੀ ਦਾਨ ਸਿੰਘਾਂ ਨੇ। ਇਕ ਦਿਨ ਮੇਂ ਪਹੀਏ ਕਾ ਚੱਕ ਸਿੱਟਕੇ ਉਸਾਰੀ ਕਰਾਇਕੇ ਜਲ ਕੱਢ ਕੇ ਸਿੰਘ ਛਕਣ ਲੱਗੇ। ਸੁਖ ਹੋਇਆ। ਪੈਹਲੇ ਜਲ ਦੂਰੋਂ ਲਿਆਇਕੇ ਛਕਦੇ ਸੇ। ਖੂਹੀ ਉਤਾਰੀ ਬਿੰਗੀ ਹੋਇ ਗਈ। ਗੁਰੂ ਮਹਾਰਾਜ ਜੀ ਪਾਸ ਅਰਜ਼ ਕੀਤੀ। ਬਚਨ ਹੋਇਆ ਵੱਡੇ ਸਾਹਿਬਜ਼ਾਦੇ ਕੋ ਲੈ ਜਾਓ। ਪਰਤਾਪ ਸਿੰਘ ਜੀ ਮੋਣ ਪਰ ਖੜੇ ਹੋਇਕੇ ਬਚਨ ਕੀਤਾ ਖੂਹੀ ਤਾਂ ਸਿੱਧੀ ਹੈ। ਤਾਂ ਸਿਧੀ ਹੋਇ ਗਈ ਖੂਹੀ। ਅੰਬ ਲਗਾਏ ਹੋਰ ਕਈ ਬੂਟੇ ਲਗਾਏ।[13] ੧੮੯੩ ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਸਿਆਲਕੋਟ ਜ਼ਿਲ੍ਹੇ ਦੇ ਦੌਰੇ ਸਮੇਂ ਵੀ ਭਾਈ ਦਾਨ ਸਿੰਘ ਹਾਜ਼ਰ ਸਨ। ਇਹ ਦੌਰਾ ਵੀ ਜੇ. ਪੀ. ਵਾਰਬਰਟਨ, ਜੋ ਹੁਣ ਸਿਆਲਕੋਟ ਦਾ ਪੁਲੀਸ ਕਪਤਾਨ ਸੀ, ਉਸਨੇ ਸਤਿਗੁਰੂ ਜੀ ਨੂੰ ਬਹਾਨੇ ਨਾਲ ਨਾ ਕਰਨ ਦਿੱਤਾ।[14]

ਇਸ ਸਮੇਂ ਪਿੰਡ ਭੈਣੀ ਸਾਹਿਬ ਦੇ ਆਮ ਕਿਸਾਨਾਂ ਦਾ, ਕੁਝ ਨਾ ਨੂੰ ਛੱਡ ਕੇ ਸਰਕਾਰੀ ਸ਼ਹਿ ਕਾਰਨ ਡੇਰੇ ਪ੍ਰਤੀ ਮਾੜਾ ਵਤੀਰਾ ਸੀ। ਅਜਿਹੇ ਸਮੇਂ ਭਾਈ ਦਾਨ ਸਿੰਘ ਵੀ ਆਪਣਾ ਜਟਕਾ ਸੁਭਾਉ, ਵਰਤ ਲੈਂਦਾ ਸੀ ਭਾਵੇਂ ਗੁਰੂ ਹਰੀ ਸਿੰਘ ਹਮੇਸ਼ਾਂ ਸ਼ਾਂਤਮਈ ਦੀ ਸਿੱਖਿਆ ਦਿੰਦੇ ਸਨ। "ਰਾਮ ਸਰ ਕੀ ਹੱਦ ਮੇਂ ਹਰਨਾਮ ਸਿੰਘ ਕੇ ਪੁੱਤ ਨੇ ਹਲ ਫੇਰਿਆ। ਕੈਹਣੇ ਲਗਾ ਕਿ ਸਾਡੀ ਹੱਦ ਮੇਂ ਸਰਕੜਾ ਲਾਇਆ ਹੈ। ਦਾਨ ਸਿੰਘ ਨੇ ਗਾਲਾਂ ਕੱਢੀਆਂ ਤੇ ਕਿਹਾ ਮੈਂ ਏਨਾ ਕੇ ਹਲ ਛੁਡਾਵਾਂਗਾ। ਗੁਰੂ ਮਹਾਰਾਜ ਜੀ ਕਿਹਾ ਕਿ ਦੰਗਾ ਕਿਓਂ ਕਰਨਾ ਹੈ, ਅਰਜ਼ੀ ਪਾਇ ਦਿਓ। ਗਲੇ ਨਾ ਪਵੋ।"[15] ਕਈ ਵੇਰ ਅਜੇਹੇ ਸਮੇਂ ਤੇ ਭਾਈ ਦਾਨ ਸਿੰਘ ਦੇ ਕਰੋਧ ਭਰੇ ਬਚਨ ਸੁਣ ਕੇ ਵੀ ਗੁਰੂ ਹਰੀ ਸਿੰਘ ਫੁਰਮਾਉਂਦੇ ਸਨ, "ਅਸੀਂ ਤਾਂ ਦਾਨ ਸਿੰਘ ਨੂੰ ਸਭ ਥੀਂ ਚੰਗਾ ਰੱਖਿਆ ਹੈ।"[16]

ਸੰਨ ੧੯੦੧ ਈ. ਵਿਚ ਦਸ ਦਿਨ ਦੌਰੇ ਦੀ ਛੁੱਟੀ ਸਮੇਂ ਇਕ ਦਿਨ ਗੁਰੂ ਹਰੀ ਸਿੰਘ ਜੀ ਦੇਹ ਕਰਕੇ ਢਿੱਲੇ ਹੋ ਗਏ। ਭਾਈ ਦਾਨ ਸਿੰਘ ਅਤੇ ਭਾਈ ਰਾਗਾ ਸਿੰਘ ਜੋ ਇਸ ਸਮੇਂ ਸਦਾ ਸੇਵਾ ਵਿਚ ਤਤਪਰ ਰਹਿੰਦੇ ਸਨ ਸਾਰੀ ਰਾਤ ਜਾਗਦੇ ਰਹੇ।[17] ਗੁਰੂ ਜੀ ਨਾਲ ਇਕ ਦੌਰੇ ਸਮੇਂ, ਦਸ ਦਿਨ ਦੀ ਛੁੱਟੀ ਉਟਾਲਾਂ ਦੇ ਰਿਖੀ ਸਿੰਘ ਦਾ ਅਨੰਦ ਪੜ੍ਹਾਉਣ ਲਈ ਮਿਲੀ। "ਅਗਲੇ ਦਿਨ ਦਿਆਲਪੁਰੇ ਫੇਰ ਖੰਨੇ ਗਏ। ਥਾਨੇ ਸੇ ਸਿਪਾਹੀ ਆਇਆ। ਕਹਿਣੇ ਲਗਾ ਕਿ ਆਪ ਕੋ ਦੋਨੋ ਪੜਾਉ ਕਰਨ ਕਾ ਹੁਕਮ ਸੀ ਤੁਸੀਂ ਖੰਨੇ ਕਿਉਂ ਆਏ ਹੋ। ਦਾਨ

ਸਿੰਘ ਦਰਬਾਰਾ ਸਿੰਘ ਭੇਜੇ। ਮੁਨਸ਼ੀ ਨੇ ਕਹਾ ਕਿ ਮੈਂ ਡਰਦਾ ਹਾਂ। ਥਾਨੇਦਾਰ ਏਥੇ ਨਹੀਂ ਹੈ। ਏਤਨੇ ਮੈਂ ਖ਼ਬਰ ਆਈ ਏਕ ਆਦਮੀ ਨੇ ਔਰਤ ਬੱਢ ਦਿੱਤੀ ਹੈ, ਸੈਕਦੀ ਹੈ। ਮੁਨਸ਼ੀ ਨੂੰ ਸਭੇ ਗੱਲਾਂ ਭੁਲ ਗਈਆਂ। ਸਿੰਘ ਮੁੜ ਆਏ।"[18]

੧੯੦੦ ਈ. ਵਿਚ ਦੀਵਾਲੀ ਤੋਂ ਬਾਅਦ ਚਾਰ ਮਹੀਨਿਆਂ ਦੀ ਛੁੱਟੀ ਮਿਲੀ ਤੇ ਗੁਰੂ ਹਰੀ ਸਿੰਘ ਜੀ ਲੰਮੇ ਦੌਰੇ ਤੇ ਨਿਕਲੇ। ਅੰਮ੍ਰਿਤਸਰ ਤੋਂ ਮੁੜਦਿਆਂ ਮੀਰਾਂਕੋਟ, ਲੋਪੋਕੇ, ਨਾਰਲੀ ਆਦਿ ਪਿੰਡਾਂ ਵਿਚੋਂ ਹੁੰਦੇ ਹੋਏ ਵਲਟੋਹੇ ਪੁੱਜੇ ਬਾਬਾ ਫਤੇਹ ਸਿੰਘ ਪਹਿਲਵਾਨ ਦੇ ਪਿੰਡ ਵਿਖੇ। ਵਲਟੋਹੇ ਤੋਂ ਚੱਲ ਕੇ ਮਰਹਾਣੇ ਜਾਣਾ ਸੀ ਜਿੱਥੇ ਭਗਵਾਨ ਸਿੰਘ ਅੜਬੰਗੀ ਦੇ ਪੁੱਤਰ ਦੇ ਗੁਜ਼ਰਨ ਤੇ ਗੁਰੂ ਜੀ ਨੇ ਭੋਗ ਸਮੇਂ ਦਰਸ਼ਨ ਦੇਣਾ ਸੀ। ਰਸਤੇ ਵਿਚ ਭਾਈ ਦਾਨ ਸਿੰਘ ਬੀਮਾਰ ਹੋ ਗਏ। ਗੁਰੂ ਹਰੀ ਸਿੰਘ ਜੀ ਨੇ ਉਸਨੂੰ ਨਾਲ ਸਿੰਘ ਦੇ ਕੇ ਘੋੜੀਆਂ ਸਣੇ ਹਰੀਕੇ ਪੱਤਣ ਤੋਂ ਹੀ ਸ੍ਰੀ ਭੈਣੀ ਸਾਹਿਬ ਨੂੰ ਵਾਪਿਸ ਭੇਜ ਦਿੱਤਾ।[19]

੧੯੦੧ ਈ. ਵਿਚ ਮੁਕਤਸਰ ਦੀ ਮਾਘੀ ਪੁਰਬ ਤੇ ਗੁਰੂ ਹਰੀ ਸਿੰਘ ਉਥੇ ਪੁੱਜੇ। ਮੁਕਤਸਰ ਤੋਂ ਫੂਲੇਵਾਲਾ, ਗੱਦਾਂ ਡੋਬ (ਗੁਰੂ ਸਰ) ਉਥੋਂ ਸੇਖਾ ਪਿੰਡ ਵਿਚ ਗਏ ਜਿੱਥੇ ਜਗਦੀਸ਼ ਸਿੰਘ ਨਾਮ ਦਾ ਸੰਤ ਰਹਿੰਦਾ ਸੀ। ਉਹ ਮਾਈ ਅਤਰੀ ਦੇ ਪ੍ਰਭਾਵ ਵਿਚ ਸੀ ਅਤੇ ਇਲਾਕੇ ਵਿਚ ਉਸਦੀ ਵੀ ਮਾਨਤਾ ਸੀ। ਗੁਰੂ ਹਰੀ ਸਿੰਘ ਨੇ ਨਾਮਧਾਰੀ ਮੁੱਖਧਾਰਾ ਤੋਂ ਨਿੱਖੜੇ ਬਹੁਤ ਸਾਰੇ ਸਾਧੂ ਸੰਤਾਂ, ਨੂੰ ਮੁੜ ਨਾਲ ਜੋੜਿਆ। ਇਸ ਤਰ੍ਹਾਂ ਦਾ ਹੀ ਮਨੋਰਥ ਜਗਦੀਸ਼ ਸਿੰਘ ਪਾਸ ਜਾਣ ਦਾ ਸੀ। ਦੂਜਾ ਮਾਈ ਅਤਰੀ ਜੋ ਪਰਦੇਸ ਗਮਨ ਤੋਂ ੨੭-੨੮ ਸਾਲ ਤੱਕ ਮੁੱਖਧਾਰਾ ਦੇ ਨਾਲ ਸੀ ਹੁਣ ਜਾਣ ਬੁੱਝ ਕੇ ਕਿਨਾਰੇ ਤੇ ਚੱਲਣ ਲੱਗ ਪਈ ਸੀ। ਉਸਦੇ ਪ੍ਰਭਾਵ ਖੇਤਰ ਨੂੰ ਵੀ ਗੁਰੂ ਸਾਹਿਬ ਖੋਰਾ ਲਾ ਕੇ ਸਾਰੀ ਨਾਮਧਾਰੀ ਸੰਗਤ, ਏਕਤਾ ਵਿਚ ਸੂਤਰ ਬੱਧ ਕਰਨਾ ਚਾਹੁੰਦੇ ਸਨ। ਭਾਈ ਦਾਨ ਸਿੰਘ ਇਹਨਾਂ ਕਾਰਜਾਂ ਵਿਚ, ਆਪ ਦੇ ਅੰਗ ਸੰਗ ਰਹਿੰਦਾ ਸੀ। ਸਾਡੇ ਇਤਿਹਾਸ ਵਿਚੋਂ ਕੁਝ ਦਿਲਚਸਪ ਟੂਕਾਂ ਹਾਜ਼ਰ ਹਨ-

"ਜਗਦੀਸ਼ ਸਿੰਘ ਜਿੱਥੇ ਰਹਿੰਦਾ ਸੀ ਸੇਖੀਂ, ਉਥੇ ਗਏ। ਗੁਰੂ ਜੀ ਮੰਜੇ ਪਰ ਬੈਠੇ, ਜਗਦੀਸ਼ ਸਿੰਘ ਭੀ ਆਇਆ। ਬਚਨ ਹੋਇਆ ਮੰਜੇ ਪਰ ਬੈਠ ਪੀੜ੍ਹੀ ਪਰ ਬੈਠਾ। ਗੁਰੂ ਜੀ ਬਚਨ ਕੀਤਾ ਜੇਹੜਾ ਜੰਗੀ ਭਜਨ ਕਹਿੰਦਾ ਹੈ ਸੋ ਮੈਨੂੰ ਦੇ। ਉਸਨੇ ਕਹਿਆ-ਜੀ ਮੈਨੂੰ ਤਾਂ ਤੁਹਾਡੇ ਹੀ ਘਰੋਂ ਖੈਰ ਪਿਆ ਸੀ ਸੋ ਮੈਂ ਬਰਤਾਈ ਜਾਂਦਾ ਹਾਂ। ਕੋਲੋਂ ਦਾਨ ਸਿੰਘ ਨੇ ਕਹਾ ਤੂੰ ਏਨਾਂ ਨੂੰ ਨਹੀਂ ਦੱਸਦਾ ਤਾਂ ਸਾਨੂੰ ਹੀ ਦੱਸ ਦੇ। ਉਸਨੇ ਕਹਿਆ ਜੀ ਮੈਂ ਤਾਂ ਸਾਰਿਆਂ ਦਾ ਹੀ ਦਾਸ ਹਾਂ। ਗੁਰੂ ਜੀ ਬਚਨ ਕੀਤਾ ਤੇਰੀ ਚਿਠੀ ਸਾਡੇ ਪਾਸ ਗਈ। ਕਹਾ ਕਿ ਜੀ ਓਹ ਚਿੱਠੀ ਅਤਰੀ ਨੇ ਭੇਜੀ ਹੈ। ਮੈਥੋਂ ਸੌ ਰੁਪਈਆ ਮੰਗਦੀ ਸੀ ਮੈਂ ਨਾ ਦਿੱਤਾ ਤਾਂ ਚਿਠੀ ਭੇਜੀ ਹੈ।"[20]

ਫਿਰ ਗੁਰੂ ਸਾਹਿਬ ਮਾਈਸਰ ਖਾਨੇ ਦੇ ਸਿੰਘਾਂ ਦੀ ਅਰਜ਼ ਤੇ ਉਸ ਪਿੰਡ ਵੀ ਗਏ। ਮਾਈ ਅਤਰੀ ਦੇ ਡੇਰੇ ਵਿਚ ਵੀ ਗਏ। ਪਰ ਉਹ ਉਪਰ ਚੌਬਾਰੇ ਵਿਚ ਹੀ ਬੈਠੀ ਰਹੀ। ਗੁਰੂ ਜੀ ਦੇ ਗਿਆਂ ਸਨਮੁੱਖ ਨਾ ਹੋਈ। ਜਦੋਂ ਗੁਰੂ ਜੀ ਮੰਡੀ ਗਏ ਤਾਂ ਉੱਥੇ ਆ ਕੇ ਫਿਰ ਵਾਧੇ ਘਾਟੇ ਦੇ ਬਚਨ ਵੀ ਕਰੇ ਅਤੇ ਨਾਲ ਖੜਨ ਦਾ ਇਸਰਾਰ ਵੀ ਕਰੇ। ਉਸਦੇ ਅਜਿਹੇ ਬਚਨ ਭਾਈ ਦਾਨ ਸਿੰਘ ਜਹੇ ਸੂਰਮੇ ਕਦੋਂ ਜਰਦੇ ਸਨ-

..."ਮੰਡੀ ਮੈਂ ਗਏ ਤਾਂ ਖਾਨੇ ਵਾਲੀ ਆਈ। ਗੁਰੂ ਜੀ ਬਚਨ ਕੀਤਾ ਅਸੀਂ ਤਾਂ ਚੱਲਕੇ ਗਏ ਸੀ, ਤੂੰ ਸਾਡੇ ਨਾਲ ਐਸੀ ਕਰੀ। ਕਹਿਣੇ ਲੱਗੀ ਅਸਾਂ ਨੂੰ ਪੁੱਛ। ਮੱਸਾ* ਸਿੰਘ ਤੋਂ ਤੁਸੀ ਕਹਿ ਕੇ ਅਰਜੀ ਪੁਵਾਈ ਹੈ। ਬਚਨ ਹੋਰ ਕਰੜੇ ਕਰੜੇ ਕਰਦੀ ਰਹੀ। ਦਾਨ ਸਿੰਘ ਭੀ ਬੋਲਿਆ। ਗੁਰੂ ਜੀ ਮਨੇ ਕੀਤਾ ਬੋਲਣੇ। ਕਹਾ ਕਿ ਏਹ ਨਹੀਂ ਹਟਦੀ ਹੈ ਬੋਲਣੋਂ, ਬਾਧੇ ਬੋਲਦੀ ਹੈ।"[21]

ਮਾਰਚ ੧੯੦੧, ਵਿਚ ਸੱਦੋਵਾਲ, ਲਾਇਲਪੁਰ ਬਾਰ ਵਿਚ ਗੁਰੂ ਹਰੀ ਸਿੰਘ ਜੀ ਨੇ ਹੋਲਾ ਮਹੱਲਾ ਪੁਰਬ ਤੇ ਦਰਸ਼ਨ ਦਿੱਤੇ। ਬਾਰ ਦੇ ਇਲਾਕੇ ਦਾ ਦੌਰਾ ਕਰਦੇ ਲਾਹੌਰ ਸ਼ਹਿਰ ਵਿਚ ਪ੍ਰਸਿੱਧ ਕੂਕਾ ਮੁੱਖੀ ਭਾਈ ਦੇਵਾ ਸਿੰਘ ਪੁੱਤਰ ਸੋਭਾ ਸਿੰਘ ਕਾਰੀਗਰ ਸਿੰਘ ਦੇ ਕਾਰਖਾਨੇ ਵਿਚ, ਉਸਦੇ ਭੋਗ ਸਮੇਂ ਉਤਾਰਾ ਕੀਤਾ। ਫਿਰ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿਚ ਆ ਟਿਕੇ। ਇੱਥੇ ਭਾਈ ਦਾਨ ਸਿੰਘ ਨੇ ਖਬਰ ਦਿੱਤੀ, "ਜੀ ਰਾਮਦਾਸਪੁਰੇ ਤਬੇਲੇ ਕੋ ਅਗਨੀ ਲੱਗੀ ਹੈ। ਪਰਲਾ ਤਬੇਲਾ ਸਭ ਜਲ ਗਿਆ ਹੈ।...ਸਿੰਘ ਨੇ ਹੋਲਾਂ ਭੁੰਨਕੇ ਵਲ੍ਹੇਟ ਕੇ ਪਛੱਤੀ ਪਰ ਰੱਖ ਦਿੱਤੀਆਂ ਆਪ ਲਾਂਭੇ ਹੋਇਆ। ਵਿਚੋਂ ਕੋਲਾ ਮਘਕੇ ਸਰਕੜੇ ਨੂੰ ਅੱਗ ਲੱਗ ਗਈ।"[22] ਇਹ ਭਾਈ ਦਾਨ ਸਿੰਘ ਦੀ ਪੈਨੀ ਦ੍ਰਿਸ਼ਟੀ ਜਾਂ ਪਰਬੰਧ ਕੁਸ਼ਲਤਾ ਸੀ ਕਿ ਕਿਸੇ ਘਟਨਾ ਦਾ ਵੇਰਵਾ ਦਿੰਦੇ ਸਮੇਂ ਉਸ ਦੇ ਕਾਰਨ, ਨੁਕਸਾਨ ਆਦਿ ਦਾ ਸਟੀਕ ਬਿਓਰਾ ਪੇਸ਼ ਕਰ ਦਿੰਦੇ ਸਨ।

ਭੈਣੀ ਸਾਹਿਬ ਤੋਂ ਇਕ ਗਊ ਬਾਣੀਆ ਲੈ ਗਿਆ। ਉਸ ਨੇ ਲੁਧਿਆਣੇ ਇਕ ਨਾਈ ਨੂੰ ਵੇਚ ਦਿੱਤੀ। ਜਦੋਂ ਸੂਈ ਤਾਂ ਇਕ ਥਣ ਵਿਚ ਦੁੱਧ ਤਿੰਨ ਸੁੱਕੇ ਸਨ। ਉਸ ਨੇ ਕਸਾਈਆਂ ਨੂੰ ਦੇ ਦਿੱਤੀ। ਇਕ ਨਾਮਧਾਰੀ ਸਿੰਘ ਨੇ ਵੇਖ ਲਈ ਕਿ ਡੇਰੇ ਦੀ ਗਊ ਕਸਾਈਆਂ ਪਾਸ ਆ ਗਈ ਹੈ। ਉਸਨੇ ਸ੍ਰੀ ਭੈਣੀ ਸਾਹਿਬ ਸੂਚਨਾ ਭੇਜ ਦਿੱਤੀ। "ਸੁਣਦੇ ਸਾਰ ਦਾਨ ਸਿੰਘ ਭੇਜਿਆ। ਤੀਸ ਰੁਪਏ ਦੇ ਕੇ ਗਊ

*ਇਹ ਮੱਸਾ ਸਿੰਘ ਮਾਈ ਅਤਰੀ ਦਾ ਸਕਾ ਭਾਈ ਸੀ।

ਕਸਾਈਆਂ ਥੀਂ ਛੁਡਾਇ ਲਿਆਂਦੀ।"[23] ਭਾਈ ਦਾਨ ਸਿੰਘ ਜੈਸੇ ਸਿੰਘ ਹੀ ਭਾਈ ਧਿਆਨ ਸਿੰਘ ਕਾਦਰਾਬਾਦੀ ਦੀ, ਸਤਿਗੁਰੂ ਰਾਮ ਸਿੰਘ ਹੋਰਾਂ ਬਾਰੇ ਉਚਰੇ ਸਵਈਏ ਦੀ ਉਸ ਤੁਕ ਤੇ, ਫੁੱਲ ਚੜ੍ਹਾ ਰਹੇ ਸਨ-"ਗੋਇ ਗਰੀਬਨ ਪਾਲਨ ਕੇ ਹਿਤ, ਰਾਮ ਮ੍ਰਿਗੰ ਦ ਆਇਓ ਤਨ ਧਾਰੀ।"

ਵੀਹਵੀਂ ਸਦੀ ਦੇ ਚੜ੍ਹਦਿਆਂ ਹੀ ਪੰਜਾਬ ਵਿਚ ਤਾਊਨ ਪਈ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਸਨ। ਡੇਰੇ ਭੈਣੀ ਸਾਹਿਬ ਤੇ ਗੁਰੂ ਜੀ ਦੀ ਕਿਰਪਾ ਰਹੀ। ਸਾਫ ਸ਼ੁੱਧ ਵਾਤਾਵਰਣ ਸੀ। ਸੰਗਤ ਦਾ ਲੰਗਰ ਪਾਣੀ ਵੀ ਮਰਿਆਦਾ ਵਾਲਾ ਹੁੰਦਾ ਸੀ। ਅਜਿਹੇ ਸਮੇਂ ਕੋਈ ਵੀ ਸਿੰਘ ਭੈਣੀ ਸਾਹਿਬ ਤੋਂ ਪਾਸੇ ਜਾਣ ਦਾ ਹੀਆ ਘੱਟ ਕਰਿਆ ਕਰਦਾ ਸੀ। ਪ੍ਰੰਤੂ ਗੁਰੂ ਕਾ ਹੁਕਮ ਮੰਨ ਕੇ ਭਾਈ ਦਾਨ ਸਿੰਘ ਹੋਰਾਂ ਅਜਿਹੇ ਸਮੇਂ ਵੀ ਗੁਰੂ ਘਰ ਦੇ ਕਾਰਜ ਲਈ, ਬੀਮਾਰੀ ਵਾਲੇ ਪਿੰਡਾਂ ਵਿਚ ਜਾਣ ਦੀ ਪਰਵਾਹ ਨਹੀਂ ਕੀਤੀ ਸੀ ਜਦੋਂ ਕਿ ਹੋਰ ਜ਼ਿੰਮੇਵਾਰ ਸਿੰਘ ਆਲਾ ਟਾਲਾ ਵੀ ਕਰ ਜਾਂਦੇ-

"ਮੋਹੀ (ਲੁਧਿਆਣਾ) ਮੈਂ ਗੁਰਦਿਤ * ਸਿੰਘ ਅੱਠ ਸੈ ਰੁਪਈਆ ਉਧਾਰ ਲੈ ਗਿਆ ਸੀ। ਦਮਾਂ ਪਰ ਪਿਆ। ਉਸਨੇ ਰਾਮਦਾਸਪੁਰੇ ਸੁਨੇਹਾ ਭੇਜਿਆ ਆਇਕੇ ਸਭ ਕੁਝ ਮੇਰੇ ਜਿਊਂਦਿਆਂ ਲੈ ਜਾਓ। ਗੁਰੂ ਜੀ ਪਹਿਲੇ ਤਾਂ ਮਹੰਤ (ਸੇਵਾ ਸਿੰਘ) ਨੂੰ ਕਹਿਆ। ਮਹੰਤ ਨੇ ਕਹਿਆ ਜੀ ਦਾਨ ਸਿੰਘ ਨੂੰ ਭੇਜੋ। ਬਚਨ ਹੋਇਆ ਮਹੰਤ ਮੌਤੋਂ ਡਰਦਾ ਹੈ। ਦਾਨ ਸਿੰਘ ਮੋਹੀ ਗਿਆ। ਸਾਰਾ ਅਸਬਾਬ ਹੱਟੀ ਕਾ ਉਸਨੇ ਗੱਡੇ ਪਰ ਧਰ ਦਿੱਤਾ। ਬਾਲਕ ਜੋ ਸੀ ਸੋ ਭੀ ਗੱਡੇ ਪਰ ਚਾੜ੍ਹਕੇ ਗੱਡਾ ਤੋਰ ਦੀਆ। ਗੁਰਦਿਤ ਸਿੰਘ ਨੇ ਜਾਂਦਿਆਂ ਦਾਨ ਸਿੰਘ ਨੂੰ ਕਹਿਆ ਜੀ ਮੇਰੇ ਹਿਰਦੇ ਮੈਂ ਪ੍ਰਾਣ ਅਟਕੇ ਰਹੇ ਹੈ। ਜਿਨਾਂ ਚਿਰ ਤੁਸੀਂ ਆਏ ਨਹੀਂ ਉਤਨਾ ਚਿਰ ਗੁਰੂ ਜੀ ਨੇ ਆਪਣੇ ਰੁਪਈਏ ਲੈਣ ਨੂੰ ਪ੍ਰਾਣ ਨਾ ਨਿਕਲਣ ਦਿੱਤੇ ਜਾਂ ਗੱਡਾ ਤੁਰਿਆ ਤਾਂ ਸਿੰਘ ਚੜ੍ਹਾਈ ਕੀਤੀ। ਬਾਲ ਬੱਚਾ ਬਲਦੀ ਅੱਗ ਵਿਚੋਂ ਕੱਢ ਆਂਦਾ ਰਾਮਦਾਸਪੁਰੇ।"[24]

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਬਾਰਾਂ ਕੁ ਸਾਲ ਦੇ ਆਯੂ ਦੇ ਸਨ ਤਾਂ ਆਪ ਦਾ ਨਿਵਾਸ ਤਬੇਲੇ ਵਿਚ ਛੱਤੇ ਇਕ ਚੌਬਾਰੇ ਵਿਚ ਹੁੰਦਾ ਸੀ। ਬਚਪਨ ਵਿਚ ਆਪ ਗੁਰੂ ਕੇ ਉਠਾਂਵਾਲੇ ਉਗਰਾਹੀਆਂ, ਬਾਬਾ ਸੰਤਾ ਸਿੰਘ, ਵੀਰ ਸਿੰਘ, ਸੁਰਜਨ ਸਿੰਘ, ਮਾਝੇ ਦੇ ਸਿੰਘਾਂ ਦੇ, ਆਸਣਾਂ ਵਿਚਾਲੇ ਹੀ ਬਰਾਜਦੇ ਸਨ। ਹੁਣ ਤਬੇਲੇ ਅਤੇ ਭੈਣੀ ਸਾਹਿਬ ਗੁਰਦੁਆਰੇ ਦੇ ਵਿਚਾਲੇ, ਜੋ ਪੰਜ ਕਰਮ ਦੀ ਗਲੀ ਸੀ ਉਸਨੂੰ ਕੱਜਣ ਲਈ ਤਾਂਕਿ ਵਾਰ ਵਾਰ ਪੁਲੀਸ ਚੌਂਕੀ ਦੀ ਪੁੱਛਗਿੱਛ ਤੋਂ ਬਚਕੇ, ਉਪਰੋਂ ਉਪਰ ਲੰਘਿਆ ਜਾ ਸਕੇ, ਭਾਈ ਦਾਨ ਸਿੰਘ ਹੋਰਾਂ ਨੇ ਤੀਹ ਕੁ ਫੁੱਟ ਲਟੈਣ ਲਿਆ ਕੇ, ਲੱਕੜ ਦਾ ਪੁਲ ਬਣਾ ਦਿੱਤਾ। ਇਸਨੂੰ ਬਹੁਤ ਵੱਡੀ ਹੁਕਮ ਅਦੂਲੀ ਸਮਝ ਕੇ ੨੧ ਮਾਰਚ ੧੯੦੨ ਨੂੰ ਪੁਲਿਸ ਕਪਤਾਨ, ਸ੍ਰੀ ਭੈਣੀ ਸਾਹਿਬ ਪੁੱਜ ਗਿਆ। "ਉਨੀ ਸੈ ਅਠਵੰਜਾ ਕੀ ਫਗਣ ਸਦੀ ਬਾਰਾਂ ਕੋ ਫਰੰਗੀ ਪੁਲਸ ਕਾ ਆਇਆ। ਕਹਿਣੇ ਲੱਗ ਕਹਾ ਹੈ ਪੁਲ ਜੋ ਗਲੀ ਕੇ ਉਪਰ ਪਾਇਆ ਹੈ? ਹੌਲਦਾਰ ਨੇ ਕਹਿਆ ਵੋਹ ਹੈ। ਦੇਖ ਕੇ ਪੁੱਛਨੇ ਲਗਾ ਕਿਉਂ ਬਨਾਇਆ ਹੈ? ਦਾਨ ਸਿੰਘ ਨੇ ਕਹਿਆ ਕਿ ਪ੍ਰਤਾਪ ਸਿੰਘ ਸਾਹਿਬਜ਼ਾਦੇ ਕਾ ਚੁਬਾਰੇ ਵਿਚ ਆਸਨ ਹੈ, ਜਾਣ ਵਾਸਤੇ ਪਾਇਆ ਹੈ। ਪਹਿਲੇ ਪੁਲ ਕਾ ਛਤੀਰ ਟੁੱਟ ਗਿਆ ਹੈ, ਉਸਕੀ ਜਗਾ ਲਟੈਣ ਪਾਇਕੇ ਬਣਾਇਆ ਹੈ। ਨਵਾਂ ਨਹੀਂ ਪਹਿਲੇ ਭੀ ਥਾ ਪੁਲ। ਫਰੰਗੀ ਨੇ ਕਹਾ ਤੁਮ ਆਦਮੀ ਲਿਆਵਣ ਨੂੰ ਬਣਾਇਆ ਹੈ। ਇਧਰ ਸੇ ਚੋਰੀ ਸਿੰਘ ਲੰਘ ਜਾਂਦੇ ਹੈ।...ਫੇਰ ਭੀ ਏਹੀ ਕਹਿ ਗਿਆ ਕਿ ਗਰਾਇਆ ਗਿਆ ਸੀ ਸਰਕਾਰ ਦੇ ਹੁਕਮ ਨਾਲ ਤੁਮਨੇ ਫੇਰ ਬਣਾਇ ਲੀਆ ਹੈ। ਦਾਨ ਸਿੰਘ ਨੇ ਕਹਿਆ ਬਣਿਆ ਨੂੰ ਬਹੁਤ ਚਿਰ ਹੋਇਆ ਹੈ। ਸਾਡੇ ਤਾਂ ਦਸ ਸਿੰਘ ਭੀ ਪੂਰੇ ਨਹੀਂ ਹੁੰਦੇ। ਅਸਾਂ ਚੋਰੀ ਕਿਉਂ ਲੰਘਣਾ ਹੈ। ਗੁਰੂ ਜੀ ਬਚਨ ਕੀਤਾ ਇਸ ਪੁਲ ਕਰਕੇ ਤੁਹਾਡਾ ਕੀ ਨੁਕਸਾਨ ਹੈ। ਫਰੰਗੀ ਨੇ...ਕਿਹਾ ਬਾਬਾ ਜੀ ਬੁਹਤ ਬੁੱਢੇ ਹੋ ਗਏ ਹੈ। ਚਲਾ ਗਿਆ।"[25]

ਭਾਈ ਦਾਨ ਸਿੰਘ ਅਤੇ ਨਰਾਇਣ ਸਿੰਘ ਹੋਰਾਂ ਨੇ ਲੁਧਿਆਣੇ ਗੁਰੂ ਜੀ ਦੇ ਦੌਰੇ ਲਈ ਛੁੱਟੀ ਵਾਸਤੇ ਜਾਣਾ ਸੀ। ਅੱਗੇ ਸਰਕਾਰੀ ਡਾਕਟਰ ਜਬਰੀ ਟੀਲੇ ਲਾ ਰਹੇ ਸਨ ਡੌਲਿਆਂ ਵਿਚ। ਦੋਹਾਂ ਸਿੰਘਾਂ ਨੇ ਆਪਣੀ ਮਰਿਆਦਾ ਕਾਇਮ ਰੱਖਣ ਲਈ ਇਹ ਟੀਕੇ ਨਾ ਲੁਆਏ। "ਜੇਕਰ ਅਸੀਂ ਲੋਦਾ ਕਰਾਈਏ ਤਾਂ ਸਿਖੀ ਮੈਂ ਫਰਕ ਪੈਂਦਾ ਹੈ। ਗੁਰ ਜੀ ਕਾ ਭਾਣਾ ਮੰਨਣਾ ਹੈ। ਫਰੰਗੀ ਨਰਾਜ਼ ਜੇਹਾ ਹੋਇਆ। ਲੋਦਾ ਏਹ ਹੈ ਡੌਲੇ ਕੇ ਉਪਰ ਸੂਆ ਸਸੋਇ ਦਿੰਦੇ ਹੈ।"[26]

ਦਾਨ ਸਿੰਘ ਤੋਂ ਬਾਅਦ ਮਾਈ ਅਤਰੀ ਕੁਝ ਵਰ੍ਹੇ ਖਜ਼ਾਨੇ ਦੀ ਕੁੰਜੀ ਬਰਦਾਰ ਰਹੀ ਸੀ। ਉਸਦੇ ਜਾਣ ਬਾਦ ਮਾਈ ਗੁਰਦੇਈ ਖੰਨੇ ਵਾਲੀ ਨੂੰ ਕੁੰਜੀਆਂ ਮਿਲੀਆਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਲੈਣ ਬਾਅਦ, ਕੁੰਜੀਆਂ ਮਾਤਾ ਜਿਊਣ ਕੌਰ ਜੀ ਨੂੰ ਮਿਲ ਗਈਆਂ। ਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ "ਜਦੋਂ ਦੇ ਜਿਊਣ ਕੌਰ ਹੱਥ ਖਜ਼ਾਨਾ ਆਇਆ ਹੈ ਤਾਂ ਕੁਝ ਖਜ਼ਾਨਾ ਜਮ੍ਹਾਂ ਹੋਇਆ ਹੈ...ਦਾਨ ਸਿੰਘ ਹੁਦਾਰੇ ਰੁਪਏ ਲੈ ਕੇ ਕੰਮ ਸਾਰਦ ਹੁੰਦਾ ਸੀ ਪਿੰਡ ਦੇ ਲੋਕਾਂ ਥੀਂ।"[27]

*** ਸਤਿਗੁਰੂ ਰਾਮ ਸਿੰਘ ਜੀ ਦੀ ਮਾਮੀ ਰਾਮੀ ਦੀ ਨੂੰਹ ਬੀਬੀ ਭੋਲੀ, ਲੁਧਿਆਣੇ ਵਾਲੀ ਦਾ ਜੁਆਈ।**


NamdhariElibrary NamdhariElibrary@gmail.com

ਲਾਹੌਰ ਦੇ ਉਪਰ ਵਰਣਿਤ ਸੂਬਾ ਦੇਵਾ ਸਿੰਘ ਹੋਰਾਂ ਦੇ ਛੋਟੇ ਪੁੱਤਰ, ਭਗਤ ਸਿੰਘ ਨੂੰ ਅਕਾਰਣ ਹੀ ਕਿਸੇ ਮੁਕਦਮੇ ਵਿਚ, ਸੱਤ ਸਾਲ ਦੀ ਕੈਦ ਹੋਈ। ਅੰਮ੍ਰਿਤਸਰ ਦੇ ਭਾਈ ਮਤਾਬ ਸਿੰਘ ਪਕੌੜੀਏ ਨੇ, ਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਇਸ ਵਕਤ ਉਸਦਾ ਕੋਈ ਨਹੀਂ। ਆਪ ਜੀ ਬਿਨਾਂ ਕੌਣ ਸਹਾਇਤਾ ਕਰੇ।... ਗੁਰੂ ਜੀ ਬਚਨ ਕੀਤਾ ਦਰੋਗੇ ਕੋ ਕਹੋ ਜੋ ਮੁਸ਼ੱਕਤ ਕੀ ਨਰਮਾਈ ਹੋਵੇ ਨਾਲੇ ਅਪੀਲ ਕਰੋ ਛੁੱਟ ਜਾਇਗਾ। ਦਾਨ ਸਿੰਘ ਭੇਜਿਆ। ਦਾਨ ਸਿੰਘ ਜਾਣ ਵਕਤ ਅਰਦਾਸਾ ਕੀਤਾ ਕਿ ਮੇਰਾ ਸਰੀਰ ਬੇਸ਼ਕ ਚੜ੍ਹ ਜਾਵੇ ਪਰ ਭਗਤ ਸਿੰਘ ਛੁੱਟ ਜਾਵੇ ਜਾਂ ਦਾਨ ਸਿੰਘ ਮੁੜਕੇ ਆਇਆ ਤਾਂ ਬੀਮਾਰ ਹੋ ਕੇ ਚੜ੍ਹਾਈ ਕਰ ਗਿਆ। ਉਸੀ ਦਿਨ ਤਾਰ ਆਈ ਕਿ ਭਗਤ ਸਿੰਘ ਛੁੱਟ ਗਿਆ ਹੈ।"[28] ਇਹ ਘਟਨਾ ੧੯੦੩ ਈ. ਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਬਚਪਨ ਵਿਚ ਭਾਈ ਦਾਨ ਸਿੰਘ ਹੋਰਾਂ ਨਾਲ ਘੋੜੀ ਤੇ ਸੁਆਰੀ ਕਰਿਆ ਕਰਦੇ ਸਨ ਆਪਦੇ ਉਪਦੇਸ਼ਾਂ ਵਿਚ ਭਾਈ ਦਾਨ ਸਿੰਘ ਦੀ ਸੁਚੇਚਤਾ ਪਰਥਾਇ ਕੀਤੇ ਹੋਏ ਬਚਨ, ਰੀਕਾਰਡ ਹੋਏ ਮਿਲਦੇ ਹਨ-

"ਇਹ ਗੁਰੂ ਹਰੀ ਸਿੰਘ ਜੀ ਦੇ ਚੂਰੰਜੇ ਸੰਮਤ ੧੯੫੪ (ਮੁਤਾਬਿਕ ੧੮੯੭ ਈ.) ਦੇ ਦੌਰੇ ਦੀ ਗੱਲ ਹੈ। ...ਤਾਂ ਉਥੋਂ ਮੁਹਾਵੇ ਨੂੰ ਗਏ ਹਾਂ ਚੇਲੇਕਿਆਂ ਤੋਂ। ਦਾਨ ਸਿੰਘ ਹੁਰੀਂ ਘੋੜੀ ਰਾਮਕਲੀ ਉਹਦਾ ਨਾਮ ਸੀ, ਉਹਦੇ ਤੇ ਹੁੰਦੇ ਤੇ ਅਸੀਂ ਦੋਵੇਂ ਵੱਖਰੇ ਹੀ ਜਾਂਦੇ। ਮੈਂ ਉਸ ਘੋੜੀ ਤੇ ਚੜ੍ਹਿਆ। ਪਹਿਲਾਂ ਰਾਹ 'ਚ ਪਾਣੀ ਪਿਲਾਉਣ ਲੱਗਿਆ-ਮੇਰੀ ਕਿਤੇ ਦਾੜ੍ਹੀ ਫੁੱਲ ਨਾ ਪੁਵਾਈਂ ਦਾਨ ਸਿੰਘ ਹੁਰਾਂ ਮੈਨੂੰ ਇਹ ਗੱਲ ਆਖੀ ਹੈ। ਘੋੜੀ ਤੋਂ ਨਾ ਕਿਤੇ.... ਬੱਚਾ ਸਾਂ। ਦੇਸੀ ਕਾਠੀ ਸੀ। ਘੋੜੀ ਦੀ ਲਗਾਮ ਦੀ ਵਾਗ ਸੀ ਨਾ, ਉਹ ਜਿਹੜੀ ਸੂਤਰ ਦੀਆਂ ਹੁੰਦੀਆਂ ਨੇ, ਉਹ ਹੰਨੇ ਨਾਲ ਬੰਨ੍ਹ ਕੇ...।"[29]

ਅਜਿਹੇ ਸਨ, ਗਊ ਗਰੀਬ ਦੀ ਰੱਖਿਆ ਲਈ, ਗੁਰੂ ਕਾ ਹੁਕਮ ਸਦਾ ਵਜਾਉਣ ਲਈ ਤਤਪਰ, ਆਪਣੇ ਸੁਖ ਆਰਾਮ ਇਥੋਂ ਤਕ ਕਿ ਜਾਨ ਦੀ ਪਰਵਾਹ ਨਾ ਕਰਕੇ, ਵੇਲੇ ਦੇ ਜਾਬਰ ਹਾਕਮਾਂ ਦਾ ਕਰੋਧ ਸਹੇੜਨ ਵਾਲੇ ਅਤੇ ਦੂਸਰੇ ਸਿੰਘ ਦੇ ਭਲੇ ਲਈ ਆਪਣੇ ਪਰਾਣ ਤੱਕ ਨਿਊਛਾਵਰ ਕਰ ਦੇਣ ਤੋਂ ਨਾ ਘਬਰਾਉਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਅਨਿੰਨ ਸਿੱਖ, ਨਿਕਟੀ ਸੇਵਕ, ਡੇਰਾ ਪਰਬੰਧਕ ਅਤੇ ਪਰਉਪਕਾਰੀ ਭਾਈ ਦਾਨ ਸਿੰਘ ਜੀ। ਉਹਨਾਂ ਦਾ ਨਾਮ ਨਾਮਧਾਰੀ ਇਤਿਹਾਸ ਦੇ ਗੁਰੂ ਹਰੀ ਸਿੰਘ ਕਾਲ ਵਿਚ ਹਮੇਸ਼ਾਂ ਹੀ ਆਦਰ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

ਫੁੱਟ ਨੋਟ—

1. ਕੂਕਾਜ਼ ਆਫ ਨੋਟ ਇਨ ਦਾ ਪੰਜਾਬ (ਸੰ. ਜਸਵਿੰਦਰ ਸਿੰਘ) ੧੯੮੫, ਐਂਟਲਾਂਟਿਕ ਪਬਲਿਸ਼ਰਜ਼ ਸਫਾ ੨੮-੨੯
2. ਸਤਿਗੁਰੂ ਬਿਲਾਸ, ਭਾਗ ਦਿੱਲੀ ਪਹਿਲਾ ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ) ੨੦੦੨, ਨਾਮਧਾਰੀ ਦਰਬਾਰ ਭੈਣੀ ਸਾਹਿਬ, ਸਫਾ ੪੮੩-੮੪
3. ਸਤਿਗੁਰੂ ਬਿਲਾਸ ਭਾਗ ਦੂਜਾ, ਭਾਈ ਸੰਤੋਖ ਸਿੰਘ ਬਾਹੋਵਾਲ, ੨੦੦੫, ਭੈਣੀ ਸਾਹਿਬ, ਸਫਾ ੨੩੬
4. ਕੂਕਾ ਮੂਵਮੈਂਟ (ਫਰੀਡਮ ਸਟਰਗਲ ਇਨ ਪੰਜਾਬ)-ਸੰ. ਜਸਵਿੰਦਰ ਸਿੰਘ, ੧੯੮੫, ਦਿੱਲੀ ਸਫਾ-੫੮
5. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ (ਸੰ. ਭਾਈ ਨਾਹਰ ਸਿੰਘ ਕਿਰਪਾਲ ਸਿੰਘ) ੧੯੮੯, ਦਿੱਲੀ, ਸਫਾ ੮੧੫-੨੦
6. ਸਤਿਗੁਰੂ ਬਿਲਾਸ ਭਾਗ ਦੂਜਾ ਸਫਾ ੬੧
7. ਉਹੀ, ਸਫਾ ੬੩-੬੪
8. ਉਹੀ, ਸਫਾ ੭੨-੭੩
9. ਉਹੀ, ਸਫਾ ੮੪
10. ਉਹੀ, ਸਫਾ ੧੫੪
11. ਉਹੀ, ਸਫਾ ੧੬੯
12. ਉਹੀ, ਸਫਾ ੧੭੨
13. ਉਹੀ, ਸਫਾ ੧੮੫
14. ਉਹੀ, ਸਫਾ ੧੮੫
15. ਉਹੀ, ਸਫਾ ੨੩੫
16. ਉਹੀ, ਸਫਾ ੨੩੬
17. ਉਹੀ, ਸਫਾ ੨੫੮
18. ਉਹੀ, ਸਫਾ ੨੫੯
19. ਉਹੀ, ਸਫਾ ੨੭੭
20. ਉਹੀ, ਸਫਾ ੨੭੮
21. ਉਹੀ, ਸਫਾ ੨੮੦-੮੧
22. ਉਹੀ, ਸਫਾ ੨੮੬-੮੭
23. ਉਹੀ, ਸਫਾ ੨੯੮
24. ਉਹੀ, ਸਫਾ ੩੦੬
25. ਉਹੀ, ਸਫਾ ੩੧੫
26. ਉਹੀ, ਸਫਾ ੩੧੬
27. ਉਹੀ, ਸਫਾ ੩੨੬
28. ਉਹੀ, ਸਫਾ ੩੪੫
29. ਲਾਲ ਏਹਿ ਰਤਨ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼)-ਭਾਗ ੫ (ਸੰ ਪ੍ਰਿੰ. ਬੇਅੰਤ ਕੌਰ) ੨੦੦੫ ਈ. ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੭੧

*ਪਿੰਡ ਤੇ ਡਾਕਘਰ ਕਰੀਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ)-੧੨੫੦੭੫, ਫੋਨ-੦੧੬੬੮-੨੭੫੬੨*

Namdhari Elibrary NamdhariElibrary@gmail.com

# ਬਿਖੜੇ ਰਾਹਾਂ ਦਾ ਪੈਂਡਾ



ਵਰਿਆਮ ਸਿੰਘ ਸੰਧੂ

ਮੇਰੇ ਅਕਾਲੀ ਮਿੱਤਰ ਸੋਚਦੇ ਸਨ ਕਿ ਅੱਜ ਦੇ ਇਸ ਵੱਡੇ ਸਮਾਗਮ ਮੌਕੇ ਏਨੇ ਵੱਡੇ ਆਗੂਆਂ ਦੀ ਹਾਜ਼ਰੀ ਵਿੱਚ ਵਿਦਿਆਰਥੀ ਆਗੂ ਵਜੋਂ ਬੋਲਣ 'ਤੇ ਮੈਂ (ਇਹ ਉਹਨਾਂ ਨੂੰ ਆਸ ਹੀ ਸੀ ਕਿ ਮੈਂ ਚੰਗਾ ਬੋਲ ਲਵਾਂਗਾ!) ਸਿਆਸੀ ਹਲਕਿਆਂ ਵਿੱਚ ਇਕਦਮ ਮਹੱਤਵ ਅਖ਼ਤਿਆਰ ਕਰ ਲਵਾਂਗਾ ਅਤੇ ਅਗਲੇ ਕੁੱਝ ਹੀ ਸਾਲਾਂ ਵਿੱਚ ਉਹਨਾਂ ਸਭ ਦੇ ਸਾਥ ਤੇ ਆਪਣੀ 'ਯੋਗਤਾ' ਨਾਲ ਅਕਾਲੀ ਸਿਆਸਤ ਵਿੱਚ ਚੰਗੀ ਥਾਂ ਬਣਾ ਲਵਾਂਗਾ! ਉਹਨਾਂ ਨੇ 'ਕੱਲ੍ਹ ਕਲੋਤਰ ਨੂੰ ਐਮ ਐਲ ਏ ਤੇ ਫਿਰ ਹੋਰ 'ਕਈ ਕੁਝ' ਬਣ ਜਾਣ ਦੀਆਂ ਸੰਭਾਵਨਾਵਾਂ ਦੇ ਸੁਪਨਿਆਂ ਦੇ ਰੰਗ ਮੇਰੇ ਸਾਹਮਣੇ ਵਿਛਾ ਧਰੇ। ਉਹਨਾਂ ਦਾ ਮੇਰੇ ਬਾਰੇ ਇਸਤਰ੍ਹਾਂ ਸੋਚਣਾ ਇੱਕ ਗੱਲੋਂ ਤਾਂ ਮੈਨੂੰ ਬਹੁਤ ਚੰਗਾ ਲੱਗਾ ਪਰ ਮੇਰੀ ਵਿਚਾਰਧਾਰਾ ਮੁਤਾਬਕ ਅਕਾਲੀਆਂ ਨਾਲ ਮੇਰੀ ਪੱਕੀ ਸੰਗਤ ਦੀ ਕੋਈ ਸੰਭਾਵਨਾ ਤਾਂ ਦੂਰ ਦੂਰ ਤੱਕ ਬਣਦੀ ਨਜ਼ਰ ਨਹੀਂ ਸੀ ਆਉਂਦੀ!

ਉਹਨਾਂ ਵੱਲੋਂ ਸੁਪਨਿਆਂ ਦੇ ਵਿਛਾਏ ਜਾਲ ਨੇ ਆਪਣੇ ਵੱਲ ਖਿੱਚਣ ਦੀ ਥਾਂ ਸਗੋਂ 'ਧੱਕਾ ਮਾਰ ਕੇ' ਮੈਨੂੰ ਹੋਰ ਪਿੱਛੇ ਵੱਲ ਕਰ ਦਿੱਤਾ। ਮੈਂ ਅਲੱਗ ਹੋ ਕੇ ਮੌਲਵੀ ਹੁਰਾਂ ਨੂੰ ਸਮਝਾਇਆ ਕਿ ਏਨਾ ਮਾਣ ਦੇਣ ਲਈ ਮੈਂ ਉਹਨਾਂ ਦਾ ਧੰਨਵਾਦੀ ਹਾਂ ਪਰ ਮੇਰੀ ਸੋਚ ਮੁਤਾਬਕ ਅਕਾਲੀਆਂ ਨਾਲ ਰਲ ਜਾਣਾ ਮੈਨੂੰ ਕਿਵੇਂ ਵੀ ਵਾਰਾ ਨਹੀਂ ਖਾਂਦਾ। ਮੈਂ ਸਮਾਗਮ ਵਿੱਚ ਬੋਲਣ ਤੋਂ ਇਨਕਾਰੀ ਹੋ ਗਿਆ। ਨਿਸਚੇ ਹੀ ਉਹਨਾਂ ਨੂੰ ਮੇਰੇ ਫ਼ੈਸਲੇ ਨਾਲ ਨਿਰਾਸ਼ਾ ਹੋਈ ਹੋਵੇਗੀ ਤੇ ਸ਼ਾਇਦ ਉਹ ਮੈਨੂੰ ਦਿੱਤੀ ਪੇਸ਼ਕਸ਼ ਹੁਣ ਭੁੱਲ-ਭੁਲਾ ਵੀ ਗਏ ਹੋਣ ਪਰ ਮੈਨੂੰ ਅਜੇ ਵੀ ਲੱਗਦਾ ਹੈ ਕਿ ਮੈਂ ਉਸ ਦਿਨ ਵਿਚਾਰਧਾਰਕ ਤੌਰ 'ਤੇ ਤਿਲਕਣੋਂ ਤੇ ਡਿੱਗਣੋਂ ਬਚ ਗਿਆ। ਹੋ ਸਕਦਾ ਹੈ, ਅਕਾਲੀਆਂ ਨਾਲ ਮਿਲ ਕੇ ਮੈਂ ਉਹਨਾਂ ਵੱਲੋਂ ਵਿਖਾਏ ਸੁਪਨਿਆਂ ਦੇ ਅਸਮਾਨ ਵਿਚੋਂ ਕੁੱਝ ਇੱਕ ਤਾਰੇ ਤੋੜ ਵੀ ਲੈਂਦਾ। ਪਰ ਫਿਰ ਮੈਂ ਅੱਜ ਵਾਲਾ ਵਰਿਆਮ ਸਿੰਘ ਸੰਧੂ ਹੋਣ ਦੀ ਥਾਂ ਕੋਈ ਹੋਰ ਵਰਿਆਮ ਸਿੰਘ ਸੰਧੂ ਹੋਣਾ ਸੀ! ਮੈਨੂੰ ਹੁਣ ਵਾਲਾ ਵਰਿਆਮ ਸਿੰਘ ਸੰਧੂ ਬਣੇ ਰਹਿਣਾ ਹੀ ਚੰਗਾ ਲੱਗਦਾ ਹੈ।

ਮੇਰੀ ਪਹਿਲੀ ਗ੍ਰਿਫ਼ਤਾਰੀ ਪਿਛੇ ਬੁਨਿਆਦੀ ਕਾਰਨ ਮੇਰੀ ਲਿਖਤ ਹੀ ਸੀ। ਅਕਾਲੀ ਆਗੂਆਂ ਨਾਲ ਮੇਰੀ ਸਾਂਝ ਦਾ ਆਧਾਰ ਵੀ ਮੇਰੀਆਂ ਲਿਖਤਾਂ ਸਨ ਅਤੇ 'ਮੌਲਵੀ' ਵੱਲੋਂ ਮੇਰੀ ਕਹਾਣੀ ਤੇ ਕਵਿਤਾ ਦਾ ਨਾਂ ਲੈ ਕੇ ਮਾਰਿਆ ਮਿਹਣਾ ਵੀ ਮੇਰੀ ਲਿਖਤ ਦਾ ਮਿਹਣਾ ਸੀ ਜੋ ਮੈਨੂੰ ਉਹਨਾਂ ਵੱਲ ਖਿੱਚ ਕੇ ਲੈ ਗਿਆ; ਹਾਲਾਂਕਿ ਵਿਦਿਆਰਥੀ ਅੰਦੋਲਨ ਨਾਲ ਦਿਲੋਂ ਹਮਦਰਦੀ ਹੋਣ ਦੇ ਬਾਵਜੂਦ ਇਸ ਨਾਲ ਮੇਰਾ ਸਿੱਧਾ ਸੰਬੰਧ ਕੋਈ ਨਹੀਂ ਸੀ। ਰਾਜਨੀਤਕ ਸਰਗਰਮੀ ਤਾਂ ਮੇਰੀ ਹੈ ਕੋਈ ਨਹੀਂ ਸੀ। 'ਨਕਸਲੀ' ਵਿਚਾਰਾਂ ਨਾਲੋਂ ਮੈਂ ਵਿੱਥ ਵੀ ਥਾਪ ਲਈ ਸੀ।

ਗ੍ਰਿਫ਼ਤਾਰ ਹੋ ਕੇ ਮੈਂ ਹੋਣ ਵਾਲੀ ਪਤਨੀ ਰਜਵੰਤ ਨੂੰ ਵਿਚੋਲਣ ਰਾਹੀਂ ਕੁੱਝ ਸਮਾਂ ਪਹਿਲਾਂ ਭੇਜੀ 'ਧਮਕੀ' ਸੱਚ ਕਰ ਵਿਖਾਈ ਸੀ! ਉਸਨੂੰ ਮੇਰੇ ਭਵਿੱਖੀ ਵਤੀਰੇ ਦੇ ਰੰਗ-ਢੰਗ ਦਿਸਣੇ ਸ਼ੁਰੂ ਹੋ ਗਏ ਸਨ। ਅਸੀਂ ਵਿਆਹ ਤੋਂ ਪਹਿਲਾਂ ਇੱਕ ਦੂਜੇ ਨੂੰ ਕੇਵਲ ਤਸਵੀਰਾਂ ਵਿੱਚ ਹੀ ਵੇਖਿਆ ਸੀ। ਕਦੀ ਆਹਮੋ-ਸਾਹਮਣੇ ਵੀ ਨਹੀਂ ਸਾਂ ਹੋਏ, ਬੋਲਣ-ਚਾਲਣ ਦਾ ਤਾਂ ਭਲਾ ਕੀ ਸਵਾਲ ਪੈਦਾ ਹੋਣਾ ਸੀ! ਪਰ ਜਦੋਂ ਉਸਨੇ ਆਪਣੇ ਪਿੰਡ ਨੇੜਲੇ ਕਾਲਜ ਬੀੜ ਬਾਬਾ ਬੁੱਢਾ ਸਾਹਿਬ ਦੇ ਵਿਦਿਆਰਥੀਆਂ ਨੂੰ ਝਬਾਲ ਦੇ ਅੱਡੇ 'ਤੇ ਪੁਲਿਸ ਦਾ ਸਾਹਮਣਾ ਕਰਦਿਆਂ ਤੇ ਪੁਲਿਸ ਵੱਲੋਂ ਉਹਨਾਂ 'ਤੇ ਹੰਝੂ ਗੈਸ ਦੇ ਗੋਲੇ ਸੁੱਟਦਿਆਂ ਵੇਖਿਆ ਤਾਂ ਉਸਨੂੰ ਵੀ ਫ਼ਿਕਰ ਹੋਇਆ ਕਿ ਉਸਦਾ ਹੋਣ ਵਾਲਾ ਪਤੀ ਵੀ ਕਾਲਜ ਵਿੱਚ ਪੜ੍ਹਦਾ ਹੋਣ ਕਰਕੇ ਕਿਸੇ ਸੰਕਟ ਵਿੱਚ ਨਾ ਫਸ ਗਿਆ ਹੋਵੇ!

ਉਸਨੇ ਆਪਣੀ ਕੁਲੀਗ ਅਤੇ ਹਮਦਰਦ ਸਹੇਲੀ ਸਵਿੰਦਰ ਭੈਣ ਜੀ ਨਾਲ ਇਸ ਬਾਰੇ ਗੱਲ ਕੀਤੀ। ਸਵਿੰਦਰ ਦਾ ਦਿਓਰ ਇਕਬਾਲ ਵੀ ਸਾਡੇ ਹੀ ਵਿਚਾਰਾਂ ਦਾ ਸੀ ਤੇ ਅੱਜ-ਕੱਲ੍ਹ ਮੇਰੇ ਨਾਲ ਹੀ ਪਟਿਆਲਾ ਹੋਸਟਲ ਵਿੱਚ ਰਹਿ ਕੇ ਹਿਸਟਰੀ ਦੀ ਐਮ ਏ ਕਰ ਰਿਹਾ ਸੀ। ਸਵਿੰਦਰ ਦੇ ਪਰਿਵਾਰ ਨੂੰ ਵੀ ਉਸਦੇ ਗ੍ਰਿਫ਼ਤਾਰ ਹੋਣ ਦਾ ਡਰ ਸੀ। ਸਵਿੰਦਰ ਤੇ ਰਜਵੰਤ ਖ਼ਾਲਸਾ ਕਾਲਜ ਗਈਆਂ। ਕਾਲਜ ਤਾਂ ਬੰਦ ਸੀ। ਇਕਬਾਲ ਉਹਨਾਂ ਦਿਨਾਂ ਵਿੱਚ ਹੋਸਟਲ ਬੰਦ ਹੋਣ ਕਰਕੇ ਕਿਸੇ ਹੋਰ ਟਿਕਾਣੇ 'ਤੇ ਰਹਿ ਰਿਹਾ ਸੀ। ਸਵਿੰਦਰ ਨੇ ਪੁੱਛ-ਪੁਛਾ ਕੇ ਉਸਨੂੰ ਲੱਭ ਲਿਆ। ਉਸਤੋਂ ਉਹਨਾਂ ਨੂੰ ਮੇਰੀ ਗ੍ਰਿਫ਼ਤਾਰੀ ਦਾ ਤੇ ਮੇਰੇ 'ਠੀਕ-ਠਾਕ' ਹੋਣ ਦਾ ਪਤਾ ਲੱਗ ਗਿਆ। ਇਹ ਖ਼ਬਰ ਸੁਣ ਕੇ ਪਤਾ ਨਹੀਂ ਉਸਨੂੰ ਢਾਰਸ ਮਿਲੀ ਜਾਂ ਨਹੀਂ ਪਰ ਉਸਨੇ ਮੇਰੇ ਨਾਲ ਵਿਆਹ ਕਰਨ ਦਾ ਇਰਾਦਾ ਤਰਕ ਨਾ ਕੀਤਾ। ਮੇਰੇ ਨਾਲ


NamdhariElibrary NamdhariElibrary@gmail.com

ਵਿਆਹ ਕਰਵਾਉਣ ਤੋਂ ਬਾਅਦ ਉਸਨੇ ਪ੍ਰਾਪਤ ਖ਼ੁਸ਼ੀਆਂ ਦੇ ਨਾਲ ਨਾਲ ਮੇਰੇ ਨਾਲ ਜੁੜੇ ਹੋਰ ਕਈ ਸੰਕਟਾਂ ਦਾ ਸਾਹਮਣਾ ਵੀ ਤਾਂ ਕਰਨਾ ਸੀ!

ਵਿਆਹ ਪਿੱਛੋਂ ਪਹਿਲਾ ਸੰਕਟ ਸੀ ਐਮਰਜੈਂਸੀ ਦੇ ਦਿਨਾਂ ਵਿੱਚ ਮੇਰੀ ਗ੍ਰਿਫ਼ਤਾਰੀ। ਇਹ ੧੯੭੫ ਦੇ ਅਕਤੂਬਰ ਮਹੀਨੇ ਦੇ ਅਖ਼ੀਰਲੇ ਦਿਨ ਸਨ। ਮੇਰੀ ਪਹਿਲੀ ਬੱਚੀ ਰੂਪ ਨੂੰ ਪੈਦਾ ਹੋਇਆਂ ਅਜੇ ਹਫ਼ਤਾ ਵੀ ਨਹੀਂ ਸੀ ਹੋਇਆ। ਰਜਵੰਤ ਛਿਲੇ ਵਿੱਚ ਹੀ ਸੀ ਜਦੋਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੇਰੇ ਖ਼ਿਲਾਫ਼ 'ਸਰਕਾਰ ਬਨਾਮ ਵਰਿਆਮ ਸਿੰਘ' ਨਾਂ ਦਾ ਇਹ ਕੇਸ ਦਫ਼ਾ ੧੦੭/੧੫੧ ਅਧੀਨ ਦਰਜ ਕੀਤਾ ਗਿਆ ਸੀ। ਮੇਰੇ ਤੋਂ ਸਰਕਾਰੀ ਅਮਨ ਕਾਨੂੰਨ ਨੂੰ ਖ਼ਤਰਾ ਸੀ! ਭਿੱਖੀਵਿੰਡ ਚੌਕ ਵਿੱਚ ਇੱਕ ਫ਼ਲਾਂ ਦੀ ਰੇੜ੍ਹੀ ਲਾਉਣ ਵਾਲਾ ਅਤੇ ਇੱਕ ਮੱਛੀ ਦੇ ਪਕੌੜੇ ਵੇਚਣ ਵਾਲਾ ਚਸ਼ਮਦੀਦ ਗਵਾਹ ਬਣੇ। ਪੁਲਿਸ ਦੀ ਘੜੀ ਕਹਾਣੀ ਮੁਤਾਬਕ 'ਉਹਨਾਂ ਨੇ ਪਿਛਲੀ ਸ਼ਾਮ ਮੈਨੂੰ ਕਿਸੇ ਇਕਲਵੰਜੇ ਥਾਂ 'ਤੇ ਕੁੱਝ ਲੋਕਾਂ ਨੂੰ ਇਕੱਠਿਆਂ ਕਰ ਕੇ, ਉਹਨਾਂ ਅੱਗੇ ਜੋਸ਼ੀਲਾ ਭਾਸ਼ਨ ਕਰਦਿਆਂ ਤੇ ਸਰਕਾਰ ਵਿਰੁੱਧ ਹਥਿਆਰ-ਬੰਦ ਬਗ਼ਾਵਤ ਕਰਨ ਦਾ ਸੱਦਾ ਦਿੰਦਿਆਂ ਵੇਖਿਆ/ਸੁਣਿਆਂ ਸੀ!'

ਗ੍ਰਿਫ਼ਤਾਰ ਕਰ ਕੇ ਮੈਨੂੰ ਸਬ-ਜੇਲ੍ਹ ਪੱਟੀ ਵਿੱਚ ਭੇਜ ਦਿੱਤਾ। ਮੇਰੀ ਪਤਨੀ ਚਾਰ-ਪੰਜ ਦਿਨਾਂ ਦੀ ਧੀ ਨੂੰ ਕੁੱਛੜ ਚੁੱਕੀ ਛਿਲੇ ਦੇ ਦਿਨਾਂ ਵਿੱਚ ਹੀ ਜਦੋਂ ਮੇਰੇ ਮਗਰ ਕਚਹਿਰੀਆਂ ਵਿੱਚ ਧੱਕੇ ਖਾਂਦੀ ਵੇਖੀ ਤਾਂ ਮੇਰੀ ਦਾਦੀ ਦੇ ਭਤੀਏ ਦੇ ਪੁੱਤ ਅਜਾਇਬ ਸਿੰਘ ਸੰਧੂ ਨੇ, ਜਿਸ ਨਾਲ ਸਾਡਾ ਬੜਾ ਗੂੜ੍ਹਾ ਪਰਿਵਾਰਕ ਮਿਲਵਰਤਣ ਸੀ ਅਤੇ ਜਿਸਦਾ ਪੱਟੀ ਸ਼ਹਿਰ ਅਤੇ ਆਸ-ਪਾਸ ਦੇ ਇਲਾਕੇ ਵਿੱਚ ਚੰਗਾ ਅਸਰ-ਰਸੂਖ਼ ਸੀ, ਮੈਨੂੰ ਜ਼ਮਾਨਤ ਕਰਵਾ ਲੈਣ ਬਾਰੇ ਆਖਿਆ। ਮੈਨੂੰ ਪਤਾ ਸੀ ਕਿ ਜ਼ਮਾਨਤ ਕਰਵਾਉਣ ਦਾ ਕੋਈ ਲਾਭ ਨਹੀਂ ਹੋਣਾ। ਮੈਨੂੰ ਇਹ ਵੀ ਪਤਾ ਸੀ ਕਿ ਮੈਨੂੰ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਜਾਣਾ ਹੈ। ਪਰ ਉਹਨਾਂ ਮੇਰੀ ਜ਼ਮਾਨਤ ਦੀ ਅਰਜ਼ੀ ਪਾ ਦਿੱਤੀ¢ ਮੇਰੇ ਕੋਲੋਂ ਢਾਈ ਲੱਖ ਰੁਪਏ ਦੀ 'ਨੰਬਰੀ' ਜ਼ਮਾਨਤ ਤੇ ਪੰਜਾਹ ਹਜ਼ਾਰ ਦੇ ਜ਼ਾਤੀ ਮੁਚੱਲਕੇ ਦੀ ਮੰਗ ਕੀਤੀ ਗਈ। ਜ਼ਮਾਨਤ ਦੇਣ ਵਾਲੇ ਵੱਲੋਂ ਆਪਣੀ ਜਾਇਦਾਦ ਦਾ ਲਿਖਤੀ ਰੀਕਾਰਡ ਪੇਸ਼ ਕਰਨ ਪਿੱਛੋਂ ਹੀ ਜ਼ਮਾਨਤ ਮਨਜ਼ੂਰ ਹੋ ਸਕਦੀ ਸੀ। ਇਹ ਹੈਰਾਨੀ ਦੀ ਗੱਲ ਸੀ। ਆਮ ਤੌਰ 'ਤੇ ਅਜਿਹੇ 'ਸੱਤ-ਇਕਵੰਜਾ' ਵਾਲੇ ਕੇਸਾਂ ਵਿੱਚ ਪੰਜ ਕੁ ਹਜ਼ਾਰ ਰੁਪਈਆਂ ਤੱਕ ਦੀ ਸਾਧਾਰਨ ਜ਼ਮਾਨਤ ਹੋ ਜਾਂਦੀ ਸੀ ਪਰ ਮੇਰੇ ਵਾਸਤੇ ਏਨੀ ਵੱਡੀ ਜ਼ਮਾਨਤ! ਕੀ ਮੈਂ ਸੱਚਮੁਚ ਏਡਾ 'ਵੱਡਾ' ਸਾਂ!

ਪਰ ਏਨੀ ਜ਼ਮਾਨਤ ਦਾ ਪ੍ਰਬੰਧ ਇਕਦਮ ਤਾਂ ਹੋ ਨਹੀਂ ਸੀ ਸਕਦਾ।

ਮੈਨੂੰ 'ਨਿਆਇਕ-ਹਿਰਾਸਤ' ਅਧੀਨ ਸਬ-ਜੇਲ੍ਹ ਪੱਟੀ ਵਿੱਚ ਭੇਜ ਦਿੱਤਾ ਗਿਆ। ਅਜਾਇਬ ਸਿੰਘ ਨੇ ਆਪਣੀ ਕੋਸ਼ਿਸ਼ ਜਾਰੀ ਰੱਖੀ। ਜਾਣ-ਪਛਾਣ ਹੋਣ ਕਰਕੇ ਅਜਾਇਬ ਸਿੰਘ ਐਸ ਡੀ ਐੱਮ ਨੂੰ ਨਿੱਜੀ ਤੌਰ 'ਤੇ ਵੀ ਮਿਲਿਆ ਤੇ ਮੇਰੇ 'ਬੇਗੁਨਾਹ' ਹੋਣ ਬਾਰੇ ਆਖਿਆ। ਐੱਸ ਡੀ ਐੱਮ ਨੇ ਦੱਸਿਆ ਕਿ ਮੈਨੂੰ 'ਉੱਤੋਂ' ਆਈਆਂ ਸਰਕਾਰੀ ਹਦਾਇਤਾਂ ਕਰਕੇ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ।

ਐੱਸ ਡੀ ਐੱਮ ਨੇ ਉਸਨੂੰ 'ਭੇਤ ਦੀ ਗੱਲ' ਦੱਸੀ, 'ਕੇਸ ਕਾਬਲੇ-ਜ਼ਮਾਨਤ ਹੋਣ ਕਰਕੇ ਜ਼ਮਾਨਤ ਦੇਣ ਤੋਂ ਇਨਕਾਰ ਤਾਂ ਨਹੀਂ ਸੀ ਕੀਤਾ ਜਾ ਸਕਦਾ, ਪਰ ਏਨੀ ਵੱਡੀ ਜ਼ਮਾਨਤ ਮੰਗਣ ਦਾ ਮਤਲਬ ਇਹੋ ਸੀ ਕਿ ਜ਼ਮਾਨਤ ਹੋ ਹੀ ਨਾ ਸਕੇ। ਅਜਿਹੀ ਜ਼ਮਾਨਤ ਦੇਣ ਲੱਗਿਆਂ ਕੋਈ ਦੂਜਾ ਬੰਦਾ ਸੌ ਵਾਰ ਸੋਚੇਗਾ!'

ਇਹਨਾਂ ਦਿਨਾਂ ਵਿੱਚ ਮੇਰੇ ਵਰਗੇ 'ਸਰਕਾਰ ਵਿਰੋਧੀ' ਬੰਦੇ ਦੀ ਜ਼ਮਾਨਤ ਦੇ ਕੇ ਉਂਜ ਵੀ ਕੀ ਕਿਸੇ ਨੇ ਆਪ ਅੰਦਰ ਹੋਣਾ ਸੀ!

ਅਜਾਇਬ ਸਿੰਘ ਲਈ ਬਹੁਤ ਹੀ ਸਾਊ ਅਤੇ ਸਿਆਣਾ ਜਾਪਣ ਵਾਲਾ 'ਮੈਂ' ਸਰਕਾਰ ਲਈ ਏਨਾ ਹੀ ਖ਼ਤਰਨਾਕ ਸਾਂ! ਐਸ ਡੀ ਐਮ ਨੇ ਇਸ ਦਾ ਜਵਾਬ 'ਹਾਂ' ਵਿੱਚ ਦਿੰਦਿਆਂ ਮੈਨੂੰ ਸਰਕਾਰੀ ਕਾਗਜ਼ਾਂ ਵਿੱਚ ਵੱਡਾ 'ਨਕਸਲੀ' ਹੋਣਾ ਦੱਸਿਆ। "ਤੁਸੀਂ ਆਪਣੇ ਓਂ। ਆਹ ਵੇਖ ਲੌ ਉਹਦੇ ਕੇਸ ਨਾਲ ਨੱਥੀ ਉਹਦੀਆਂ ਸਰਕਾਰ-ਵਿਰੋਧੀ ਲਿਖਤਾਂ! ਆਹ ਵੇਖੋ ਉਹਦੀ ਕਹਾਣੀ 'ਅੱਖਾਂ ਵਿੱਚ ਮਰ ਗਈ ਖ਼ੁਸ਼ੀ' ; ਆਹ ਟਿੱਪਣੀ ਵੇਖੋ! ਇਸ ਵਿੱਚ ਕਾਂਗਰਸ ਦੇ ਤਿਰੰਗੇ ਝੰਡੇ ਨੂੰ ਪਾੜ ਕੇ ਉਸਦਾ ਬਸਤਾ ਬਨਾਉਣ ਲਈ ਲਿਖਿਆ ਗਿਆ ਹੈ!"

ਉਸਨੇ ਮੇਰੀਆਂ ਕਹਾਣੀਆਂ 'ਲੋਹੇ ਦੇ ਹੱਥ' ਅਤੇ 'ਜੇਬ-ਕਤਰੇ' ਦਾ ਨਾਂ ਵੀ ਲਿਆ ਤੇ ਕੁੱਝ 'ਖ਼ਤਰਨਾਕ ਸਰਕਾਰ ਵਿਰੋਧੀ ਕਵਿਤਾਵਾਂ' ਦਾ ਜ਼ਿਕਰ ਵੀ ਕੀਤਾ।

ਅਜਾਇਬ ਸਿੰਘ ਨੇ ਮੈਨੂੰ ਦੱਸਿਆ ਤਾਂ ਮੈਂ ਹੈਰਾਨ ਵੀ ਹੋਇਆ ਅਤੇ ਖ਼ੁਸ਼ ਵੀ।

ਹੱਛਾ ਜੀ! ਸਰਕਾਰ ਦੀ ਸੀ ਆਈ ਡੀ ਸਾਡੀਆਂ ਲਿਖਤਾਂ ਵੀ ਪੜ੍ਹਦੀ ਹੈ ਅਤੇ ਸਾਨੂੰ 'ਏਡੇ ਵੱਡੇ' ਬੰਦੇ ਸਮਝਦੀ ਹੈ! ਇਸ 'ਵਡੱਤਣ' ਦਾ ਕੁੱਝ ਤਾਂ 'ਮੁਲ ਤਾਰਨਾ' ਬਣਦਾ ਹੀ ਸੀ!

ਅਜਾਇਬ ਸਿੰਘ ਵੱਲੋਂ ਹੀ ਪਰਬੰਧ ਕੀਤੇ ਜਾਣ 'ਤੇ ਤਿੰਨ ਕੁ ਹਫ਼ਤਿਆਂ ਬਾਅਦ ਮੈਨੂੰ ਜ਼ਮਾਨਤ ਲੈ ਕੇ ਛੱਡਿਆ ਗਿਆ।

ਰਿਹਾਅ ਹੋਣ ਤੋਂ ਬਾਅਦ ਉਹੋ ਗੱਲ ਹੋਈ ਜਿਸਦਾ ਮੈਨੂੰ


NamdhariElibrary NamdhariElibrary@gmail.com

ਪਹਿਲਾਂ ਹੀ ਅੰਦੇਸ਼ਾ ਸੀ। ਰਿਹਾਈ ਤੋਂ ਬਾਅਦ ਇਸੇ ਮੁਕੱਦਮੇ ਦੀ ਤਰੀਕ ਭੁਗਤਣ ਗਏ ਨੂੰ ਹੀ ਮੈਨੂੰ ਪੱਟੀ ਕਚਹਿਰੀਆਂ ਵਿਚੋਂ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਵਾਰੀ ਪੁਲਿਸ ਬਿਆਸ ਥਾਣੇ ਦੀ ਸੀ। ਕਚਹਿਰੀਆਂ ਪਿੱਛੇ ਸਫ਼ੈਦਿਆਂ ਦੇ ਓਹਲੇ ਵਿੱਚ ਖਲੋਤੇ ਟਰੱਕ ਵਿੱਚ ਬਿਠਾ ਕੇ ਪੁਲਿਸ ਵਾਲੇ ਮੈਨੂੰ ਬਿਆਸ ਲੈ ਗਏ। ਮੇਰੇ 'ਤੇ 'ਡੀ ਆਈ ਆਰ' ਲਾ ਕੇ ਪਹਿਲਾਂ ਇੰਟੈਰੋਗੇਸ਼ਨ ਸੈਂਟਰ ਅਤੇ ਫਿਰ ਅੰਮ੍ਰਿਤਸਰ ਜੇਲ੍ਹ ਵਿੱਚ ਭੇਜ ਦਿੱਤਾ। ਦਸ ਪੰਦਰਾਂ ਦਿਨ ਤਾਂ ਮੇਰੇ ਘਰਦਿਆਂ ਨੂੰ ਮੇਰੀ ਕੋਈ ਉੱਘ-ਸੁੱਘ ਹੀ ਨਾ ਮਿਲੀ। ਮੇਰੇ ਮਰੇ ਜਾਂ ਜਿਊਂਦੇ ਦੀ ਕੋਈ ਵੀ ਖ਼ਬਰ ਨਾ ਮਿਲਣ 'ਤੇ ਰਜਵੰਤ ਬਹੁਤ ਦੁਖੀ ਤੇ ਘਬਰਾਈ ਹੋਈ ਸੀ। ਜਦੋਂ ਜੇਲ੍ਹ ਵਿੱਚ ਜਾ ਕੇ ਮੈਂ ਉਸਨੂੰ ਚਿੱਠੀ ਲਿਖੀ ਤਾਂ ਉਹ ਉੱਡਦੀ ਹੋਈ ਮੇਰੀ ਮੁਲਾਕਾਤ ਨੂੰ ਪਹੁੰਚੀ। ਮੈਨੂੰ ਜਿਊਂਦਾ ਵੇਖ ਕੇ ਉਸਨੂੰ ਇੱਕ ਵਾਰ ਤਾਂ ਸਾਰੇ ਗ਼ਮ ਭੁੱਲ ਗਏ ਜਾਪੇ।

ਇਹ ਤਾਂ ਹੁਣ ਨਿਸਚਿਤ ਸੀ ਕਿ ਮੈਂ ਓਨਾ ਚਿਰ ਬਾਹਰ ਨਹੀਂ ਸਾਂ ਜਾ ਸਕਦਾ ਜਿਨਾਂ ਚਿਰ ਮੇਰੇ ਮੁਕੱਦਮੇ ਦਾ ਫ਼ੈਸਲਾ ਨਹੀਂ ਹੁੰਦਾ ਜਾਂ ਸਰਕਾਰ ਆਪ ਹੀ ਕੇਸ ਵਾਪਸ ਲੈਣ ਅਤੇ ਮੈਨੂੰ ਛੱਡਣ ਦਾ ਫ਼ੈਸਲਾ ਨਹੀਂ ਕਰਦੀ। ਸਰਕਾਰ ਵੱਲੋਂ ਅਜਿਹਾ ਫ਼ੈਸਲਾ ਛੇਤੀ ਲਏ ਜਾਣ ਦੀ ਕਿਸੇ ਨੂੰ ਕੋਈ ਆਸ ਨਹੀਂ ਸੀ। ਮੈਂ ਰਜਵੰਤ ਨੂੰ ਤਕੜੀ ਹੋ ਕੇ ਇਸ ਹੋਣੀ ਦਾ ਮੁਕਾਬਲਾ ਕਰਨ ਲਈ ਕਿਹਾ ਅਤੇ ਆਪ ਵੀ ਅਗਲੇ ਦਿਨ ਜੇਲ੍ਹ ਵਿੱਚ ਕੱਟਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਗਿਆ।

ਜਿਨ੍ਹਾਂ ਨੇ ਜੇਲ੍ਹ ਦੀ ਰੋਟੀ ਦੇ ਕਦੀ 'ਦਰਸ਼ਨ' ਕੀਤੇ ਹਨ ਉਹ ਜਾਣਦੇ ਹਨ ਕਿ ਵੱਧ ਤੋਂ ਵੱਧ ਭੈੜੇ ਆਟੇ ਦੀ ਤੇ ਹਾਥੀ ਦੇ ਕੰਨ ਵਰਗੀ ਕੱਚੀ ਜਾਂ ਸੜੀ ਰੋਟੀ ਨੂੰ ਵੇਖਣਾ ਹੀ ਕਿੰਨਾਂ ਔਖਾ ਹੈ; ਖਾਣਾ ਤਾਂ ਕਿਤੇ ਰਿਹਾ! ਸਬਜ਼ੀ ਦਾ ਤਾਂ ਬਹੁਤੀ ਵਾਰ ਤੁਸੀਂ ਅਨੁਮਾਨ ਹੀ ਨਹੀਂ ਲਾ ਸਕਦੇ ਕਿ ਕਾਹਦੀ ਬਣੀ ਹੈ! ਦਾਲ 'ਤੇ ਸਬਜ਼ੀ ਉੱਤੇ ਤਰਦੇ ਕੀੜਿਆਂ ਦੀ ਜੀ ਕੱਚਾ ਕਰ ਦੇਣ ਵਾਲੀ ਝਾਕੀ ਸਵੇਰੇ ਸ਼ਾਮ ਤੁਹਾਡੀਆਂ ਅੱਖਾਂ ਸਾਹਮਣੇ ਹੁੰਦੀ ਹੈ। ਤੁਹਾਨੂੰ ਦਾਲ-ਸਬਜ਼ੀ ਨੂੰ ਇਸ ਵਿਚਲੇ 'ਮਹਾਂ-ਪ੍ਰਸ਼ਾਦ' ਸਮੇਤ ਭੁੱਖੇ ਢਿੱਡ ਨੂੰ ਝੁਲਕਾ ਦੇਣ ਲਈ ਖਾਣਾ ਹੀ ਪੈਂਦਾ ਹੈ! ਅਜਿਹੀ ਰੋਟੀ ਤੋਂ 'ਨੱਕ-ਮੂੰਹ' ਵੱਟਦਿਆਂ ਵੇਖ ਕੇ ਜੇਲ੍ਹ ਵਿਚਲੇ ਮੇਰੇ ਸਾਥੀਆਂ ਨੇ ਕਿਹਾ ਕਿ ਏਥੇ ਘਰ ਦੇ ਪੱਕੇ ਪਰੌਂਠੇ ਤਾਂ ਮਿਲਣੋਂ ਰਹੇ। ਜਾਂ ਤਾਂ ਮੈਂ 'ਚੁੱਪ-ਚਾਪ' ਮਿਲਦੀ ਰੋਟੀ ਖਾ ਲਿਆ ਕਰਾਂ ਤੇ ਜਾਂ 'ਬੀ' ਕਲਾਸ' ਲਈ ਅਪਲਾਈ ਕਰ ਦਿਆਂ। ਗਰੈਜੂਏਟ ਹੋਣ ਕਰਕੇ ਮੈਂ ਬੀ ਕਲਾਸ ਦਾ ਹੱਕਦਾਰ ਸਾਂ। ਅਜੇ ਪਿਛਲੇ ਸਾਲ ਹੀ ਮੈਂ ਐਮ ਏ ਪੰਜਾਬੀ ਦੇ ਪਹਿਲੇ ਭਾਗ ਵਿਚੋਂ ਯੂਨੀਵਰਸਿਟੀ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ।

ਮੈਨੂੰ ਇਹ ਸਲਾਹ ਠੀਕ ਲੱਗੀ। ਆਪਣਾ ਬਣਦਾ ਹੱਕ ਕਿਉਂ ਛੱਡਿਆ ਜਾਵੇ! ਇਸ ਵਾਰ ਜਦੋਂ ਮੈਨੂੰ ਪੁਲਿਸ ਵਾਲੇ ਤਰੀਕ ਭੁਗਤਾਉਣ ਲਈ ਲੈ ਕੇ ਗਏ ਤਾਂ ਮੈਂ ਅੰਮ੍ਰਿਤਸਰ ਕਚਹਿਰੀਆਂ ਵਿੱਚ ਵਕਾਲਤ ਕਰਦੇ ਆਪਣੇ ਸ਼ਾਇਰ ਦੋਸਤ ਅਜਾਇਬ ਸਿੰਘ ਹੁੰਦਲ ਨੂੰ ਮਿਲਣ ਲਈ ਸੁਨੇਹਾ ਭਿਜਵਾਇਆ। ਅਜਾਇਬ ਸਿੰਘ ਹੁੰਦਲ ਮੈਨੂੰ ਬਖ਼ਸ਼ੀਖ਼ਾਨੇ ਆ ਕੇ ਮਿਲਿਆ ਤੇ ਮੇਰੇ ਆਖਣ 'ਤੇ ਮੇਰੇ ਵਕੀਲ ਵਜੋਂ ਮੈਜਿਸਟਰੇਟ ਅੱਗੇ ਪੇਸ਼ ਹੋ ਕੇ ਮੇਰੀ ਬੀ ਕਲਾਸ ਲਵਾਉਣ ਲਈ ਸਮੇਂ ਸਿਰ ਅਦਾਲਤ ਵਿੱਚ ਹਾਜ਼ਰ ਹੋ ਜਾਣ ਦੀ ਹਾਮੀ ਭਰੀ। ਉਸਨੇ ਪੁਲਿਸ ਵਾਲਿਆਂ ਕੋਲੋਂ ਮੇਰੇ ਪੇਸ਼ ਕੀਤੇ ਜਾਣ ਦਾ ਸਮਾਂ ਵੀ ਪਤਾ ਕਰ ਲਿਆ। ਉਸਦੇ ਜਾਣ ਦੀ ਦੇਰ ਸੀ ਕਿ ਪੁਲਿਸ ਮੈਨੂੰ ਅਦਾਲਤ ਵਿੱਚ ਪੇਸ਼ ਕਰ ਕੇ ਅਗਲੀ ਤਰੀਕ ਵੀ ਲੈ ਆਈ। ਹੁੰਦਲ ਮੈਨੂੰ ਓਥੇ ਬਾਅਦ ਦੁਪਹਿਰ ਲੱਭਦਾ ਫਿਰੇ। ਉਸਤੋਂ ਅਗਲੀ ਤਰੀਕ 'ਤੇ ਹੁੰਦਲ ਨੇ ਮੇਰੇ ਦੋਸਤ ਜਸਵੰਤ ਨੂੰ ਕਿਹਾ ਕਿ ਜਿਸ ਵੇਲੇ ਪੁਲਿਸ ਵਾਲੇ ਮੈਨੂੰ ਬਖ਼ਸ਼ੀਖ਼ਾਨੇ ਵਿਚੋਂ ਕੱਢਕੇ ਅਦਾਲਤ ਵੱਲ ਲੈ ਕੇ ਤੁਰਨ ਤਾਂ ਉਹ ਓਸੇ ਵੇਲੇ 'ਛੂਟ' ਵੱਟ ਕੇ ਦੌੜਦਾ ਹੋਇਆ ਉਸਨੂੰ ਸੂਚਿਤ ਕਰ ਦੇਵੇ।

ਇਸ ਵਾਰ ਇੰਜ ਹੀ ਹੋਇਆ। ਅਦਾਲਤ ਵਿੱਚ ਪੇਸ਼ ਹੋਣ ਵੇਲੇ ਜਸਵੰਤ ਦੌੜ ਕੇ ਅਜਾਇਬ ਹੁੰਦਲ ਨੂੰ ਲੈ ਆਇਆ। ਹੁੰਦਲ ਵੀ ਅੱਜ 'ਪੂਰੀ ਤਿਆਰੀ' ਨਾਲ ਆਇਆ ਸੀ। ਅਸਲ ਵਿੱਚ ਉਸਨੇ ਮੇਰੇ ਨਾਲ ਕੀਤੇ ਜਾਂਦੇ ਸਲੂਕ ਤੋਂ ਅਨੁਮਾਨ ਲਾ ਲਿਆ ਸੀ ਕਿ ਮੇਰੀ 'ਬੀ ਕਲਾਸ' ਮਨਜ਼ੂਰ ਕਰਵਾਉਣ ਲਈ ਵੀ ਲੋੜੋਂ ਵੱਧ ਜ਼ੋਰ ਲਾਉਣਾ ਪੈ ਸਕਦਾ ਹੈ। ਇਸੇ ਲਈ ਉਹ ਇੱਕ ਹੋਰ ਸੀਨੀਅਰ ਵਕੀਲ ਨੂੰ ਵੀ ਨਾਲ ਲੈ ਕੇ ਆਇਆ ਸੀ।

ਜਿਸ ਵੇਲੇ ਮੈਜਿਸਟਰੇਟ ਅੱਗੇ ਮੈਨੂੰ ਬੀ ਕਲਾਸ ਦੇਣ ਦੀ ਦਰਖ਼ਾਸਤ ਪੇਸ਼ ਕੀਤੀ ਤਾਂ ਉਸਨੇ ਆਪਣਾ ਭਾਰਾ ਸਿਰ 'ਨਾਂਹ' ਵਿੱਚ ਦੋ ਤਿੰਨ ਵਾਰ ਹਿਲਾਇਆ। ਸੀਨੀਅਰ ਵਕੀਲ ਨੇ, ਜੋ ਮੈਜਿਸਟਰੇਟ ਦਾ ਚੰਗਾ ਜਾਣੂ ਲੱਗਦਾ ਸੀ, ਅਪਣੱਤ ਭਾਵ ਨਾਲ ਪੁੱਛਿਆ, "ਸਰ! ਬੀ ਕਲਾਸ ਲੈਣਾ ਤਾਂ ਇਸਦਾ ਕਾਨੂੰਨੀ ਹੱਕ ਬਣਦਾ ਹੈ। ਹਜ਼ੂਰ ਨੂੰ ਇਸ ਵਿੱਚ ਕੀ ਇਤਰਾਜ਼ ਹੈ!"

ਮੈਜਿਸਟਰੇਟ ਮੇਰੇ ਕੇਸ ਨਾਲ ਸੰਬੰਧਤ ਕਾਗਜ਼-ਪੱਤਰ ਏਧਰ ਓਧਰ ਪਰਤ ਕੇ ਵੇਖ ਰਿਹਾ ਸੀ। ਉਸਦੀਆਂ ਐਨਕਾਂ ਉਤਲੇ ਚੌੜੇ ਮੱਥੇ ਉੱਤੇ ਤਿਊੜੀ ਕੱਸੀ ਹੋਈ ਸੀ, "ਡੀ ਆਈ ਆਰ ਦਾ ਕੇਸ ਹੈ ਇਸਦੇ ਖ਼ਿਲਾਫ਼!"

Namdhari Elibrary NamdhariElibrary@gmail.com

ਉਸਨੇ ਮੇਰੀਆਂ 'ਖ਼ਤਰਨਾਕ ਗਤੀਵਿਧੀਆਂ' ਵੱਲ ਸੰਕੇਤ ਵੀ ਕੀਤਾ ਤਾਂ ਸੀਨੀਅਰ ਵਕੀਲ ਹੱਸ ਕੇ ਕਹਿੰਦਾ, "ਹਜ਼ੂਰ! ਤੁਸੀਂ ਵੀ ਜਾਣਦੇ ਹੋ ਤੇ ਅਸੀਂ ਵੀ ਕਿ ਇਸਦਾ ਜ਼ਾਹਿਰਾ ਕਸੂਰ ਤਾਂ ਕੋਈ ਹੈ ਨਹੀਂ। ਕੇਸ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਾਡੀ ਪੁਲਿਸ ਕਿਵੇਂ ਬਣਾ ਲੈਂਦੀ ਹੈ!"

"ਉਂਜ ਵੀ ਸਰ! ਇਹ ਵਿਚਾਰੇ ਸ਼ਾਇਰ ਤੇ ਅਦੀਬ ਲੋਕ ਨੇ! ਇਹਨਾਂ ਤੋਂ ਸਰਕਾਰ ਨੂੰ ਕਾਹਦਾ ਖ਼ਤਰਾ!" ਕੋਲੋਂ ਅਜਾਇਬ ਹੁੰਦਲ ਨੇ ਹਾਮੀ ਭਰੀ।

"ਯੇਹ ਸ਼ਾਇਰ ਸਾਹਿਬ ਇੰਦਰਾ ਗਾਂਧੀ ਕੇ ਖ਼ਿਲਾਫ਼ ਕਵਿਤਾਏਂ ਲਿਖਤੇ ਹੈਂ। ਆਪ ਕਹਿਤੇ ਹੈਂ ਇਨਸੇ ਖ਼ਤਰਾ ਕੋਈ ਨਹੀਂ!"

ਅਸਲੀ ਗੱਲ ਸਹਿਵਨ ਹੀ ਬਾਹਰ ਆ ਗਈ ਸੀ। ਮੇਰੇ ਖ਼ਿਲਾਫ਼ 'ਮੇਰੀਆਂ ਲਿਖਤਾਂ' ਤੋਂ ਸਿਵਾਇ ਹੋਰ 'ਵੱਡਾ ਦੋਸ਼' ਕੋਈ ਨਹੀਂ ਸੀ। ਲੱਗੇ ਹੋਏ ਦੂਜੇ ਦੋਸ਼ ਤਾਂ ਮੇਰੀਆਂ ਲਿਖਤਾਂ ਦੀ ਹੀ ਪੈਦਾਵਾਰ ਸਨ। ਸ਼ਾਇਦ ਸੀਨੀਅਰ ਵਕੀਲ ਤੇ ਮਜਿਸਟਰੇਟ ਦੀ ਆਪਸੀ ਸਾਂਝ ਦਾ ਤਕਾਜ਼ਾ ਸੀ ਜਾਂ ਉਹ ਉਂਜ ਹੀ ਮੈਨੂੰ ਸੈਕਿੰਡ ਕਲਾਸ ਦੇਣ ਤੋਂ ਨਾਂਹ ਨਾ ਕਰ ਸਕਦਾ ਹੋਵੇ; ਉਸਨੇ ਮੇਰੀ ਸੈਕਿੰਡ ਕਲਾਸ ਮਨਜ਼ੂਰ ਕਰ ਦਿੱਤੀ। ਅਜਾਇਬ ਹੁੰਦਲ ਨੇ ਮੈਨੂੰ ਵਧਾਈ ਦਿੱਤੀ।

ਏਸੇ ਵੇਲੇ ਚਮਤਕਾਰ ਵਾਪਰਿਆ। ਪੁਲਿਸ ਵੱਲੋਂ ਇੱਕ ਦਰਖ਼ਾਸਤ ਪੇਸ਼ ਕੀਤੀ ਗਈ। ਉਸ 'ਤੇ ਨਜ਼ਰ ਮਾਰ ਕੇ ਮਜਿਸਟਰੇਟ ਨੇ ਐਨਕਾਂ ਵਿਚੋਂ ਝਾਕ ਕੇ ਪੁੱਛਿਆ, "ਵਰਿਆਮ ਸਿੰਘ ਕੌਣ ਹੈ?"

ਮੈਂ ਅੱਗੇ ਹੋਇਆ। ਉਸਨੇ ਮੈਨੂੰ ਬਰੀ ਕਰਨ ਦਾ ਹੁਕਮ ਸੁਣਾਇਆ।

ਹੁਣੇ ਹੀ ਉਹ ਮੈਨੂੰ ਬੀ ਕਲਾਸ ਦੇਣ ਤੋਂ ਆਨਾ-ਕਾਨੀ ਕਰ ਰਿਹਾ ਸੀ ਅਤੇ ਹੁਣੇ ਰਿਹਾਈ ਦੇ ਹੁਕਮ!

ਪੁਲਿਸ ਨੇ ਕਿਹਾ ਸੀ ਕਿ ਸੰਬੰਧਤ ਕੇਸ ਵਿੱਚ ਉਹਨਾਂ ਨੂੰ 'ਵਰਿਆਮ ਸਿੰਘ' ਦੀ ਲੋੜ ਨਹੀਂ ਸੀ। 'ਇੰਟੈਰੋਗੇਸ਼ਨ ਸੈਂਟਰ' ਵਿੱਚ ਵੀ ਉਹਨਾਂ ਨੂੰ ਮੇਰੇ ਖ਼ਿਲਾਫ਼ ਕੁੱਝ ਨਹੀਂ ਸੀ ਲੱਭਾ, ਸਿਵਾਇ ਇਸਦੇ ਕਿ ਮੈਂ 'ਅਗਾਂਹਵਧੂ ਵਿਚਾਰਾਂ' ਦਾ ਬੰਦਾ ਹਾਂ! ਮੈਂ ਲੇਖਕਾਂ ਦੀਆਂ ਕਾਨਫ਼ਰੰਸਾਂ, ਸੈਮੀਨਾਰਾਂ ਤੇ ਕਵੀ ਦਰਬਾਰਾਂ ਵਿੱਚ ਹਾਜ਼ਰ ਹੁੰਦਾ ਸਾਂ; ਲੇਖਕਾਂ ਦੀ ਇਨਕਲਾਬੀ ਵਿਚਾਰਾਂ ਵਾਲੀ ਜਥੇਬੰਦੀ ਨਾਲ ਜੁੜਿਆ ਹੋਇਆ ਸਾਂ; ਅਧਿਆਪਕ ਯੂਨੀਅਨ ਵਿੱਚ ਕੰਮ ਕਰਦਾ ਸਾਂ; ਹੋਰਨਾਂ ਭਰਾਤਰੀ ਜਥੇਬੰਦੀਆਂ ਦੇ ਸੰਘਰਸ਼ਾਂ ਵਿੱਚ ਉਹਨਾਂ ਦਾ ਸਾਥੀ ਸਾਂ, 'ਨੌਜਵਾਨ ਭਾਰਤ ਸਭਾ' ਨਾਲ ਜੁੜਿਆ ਹੋਇਆ ਸਾਂ ਤੇ ਸਭਾ ਦੀ ਜ਼ਿਲ੍ਹਾ ਕਾਨਫ਼ਰੰਸ ਦੀ ਪ੍ਰਧਾਨਗੀ ਕਰ ਚੁੱਕਾ ਸਾਂ। ਆਪਣੇ 'ਅਗਾਂਹਵਧੂ' ਹੋਣ ਤੋਂ ਨਾ ਮੈਂ ਮੁਕਰਦਾ ਸਾਂ ਤੇ ਨਾ ਹੀ ਅਜਿਹੀਆਂ ਲੋਕ-ਹਿਤੈਸ਼ੀ ਸਰਗਰਮੀਆਂ ਤੋਂ ਇਨਕਾਰੀ ਸਾਂ। ਪਰ ਇਹਨਾਂ ਸਰਗਰਮੀਆਂ ਦੇ ਆਧਾਰ 'ਤੇ ਤਾਂ ਮੇਰੇ ਖ਼ਿਲਾਫ਼ ਫ਼ੌਜਦਾਰੀ ਕੇਸ ਨਹੀਂ ਸੀ ਚਲਾਇਆ ਜਾ ਸਕਦਾ। ਅਸਲ ਵਿੱਚ ਬਿਆਸ ਥਾਣੇ ਦੀ ਪੁਲਿਸ ਮੇਰਾ ਕੇਸ ਤਿਆਰ ਕਰਦਿਆਂ ਕੋਤਾਹੀ ਕਰ ਗਈ ਸੀ। ਪੁਲਿਸ ਨੇ ਮੈਨੂੰ ਉਸ ਤਰੀਕ ਨੂੰ ਸਰਕਾਰ ਵਿਰੁੱਧ 'ਖ਼ਤਰਨਾਕ ਛੜਯੰਤਰ' ਰਚਦਿਆਂ ਵਿਖਾ ਦਿੱਤਾ ਸੀ ਜਿਸ ਤਰੀਕ ਨੂੰ ਮੈਂ ਪਹਿਲਾਂ ਹੀ ਸਬ-ਜੇਲ੍ਹ ਪੱਟੀ ਵਿੱਚ ਅੰਦਰ ਸਾਂ। ਤਿੰਨ ਮਹੀਨੇ ਬੀਤ ਜਾਣ ਬਾਅਦ ਅੱਜ ਇਸ ਕੇਸ ਦਾ ਚਲਾਣ ਪੇਸ਼ ਕੀਤਾ ਜਾਣਾ ਸੀ। ਆਖ਼ਰਕਾਰ ਇਸ ਨੁਕਤੇ ਨੂੰ ਧਿਆਨ ਵਿੱਚ ਰੱਖਦਿਆਂ ਕਿ ਇੱਕ ਆਦਮੀ ਜੇਲ੍ਹ ਵਿੱਚ ਵੀ ਹੋਵੇ ਤੇ ਓਸੇ ਦਿਨ ਬਾਹਰ ਕਿਸੇ 'ਗੁਪਤ ਥਾਂ' 'ਤੇ ਦੇਸ਼ ਵਿਰੁੱਧ ਸਾਜਿਸ਼ ਕਰਨ ਲਈ ਕਿਸੇ ਗਰੁੱਪ ਨੂੰ ਉਕਸਾ ਵੀ ਰਿਹਾ ਹੋਵੇ, ਕਾਨੂੰਨੀ ਨੁਕਤੇ ਤੋਂ ਮੰਨਣ-ਯੋਗ ਗੱਲ ਨਹੀਂ; ਪੁਲਿਸ ਨੇ ਮੇਰੇ ਤੋਂ ਕੇਸ ਵਾਪਸ ਲੈ ਲਿਆ ਸੀ।

ਜੇਲ੍ਹ ਵਿਚੋਂ ਰਿਹਾ ਹੋ ਕੇ ਮੈਂ ਪਤਨੀ ਨਾਲ ਸਲਾਹ ਕੀਤੀ ਕਿ ਪੁਲਿਸ ਨੇ ਮੈਨੂੰ ਫਿਰ ਤੋਂ ਗ੍ਰਿਫ਼ਤਾਰ ਕਰ ਲੈਣਾ ਹੈ। ਜੇਲ੍ਹ ਵਿੱਚ ਸੜਨ ਨਾਲੋਂ ਅਸੀਂ ਇਹ ਤਰਕੀਬ ਬਣਾਈ ਕਿ ਮੈਂ ਬਿਨਾਂ ਕਿਸੇ ਨੂੰ ਦੱਸਿਆਂ, ਚੁੱਪ ਕਰਕੇ ਚੰਡੀਗੜ੍ਹ ਐਮ ਫ਼ਿਲ ਵਿੱਚ ਦਾਖ਼ਲਾ ਲੈ ਲਵਾਂ ਅਤੇ ਰਜਵੰਤ ਬੱਚੀ ਨੂੰ ਲੈ ਕੇ ਆਪਣੇ ਪੇਕਿਆਂ ਦੇ ਘਰ ਰਹਿਣ ਲੱਗ ਪਵੇ।

੧੯੭੬ ਵਿੱਚ ਅਜੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿੱਚ ਪਹਿਲੇ ਸਾਲ ਹੀ ਪੰਜਾਬੀ ਦੀ ਐੱਮ ਫ਼ਿਲ ਸ਼ੁਰੂ ਹੋਈ ਸੀ। ਮੈਂ ਐੱਮ ਫ਼ਿਲ ਵਿੱਚ ਦਾਖ਼ਲਾ ਲੈ ਲਿਆ ਤੇ ਹੋਸਟਲ ਵਿੱਚ ਰਹਿਣ ਲੱਗਾ। ਹਰਭਜਨ ਹਲਵਾਰਵੀ ਲੰਮਾ ਸਮਾਂ ਅੰਡਰਗਰਾਊਂਡ ਰਹਿਣ ਉਪਰੰਤ ਅਦਾਲਤ ਵਿੱਚ ਪੇਸ਼ ਹੋ ਗਿਆ ਸੀ ਤੇ ਕੁੱਝ ਸਮਾਂ ਸਜ਼ਾ ਕੱਟ ਕੇ ਰਿਹਾਅ ਹੋਣ ਪਿੱਛੋਂ ਆਉਣ ਵਾਲੇ ਸਾਲਾਂ ਵਿੱਚ ਆਪਣੀ ਜ਼ਿੰਦਗੀ ਦੀ ਗੱਡੀ ਨੂੰ ਲੀਹ 'ਤੇ ਪਾਉਣ ਲਈ, ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬੀ ਦੀ ਐਮ ਏ ਦੇ ਦੂਜੇ ਸਾਲ ਵਿੱਚ ਆਣ ਦਾਖ਼ਲ ਹੋਇਆ ਸੀ। ਕਵੀ ਗੁਰਦੀਪ ਗਰੇਵਾਲ ਵੀ ਉਸ ਨਾਲ ਹੀ ਐੱਮ ਏ ਕਰ ਰਿਹਾ ਸੀ। ਇਹਨੀ ਦਿਨੀ ਹੀ ਚਮਨ ਲਾਲ ਜੋ ਉਦੋਂ 'ਪ੍ਰਭਾਕਰ' ਹੁੰਦਾ ਸੀ ਅਤੇ ਅੱਜਕੱਲ੍ਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਵਿੱਚ ਹਿੰਦੀ ਵਿਭਾਗ ਦਾ ਮੁਖੀ ਹੈ; ਐਮ ਏ ਹਿੰਦੀ ਵਿੱਚ ਦਾਖ਼ਲ ਹੋ ਗਿਆ। ਅਮਰਜੀਤ ਕਾਂਗ ਡਾ ਅਤਰ ਸਿੰਘ


NamdhariElibrary NamdhariElibrary@gmail.com

ਨਾਲ ਪੀ ਐੱਚ ਡੀ ਕਰ ਰਿਹਾ ਸੀ। ਪਿਛਲੇ ਦੋਵੇਂ ਮੇਰੇ ਨਾਲ ਹੀ ਹੋਸਟਲ ਨੰਬਰ 'ਛੇ' ਵਿੱਚ ਰਹਿੰਦੇ ਸਨ ਜਦ ਕਿ ਪਹਿਲੇ ਦੋਵੇਂ ਪੰਦਰਾਂ ਸੈਕਟਰ ਦੀ ਮਾਰਕੀਟ ਵਿੱਚ ਕਿਰਾਏ ਦੇ ਚੁਬਾਰੇ ਵਿੱਚ ਵਾਸ ਕਰਦੇ ਸਨ। ਡਾ ਸਾਧੂ ਸਿੰਘ ਖੇਤੀਬਾੜੀ ਯੂਨੀਵਰਸਿਟੀ ਤੋਂ ਛੁੱਟੀ ਲੈ ਕੇ ਮੇਰੇ ਨਾਲ ਹੀ ਐੱਮ ਫਿਲ ਵਿੱਚ ਆਣ ਦਾਖ਼ਲ ਹੋਇਆ ਸੀ। ਰਘਬੀਰ ਸਿੰਘ ਸਿਰਜਣਾ ਵੀ ਪੰਦਰਾਂ ਸੈਕਟਰ ਵਿੱਚ ਰਹਿੰਦਾ ਸੀ। ਸਾਡਾ ਓਥੇ ਸਾਂਝੇ ਸਾਹਿਤਕ-ਮਿੱਤਰਾਂ ਦਾ ਵਾਹਵਾ ਇਕੱਠ ਹੋ ਗਿਆ। ਪਤਨੀ ਤੇ ਧੀ ਨਾਲੋਂ ਵਿਛੋੜੇ ਦਾ ਦੁੱਖ ਤਾਂ ਸੀ ਹੀ ਪਰ ਸਾਹਿਤਕ ਸਾਥੀਆਂ ਦੇ ਸਾਥ ਵਿੱਚ ਦਿਨ ਸੋਹਣੇ ਲੰਘਣ ਲੱਗੇ ਸਨ।

ਮੈਂ ਆਪਣੇ ਸਹੁਰੇ ਪਿੰਡ ਝਬਾਲ ਦੋ ਤਿੰਨ ਹਫ਼ਤਿਆਂ ਬਾਅਦ ਗੇੜਾ ਮਾਰ ਲੈਂਦਾ ਤੇ ਪਤਨੀ ਤੇ ਪਰਿਵਾਰ ਦੀ ਸੁੱਖ-ਸਾਂਦ ਪਤਾ ਕਰ ਆਉਂਦਾ। ਵਿਚ-ਵਿਚਾਲੇ ਅਸੀਂ ਚਿੱਠੀ ਪੱਤਰ ਲਿਖ ਕੇ ਇੱਕ ਦੂਜੇ ਦਾ ਹਾਲ-ਹਵਾਲ ਪਤਾ ਕਰਦੇ ਰਹਿੰਦੇ। ਟੈਲੀਫ਼ੋਨ ਨੇ ਅਜੇ ਪਿੰਡਾਂ ਵਿੱਚ ਚਰਨ ਨਹੀਂ ਸਨ ਪਾਏ! ਮੈਨੂੰ ਇਹ ਵੀ ਪਤਾ ਲੱਗਾ ਸੀ ਕਿ ਪੁਲਿਸ ਇੱਕ ਦੋ ਵਾਰ ਫਿਰ ਮੇਰਾ ਪਤਾ ਕਰਨ ਆਈ ਸੀ। ਇਹ ਵੀ ਖ਼ਦਸ਼ਾ ਸੀ ਕਿ ਪੁਲਿਸ ਮੈਨੂੰ ਚੰਡੀਗੜ੍ਹ ਵਿੱਚ ਵੀ ਆ ਕੇ ਗ੍ਰਿਫ਼ਤਾਰ ਨਾ ਕਰ ਲਵੇ।

ਇਕ ਦਿਨ ਵਿਭਾਗ ਦੇ ਮੁਖੀ ਡਾ ਸੁਰਿੰਦਰ ਸਿੰਘ ਕੋਹਲੀ ਨੇ ਮੈਨੂੰ ਤੇ ਹਲਵਾਰਵੀ ਨੂੰ ਬੁਲਾ ਕੇ ਕਿਹਾ, "ਅੱਜ ਪੁਲਿਸ ਡੀਪਾਰਟਮੈਂਟ ਵਿੱਚ ਆਈ ਸੀ ਤੇ ਤੁਹਾਡੇ ਦੋਵਾਂ ਦੀਆਂ ਗਤੀਵਿਧੀਆਂ ਬਾਰੇ ਪੁੱਛ-ਪੜਤਾਲ ਕਰਦੀ ਸੀ। ਮੈਂ ਕਿਹਾ; 'ਇਹ ਦੋਵੇਂ ਤਾਂ ਨਵੀਆਂ ਸੰਭਾਵਨਾਵਾਂ ਵਾਲੇ ਸਾਡੇ ਬੜੇ ਹੋਣਹਾਰ ਲੇਖਕ ਨੇ, ਵਿਭਾਗ ਦੇ ਬੜੇ ਚੰਗੇ ਤੇ ਸਿਆਣੇ ਵਿਦਿਆਰਥੀ ਨੇ' ਉਹ ਇਹ ਕਹਿ ਕੇ ਚਲੇ ਗਏ ਕਿ ਜੇ ਕਦੀ 'ਇਹਨਾਂ' ਖ਼ਿਲਾਫ਼ ਕੋਈ ਸ਼ਿਕਾਇਤ ਹੋਵੇ ਤਾਂ ਪੁਲਿਸ ਨੂੰ ਤੁਰਤ ਸੂਚਿਤ ਕੀਤਾ ਜਾਵੇ! ਮੈਂ ਕਿਹਾ; ਅਜਿਹੀ ਸ਼ਿਕਾਇਤ ਦਾ ਮੌਕਾ ਹੀ ਨਹੀਂ ਆਉਣ ਲੱਗਾ।"

ਡਾਕਟਰ ਕੋਹਲੀ ਦੇ ਚਿਹਰੇ 'ਤੇ ਚੌੜੀ ਮੁਸਕਾਨ ਫੈਲੀ ਹੋਈ ਸੀ, "ਮੈਂ ਕਿਹਾ ਤੁਹਾਨੂੰ ਇਸ ਬਾਰੇ ਦੱਸ ਛੱਡਾਂ।" ਵਿਭਾਗ ਦੇ ਮਾਰਕਸਵਾਦ ਦਾ ਦਮ ਭਰਨ ਵਾਲੇ 'ਅਧਿਆਪਕ' ਤਾਂ ਸਗੋਂ ਸਾਨੂੰ ਟੇਢ ਦੀ ਨਜ਼ਰ ਨਾਲ ਵੇਖਦੇ ਸਨ ਪਰ ਧਰਮ-ਅਧਿਐਨ ਨਾਲ ਜੁੜੇ ਡਾਕਟਰ ਸੁਰਿੰਦਰ ਸਿੰਘ ਕੋਹਲੀ ਦਾ ਸਾਡੇ ਬਾਰੇ ਹਮਦਰਦੀ ਵਾਲਾ ਰਵੱਈਆ ਸਾਨੂੰ ਪ੍ਰਸ਼ੰਸਾ-ਯੋਗ ਲੱਗਾ।

ਲੇਖਕ ਹੋਣਾ ਜਿੱਥੇ ਜੇਲ੍ਹ-ਯਾਤਰਾਵਾਂ ਦਾ ਕਾਰਨ ਬਣਿਆਂ ਓਥੇ ਲੇਖਕ ਹੋਣਾ ਮੇਰੇ ਵਿਭਾਗ ਵਿੱਚ ਮਾਣ ਦਾ ਤੇ ਪੁਲਿਸ ਤੋਂ ਬਚਾਅ ਦਾ ਕਾਰਨ ਵੀ ਬਣਿਆਂ। ਫ਼ਰਕ ਸਿਰਫ਼ ਮੇਰੀਆਂ ਲਿਖਤਾਂ ਨੂੰ ਵਾਚਣ ਤੇ ਪਛਾਨਣ ਵਾਲੀ ਨਜ਼ਰ ਦਾ ਸੀ।

ਐਮ ਫਿਲ ਕਰਦਿਆਂ ਹੀ ਐਮਰਜੈਂਸੀ ਖ਼ਤਮ ਹੋ ਗਈ ਤੇ ਗ੍ਰਿਫ਼ਤਾਰੀ ਦਾ ਭੈਅ ਜਾਂਦਾ ਰਿਹਾ।

ਅਸੀਂ ਦੋਵੇਂ ਜੀਅ ਆਪਣੇ ਪਿੰਡ ਵਿੱਚ ਜਾ ਕੇ ਰਹਿਣ ਲੱਗੇ। ਇਹਨੀ ਦਿਨੀ ਹੀ ਮੈਨੂੰ ਆਪਣੇ ਪਿੰਡ ਦੇ ਹਾਈ ਸਕੂਲ ਵਿੱਚ ਸਮਾਜਕ ਸਿੱਖਿਆ ਅਧਿਆਪਕ ਵਜੋਂ ਨਿਯੁਕਤੀ ਮਿਲ ਗਈ। ੨੯ ਦਸੰਬਰ ੧੯੭੮ ਨੂੰ ਮੇਰੇ ਪੁੱਤਰ ਸੁਪਨਦੀਪ ਦਾ ਜਨਮ ਹੋਇਆ।

ਸਾਡੇ ਵਿਆਹ ਤੋਂ ਬਾਅਦ ਸਾਡੇ ਦੋਵਾਂ ਜੀਆਂ ਲਈ ਇਹ ਬੜੇ ਸਕੂਨ ਤੇ ਸੁਖ-ਸ਼ਾਂਤੀ ਦੇ ਦਿਨ ਸਨ।

## ਪੁਸਤਕ

*—ਤੇਜਵੰਤ ਮਾਨ (ਡਾ.)*

ਪੁਸਤਕ ਹੈ ਇਕ ਸੂਰਜ
ਅੰਧ ਹਟਾਵੇ ਚਾਨਣ ਵੰਡੇ
ਭਰਮ-ਜਾਲ ਦਾ ਕਰਦੀ ਪਰਦਾ ਫਾਸ਼
ਕੋਸ਼ ਇਹ ਐਸਾ ਗਿਆਨ ਭੰਡਾਰ

ਪੁਸਤਕ ਹੈ ਇਕ ਸੂਰਜ
ਘਰ ਸਮਾਜ ਦਾ ਆਣ ਵਧਾਵੇ
ਸਰਬ ਕਲਾ ਸਮਰਥ ਇਹ ਪੋਥੀ
ਭਟਕੇ ਰਾਹੀਂ ਨੂੰ ਰਾਹ ਦਖਾਵੇ

ਪੁਸਤਕ ਹੈ ਇਕ ਸੂਰਜ
ਮਧੁਰ ਸੰਗੀਤ ਦੀ ਤਰਬ ਛੇੜਦੀ
ਗੀਤ ਜੀਵਨ ਦਾ ਸਦਾ ਉਚਾਰੇ
ਸਦ-ਮਾਰਗ ਦੀ ਦਿਸ਼ਾ ਦਿਖਾਵੇ।

ਸਵੈਮਾਨ ਲਈ ਸਬਕ ਹੈ ਪੁਸਤਕ
ਅਗਿਆਨੀ ਲਈ ਵਰਦਾਨ ਹੈ ਪੁਸਤਕ
ਲੋਕ-ਹਿਤਾਂ ਦਾ ਅਮਲ ਹੈ ਪੁਸਤਕ
ਮੁਕਤੀ-ਜੁਗਤ ਦਾ ਦਰਸ਼ਨ ਹੈ ਪੁਸਤਕ

ਪੁਸਤਕ ਹੈ ਇਕ ਸੂਰਜ
ਕਰਤਾਰੀ ਕਿਰਤ ਦਾ ਸ਼ਬਦ ਰੂਪ ਹੈ
ਮਾਨਵਤਾ ਲਈ ਗ੍ਰੰਥ ਸਰੂਪ ਹੈ
ਜਨ-ਸ਼ਕਤੀ ਦੀ ਪਹਿਚਾਣ ਹੈ ਪੁਸਤਕ।

*ਮੋਬ-੯੮੭੬੭-੮੩੭੩੬*

Namdhari Elibrary NamdhariElibrary@gmail.com

# ਡਾਕਟਰ ਦੀ ਨਿਜੀ ਡਾਇਰੀ ਦੇ ਪੰਨਿਆਂ 'ਚੋਂ -ਮਜ਼ੇਦਾਰ ਨੋਕ ਝੋਂਕ



ਡਾ: ਹਰਸ਼ਿੰਦਰ ਕੌਰ, ਐਮ ਡੀ,
ਬੱਚਿਆਂ ਦੀ ਮਾਹਿਰ

ਇਕ ਟੱਬਰ ਨਾਲ ਸਾਡੀ ਕਿਸੇ ਨੇ ਜਾਣ ਪਛਾਣ ਕਰਵਾਈ। ਉੱਥੇ ਪਤੀ ਪਤਨੀ ਦਾ ਆਪਸੀ ਝਗੜਾ ਏਨਾ ਜ਼ਿਆਦਾ ਸੀ ਕਿ ਉਹ ਲਗਾਤਾਰ ਕਿਸੇ ਨਾ ਕਿਸੇ ਗੱਲ ਉੱਤੇ ਕੁੜ ਕੁੜ ਕਰਦੇ ਹੀ ਰਹਿੰਦੇ ਸਨ। ਸਾਡੇ ਨਾਲ ਗੱਲ ਕਰਦੇ ਕਰਦੇ ਉਹ ਪਤੀ ਖਿਝ ਕੇ ਬੋਲੇ, " ਮੈਂ ਆਪਣੀ ਵਹੁਟੀ ਦੀਆਂ ਮੰਗਾਂ ਤੋਂ ਏਨਾ ਤੰਗ ਆ ਚੁੱਕਿਆ ਹਾਂ ਕਿ ਹੁਣ ਮੈਂ ਖੁਦਕੁਸ਼ੀ ਕਰਨ ਬਾਰੇ ਸੋਚ ਰਿਹਾ ਹਾਂ। " ਕਮਰੇ ਦੇ ਬਾਹਰ ਖੜੀ ਉਨ੍ਹਾਂ ਦੀ ਵਹੁਟੀ ਝਟ ਉੱਚੀ ਸਾਰੀ ਬੋਲੀ, " ਸ਼ੁਕਰ ਹੈ ਮਗਰੋਂ ਲੱਥੇਗਾ। ਪਰ ਮਰਨ ਤੋਂ ਪਹਿਲਾਂ ਇਕ ਚਿੱਟਾ ਸੂਟ ਲਿਆ ਦੇਵੀਂ ਭੋਗ ਉੱਤੇ ਪਾਉਣ ਲਈ।"

ਉਹ ਪਤੀ ਖਿਝ ਕੇ ਬੋਲਿਆ, " ਇਹ ਵੇਖ ਲਓ ਇਹਦਾ ਹਾਲ। ਮੇਰੇ ਮਰਨ ਨਾਲੋਂ ਆਪਣੇ ਸੂਟ ਦੀ ਪਈ ਹੈ। ਇਹਦੇ ਨਾਲ ਕੋਈ ਨਹੀਂ ਨਿਭਾ ਸਕਦਾ।"

ਬੜੀ ਮੁਸ਼ਕਲ ਨਾਲ ਹਾਸਾ ਰੋਕ ਕੇ ਮੈਂ ਉਸ ਨੂੰ ਕਿਹਾ ਕਿ ਇਹ ਤਾਂ ਐਵੇਂ ਹਾਸੇ ਠੱਠੇ ਦੀ ਗੱਲ ਹੈ। ਇਸ ਨਾਲ ਥੋੜਾ ਗੁੱਸੇ ਹੋਈਦਾ ਹੈ।

ਏਨਾ ਸੁਣਦੇ ਹੀ ਉਹ ਗਾਲ੍ਹ ਕੱਢ ਕੇ ਬੋਲਿਆ, " ਸਾਲੀ ਵਿਆਹੀ ਤੋਂ ਬਾਅਦ ਸੱਤ ਦਿਨ ਤੱਕ ਰੋਜ਼ ਪਾਲਕ ਤੇ ਬਾਥੂ ਬਣਾ ਕੇ ਖੁਆਉਂਦੀ ਰਹੀ। ਅੱਠਵੇਂ ਦਿਨ ਜਦੋਂ ਮੈਂ ਕਿਹਾ ਕਿ ਰੋਟੀ ਬਣਾਉਣ ਦੀ ਲੋੜ ਨਹੀਂ ਮੈਂ ਖੇਤ ਵਿੱਚੋਂ ਆਪੇ ਹੀ ਚਰ ਆਉਂਦਾ ਹਾਂ, ਤਾਂ ਦੰਦ ਕੱਢ ਕੇ ਹੱਸਣ ਲੱਗ ਪਈ। ਇੰਝ ਕਰਦੀਆਂ ਨੇ ਭਲਾ ਨਵੀਆਂ ਵਿਆਹੀਆਂ ਬੀਵੀਆਂ? "

ਪੂਰਾ ਜ਼ੋਰ ਲਾਉਣ ਦੇ ਬਾਅਦ ਵੀ ਮੈਂ ਹਾਸਾ ਨਹੀਂ ਰੋਕ ਸਕੀ। ਇਕਦਮ ਪਰਲੇ ਪਾਸੇ ਮੂੰਹ ਘੁਮਾ ਕੇ ਬੁੱਲ ਦੱਬ ਕੇ ਹਾਸਾ ਰੋਕਣ ਦੀ ਨਾਕਾਮ ਕੋਸ਼ਿਸ਼ ਕਰ ਰਹੀ ਸੀ ਕਿ ਉਸਦੀ ਪਤਨੀ ਚੀਕ ਪਈ, " ਸਾਲੀ, ਕਿਹਨੂੰ ਕਿਹਾ ਵੇ ਤੂੰ? ਇਹਦਾ ਹਾਲ ਕੀ ਪੁੱਛਦੇ ਹੋ? ਵਿਆਹ ਵਾਲੇ ਦਿਨ ਹੀ ਰਾਤ ਨੂੰ ਆ ਕੇ ਮੈਨੂੰ ਕਹਿੰਦਾ ਸੀ, ਭੈਣ ਜੀ ਰਤਾ ਪਾਸੇ ਹੋਇਓ ਲੇਟਣ ਲਈ ਥਾਂ ਬਣ ਜਾਊਗੀ।"

ਏਨੀ ਮਜ਼ੇਦਾਰ ਤੇ ਚੁਟਕੁਲਿਆਂ ਭਰਪੂਰ ਉਨ੍ਹਾਂ ਦੀ ਨੋਕ ਝੋਂਕ ਸੀ ਕਿ ਹਾਸਾ ਰੋਕ ਰੋਕ ਕੇ ਵੀ ਢਿੱਡ ਪੀੜ ਹੋਣੀ ਸ਼ੁਰੂ ਹੋ ਗਈ ਸੀ। ਜਦੋਂ ਅਸੀਂ ਵਾਪਸੀ ਲਈ ਤੁਰਨ ਲੱਗੇ ਤਾਂ ਉਹ ਔਰਤ ਬੋਲੀ, "ਮੇਰੇ ਉੱਤੇ ਮੇਰਾ ਘਰ ਵਾਲਾ ਮਿਹਣੇ ਮਾਰਦਾ ਹੈ ਕਿ ਮੈਂ ਚੀਜ਼ਾਂ ਬਹੁਤ ਮੰਗਦੀ ਹਾਂ ਤੇ ਏਸ ਕੰਜੂਸ ਦਾ ਹਾਲ ਪਤਾ ਜੇ ਕਿਹੋ ਜਿਹਾ ਹੈ? ਜੇ ਵੀਹਵੀਂ ਮੰਜ਼ਿਲ ਤੋਂ ਇਸਦੇ ਹੱਥੋਂ ਇਕ ਰੁਪਈਏ ਦਾ ਸਿੱਕਾ ਡਿੱਗ ਜਾਏ ਤਾਂ ਇਹ ਏਨੀ ਤੇਜ਼ ਹੇਠਾਂ ਭੱਜੇਗਾ ਕਿ ਸਿੱਕੇ ਨੂੰ ਜ਼ਮੀਨ ਤੋਂ ਥੱਲੇ ਡਿਗਣ ਤੋਂ ਪਹਿਲਾਂ ਹੀ ਬੋਚ ਲਵੇਗਾ। ਬਾਣੀਆ ਨਾ ਹੋਵੇ ਤਾਂ। "

ਹੁਣ ਤਾਂ ਹੱਦ ਹੀ ਹੋ ਗਈ ਸੀ। ਹੱਸਣ ਵਾਸਤੇ ਵੀ ਲਗਭਗ ਭੱਜ ਕੇ ਹੀ ਉਨ੍ਹਾਂ ਦੇ ਘਰ ਦੇ ਦਰਵਾਜ਼ੇ 'ਚੋਂ ਘਰੋਂ ਬਾਹਰ ਨਿਕਲਣਾ ਪਿਆ ਤੇ ਘਰ ਪਹੁੰਚਣ ਤੱਕ ਤਾਂ ਢਿੱਡ ਵਿਚ ਕੜਵੱਲ ਹੀ ਪੈ ਗਏ ਸਨ। ਸਾਡੇ ਬਾਹਰ ਆਉਂਦਿਆਂ ਤੱਕ ਉਨ੍ਹਾਂ ਦੀ ਪਿੱਛੋਂ ਲਗਾਤਾਰ ਕਿੜ ਕਿੜ ਕਰਨ ਦੀਆਂ ਅਵਾਜ਼ਾਂ ਆਈ ਜਾ ਰਹੀਆਂ ਸਨ।

ਜਿਨ੍ਹਾਂ ਦੇ ਘਰ ਅਸੀਂ ਏਸ ਦੰਪਤੀ ਨੂੰ ਮਿਲੇ ਸੀ, ਜਦੋਂ ਫੇਰ ਉਨ੍ਹਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਵੀ ਬੋਰੀਅਤ ਮਹਿਸੂਸ ਹੋਵੇ ਅਸੀਂ ਇਨ੍ਹਾਂ ਨੂੰ ਸੱਦ ਲੈਂਦੇ ਹਾਂ ਤੇ ਰੱਜ ਕੇ ਹੱਸ ਲਈਦਾ ਹੈ।

ਹਰ ਘਰ ਵਿਚ ਨਿੱਕੀ ਮੋਟੀ ਅਣਬਣ ਤਾਂ ਤੁਰਦੀ ਹੀ ਰਹਿੰਦੀ ਹੈ ਤੇ ਇਹ ਨਾਰਮਲ ਹੀ ਗਿਣਨੀ ਚਾਹੀਦੀ ਹੈ ਕਿਉਂਕਿ ਕਿਸੇ ਇਨਸਾਨ ਦੀ ਸੋਚ ਸੌ ਪ੍ਰਤੀਸ਼ਤ ਦੂਜੇ ਨਾਲ ਰਲਦੀ ਨਹੀਂ ਹੁੰਦੀ। ਜਿੱਥੇ ਕਦੇ ਵੀ ਦੋ ਜਣਿਆਂ ਵਿਚ ਅਣਬਣ ਨਾ ਹੋਈ ਹੋਵੇ ਤਾਂ ਮਤਲਬ ਸਾਫ਼ ਹੈ ਕਿ ਜਾਂ ਤਾਂ ਇਕ ਜਣਾ ਬਿਲਕੁਲ ਮਨ ਮਾਰ ਕੇ ਜੀਅ ਰਿਹਾ ਹੈ ਤੇ ਦੂਜੇ ਦੀ ਸੋਚ ਅਨੁਸਾਰ ਪੂਰੀ ਤਰ੍ਹਾਂ ਢਲ ਕੇ ਆਪਣੀ ਹੋਂਦ ਹੀ ਖ਼ਤਮ ਕਰ ਚੁੱਕਿਆ ਹੈ ਤੇ ਜਾਂ ਸੋਚ ਸਕਣ ਦੇ ਸਮਰੱਥ ਹੀ ਨਹੀਂ ਹੈ ਕਿ ਆਪਣਾ ਪੱਖ ਅੱਗੇ ਰੱਖ ਸਕੇ ਤੇ ਜਾਂ ਫੇਰ ਘਰ ਅੰਦਰ ਏਨਾ ਸਖ਼ਤ ਕਾਨੂੰਨ ਲਾਗੂ ਹੋਇਆ ਪਿਆ ਹੈ ਕਿ ਬੋਲਣ ਦੀ ਇਜਾਜ਼ਤ ਹੀ ਨਹੀਂ ਹੈ।

ਜਿੱਥੇ ਅਣਬਣ ਦੀ ਥਾਂ ਜ਼ਬਰਦਸਤ ਲੜਾਈ ਹੋ ਰਹੀ ਹੋਵੇ ਤਾਂ ਸਪਸ਼ਟ ਹੈ ਕਿ ਉਸ ਘਰ ਵਿਚ ਇਕ ਦੂਜੇ ਤੋਂ 'ਪਰਫੈਕਸ਼ਨਿਸਟ ' ਦੀ ਭਾਲ ਕੀਤੀ ਜਾ ਰਹੀ ਹੈ। ਇਹ ਅਸੰਭਵ ਹੈ ਕਿਉਂਕਿ ਰੱਬ ਵੀ ਕਦੇ

ਕਦਾਈਂ ਤਾਂ ਗਲਤੀ ਕਰ ਹੀ ਦਿੰਦਾ ਹੈ ਤੇ ਚੰਗੇ ਭੱਲੇ ਬੰਦੇ ਦੇ ਫਰੇਮ ਹੁੰਦਿਆਂ ਹੋਇਆਂ ਵੀ ਕਿਸੇ ਦਾ ਫੀਨਾ ਨੱਕ, ਕਿਸੇ ਦੇ ਉੱਚੇ ਦੰਦ ਤੇ ਕਿਸੇ ਦਾ ਬੇਢੰਗਾ ਕੰਨ ਬਣਾ ਦਿੰਦਾ ਹੈ। ਫੇਰ ਬੰਦਾ ਕਿਵੇਂ ਹਮੇਸ਼ਾ ਠੀਕ ਹੋ ਸਕਦਾ ਹੈ ?

ਬੰਦਾ ਤਾਂ ਹੈ ਹੀ ਗਲਤੀਆਂ ਦਾ ਪੁਤਲਾ ਤੇ ਜੇ ਇਕ ਦੂਜੇ ਨੂੰ ਆਪਣੇ ਅਨੁਸਾਰ ਢਾਲਦੇ ਹੀ ਲੜ ਲੜ ਕੇ ਜ਼ਿੰਦਗੀ ਲੰਘਾ ਦਿੱਤੀ ਤਾਂ ਕੀ ਫ਼ਾਇਦਾ ?

ਅਜਿਹੇ ਕੁੱਝ ਟੱਬਰ ਦੂਜਿਆਂ ਵਿਚ ਮਜ਼ਾਕ ਦੇ ਪਾਤਰ ਬਣ ਕੇ ਰਹਿ ਜਾਂਦੇ ਹਨ ਕਿਉਂਕਿ ਹੌਲੀ ਹੌਲੀ ਘਰੇਲੂ ਝਗੜੇ ਜ਼ਬਾਨ ਉੱਤੇ ਕਾਬੂ ਨਾ ਰਹਿਣ ਕਾਰਣ ਘਰੋਂ ਬਾਹਰ ਨਿਕਲ ਜਾਂਦੇ ਹਨ।

ਖ਼ੈਰ ਉਸੇ ਟੱਬਰ ਦੀ ਹੀ ਗੱਲ ਕਰੀਏ। ਕੁੱਝ ਦਿਨ ਬਾਅਦ ਸਾਨੂੰ ਬਜ਼ਾਰ ਵਿਚ ਉਹੀ ਟੱਬਰ ਫੇਰ ਮਿਲ ਗਿਆ ਜਿਹੜਾ ਲਗਾਤਾਰ ਝਗੜਦਾ ਰਹਿੰਦਾ ਸੀ।

ਮੈਂ ਜਾਣ ਬੁੱਝ ਕੇ ਦੁਕਾਨ ਵਿਚ ਉਨ੍ਹਾਂ ਦੇ ਨੇੜੇ ਪਿਛਲੇ ਪਾਸੇ ਪਹੁੰਚ ਗਈ। ਉਹ ਪਤੀ ਆਪਣੀ ਪਤਨੀ ਨੂੰ ਉੱਚੀ ਉੱਚੀ ਬੋਲ ਰਿਹਾ ਸੀ, " ਤੇਰੇ ਪਿਓ ਨੇ ਦਾਜ ਵਿਚ ਪੈਸਿਆਂ ਦਾ ਟਰੱਕ ਨਹੀਂ ਸੀ ਭੇਜਿਆ। ਮੇਰੇ ਪੈਸਿਆਂ ਰਾਹੀਂ ਖਾ ਖਾ ਕੇ ਮੱਝ ਬਣੀ ਹੋਈ ਹੈਂ। " ਅੱਗੋਂ ਪਤਨੀ ਵੀ ਸੜ ਬਲ ਕੇ ਬੋਲੀ, " ਤੁਹਾਡੇ ਵਰਗੇ ਬਘਿਆੜਾਂ ਵਿਚ ਤਾਂ ਮੱਝ ਹੀ ਠੀਕ ਹਾਂ। ਤੁਸੀਂ ਤਾਂ ਬੰਦੇ ਨੂੰ ਪਾੜ ਕੇ ਖਾਣ ਵਾਲੇ ਤੇ ਮੱਝ ਤਾਂ ਦੁੱਧ ਹੀ ਦਿੰਦੀ ਹੈ ਤੇ ਸਾਰਿਆਂ ਨੂੰ ਪਾਲਦੀ ਹੈ।"

ਬੰਦਾ ਫਿਰ ਖਿਝ ਕੇ ਬੋਲਿਆ, " ਤੇਰੇ ਵਰਗੀ ਦਾ ਤਾਂ ਗਲਾ ਘੋਟ ਕੇ ਮਾਰ ਦੇਣਾ ਚਾਹੀਦਾ ਹੈ। " ਔਰਤ ਵੀ ਨਾਲ ਦੀ ਨਾਲ ਹੀ ਬੋਲ ਪਈ, " ਸੋਕੇ ਪਈ ਤੋਰੀ ਜਿਹਾ ਤੂੰ ਹੈਗਾਂ। ਇਕ ਫੂਕ ਮਾਰ ਦਿੱਤੀ ਤਾਂ ਸੜਕ ਦੇ ਪਰਲੇ ਕੋਨੇ ਉੱਤੇ ਪਿਆ ਦਿਸੇਂਗਾ। ਨਿਰੀ ਮਿਊਨਿਸੀਪੈਲਟੀ ਦੀ ਟੂਟੀ ਜਿਹਾ ਈ ਐਂ, ਜਿਸ 'ਚੋਂ ਕਦੇ ਪਾਣੀ ਨਿਕਲਦਾ ਈ ਨਹੀਂ। ਨਿਰੀ ਸੂੰ ਸੂੰ ਦੀ 'ਵਾਜ ਈ ਆਉਂਦੀ ਐ। ਤੇਰੇ ਦਿਮਾਗ਼ ਦਾ ਕੀ ਦੱਸਾਂ। ਮੇਰੇ ਭਰਾ ਨੇ ਆਉਣਾ ਹੋਵੇ ਤਾਂ ਤੂੰ ਪੁੱਤਰ ਨੂੰ ਕਹਿਨੈ ਦੋ ਮੰਜੇ ਲਾ ਦਿਓ ਇਕ ਮੇਰੇ ਸਾਲੇ ਦਾ ਤੇ ਇਕ ਤੇਰੇ ਮਾਮੇ ਦਾ। ਨਿਰਾ ਫਜ਼ੂਲ ਆਦਮੀ। ਹਾਲੇ ਰਿਸ਼ਤਿਆਂ ਬਾਰੇ ਵੀ ਤੈਨੂੰ ਸਮਝ ਨਹੀਂ। "

ਮੈਨੂੰ ਉੱਥੇ ਹੋਰ ਖੜੇ ਹੋਣਾ ਅਸੰਭਵ ਜਿਹਾ ਹੀ ਜਾਪਿਆ। ਦੁਕਾਨ ਵਿਚ ਹੋਰ ਆਸੇ ਪਾਸੇ ਖੜੇ ਬੰਦੇ ਵੀ ਮੂੰਹ ਇੱਧਰ ਉੱਧਰ ਘੁਮਾ ਕੇ ਹੱਸਣ ਲਗ ਪਏ ਸਨ। ਪਰ ਉਹ ਦੋਵੇਂ ਇਸ ਗੱਲ ਤੋਂ ਉੱਕਾ ਹੀ ਬੇਖ਼ਬਰ ਆਪੋ ਵਿਚ ਭਿੜੀ ਜਾ ਰਹੇ ਸਨ।

ਹਾਸੇ ਮਜ਼ਾਕ ਤਕ ਤਾਂ ਇਹ ਗੱਲ ਠੀਕ ਹੈ ਪਰ ਸਾਡੇ ਬਹੁਤ ਸਾਰੇ ਘਰਾਂ ਦੇ ਟੁੱਟਣ ਦੇ ਕਾਰਣ ਇਹੀ ਝਗੜੇ ਹਨ ਕਿ ਅਸੀਂ ਇਕ ਦੂਜੇ ਨੂੰ ਤਿੱਖੇ ਬੋਲ ਤਾਂ ਬੋਲ ਦਿੰਦੇ ਹਾਂ, ਪਰ ਦੋ ਪਲ ਪਿਆਰ ਦੇ ਬੋਲਣ ਤੋਂ ਗੁਰੇਜ਼ ਕਰ ਜਾਂਦੇ ਹਾਂ। ਉੱਤੋਂ ਅੰਦਰਲੀ 'ਮੈਂ' ਮੁਆਫੀ ਮੰਗਣ ਹੀ ਨਹੀਂ ਦਿੰਦੀ ਕਿ ਗੱਲ ਖ਼ਤਮ ਕਰ ਦਿੱਤੀ ਜਾਵੇ।

ਇਹੀ ਗੱਲ ਹੈ ਕਿ ਅੱਜਕਲ੍ਹ ਦੋਸਤੀਆਂ ਵੀ ਬਹੁਤ ਜ਼ਿਆਦਾ ਦੇਰ ਨਹੀਂ ਨਿਭ ਰਹੀਆਂ ਕਿਉਂਕਿ ਜਿਉਂ ਹੀ ਇਕ ਦੂਜੇ ਦੇ ਨੇੜੇ ਹੋਏ ਤੇ ਦੂਜੇ ਦੀਆਂ ਸਾਰੀਆਂ ਆਦਤਾਂ ਬਾਰੇ ਜਾਣਕਾਰੀ ਮਿਲੀ, ਤਿਉਂ ਹੀ ਦੂਜੇ ਦੀਆਂ ਮਾੜੀਆਂ ਆਦਤਾਂ ਸਦਕਾ ਮਨ ਵਿਚ ਤ੍ਰੇੜ ਪੈਣੀ ਸ਼ੁਰੂ ਹੋ ਜਾਂਦੀ ਹੈ।

ਦੂਜੇ ਦੀ ਪਿੱਠ ਪਿੱਛੇ ਉਸ ਦੇ ਖਿਲਾਫ਼ ਬੋਲ ਕੇ ਮਨ ਦੀ ਭੜਾਸ ਕੱਢ ਲਈ ਜਾਂਦੀ ਹੈ ਤੇ ਜਦੋਂ ਇਹ ਮਾੜੇ ਬੋਲ ਵਾਪਸ ਉਸੇ ਦੋਸਤ ਤੱਕ ਕਿਸੇ ਰਾਹੀਂ ਪਹੁੰਚਣ ਤਾਂ ਦੋਸਤੀ ਝਟ ਦੁਸ਼ਮਨੀ ਵਿਚ ਤਬਦੀਲ ਹੋ ਜਾਂਦੀ ਹੈ।

ਇਸ ਸਾਰੇ ਪੁਆੜੇ ਦੀ ਜੜ੍ਹ ਹੈ ਸਾਡੀ ਸੋਚ ਤੇ ਸਾਡੀ ਜ਼ਬਾਨ।

ਆਪਣੀ ਜ਼ਬਾਨ ਨੂੰ ਰਤਾ ਕੁ ਕਾਬੂ ਵਿਚ ਰੱਖ ਕੇ ਮੂੰਹੋਂ ਕੁੱਝ ਬੋਲਣ ਤੋਂ ਪਹਿਲਾਂ ਉਸ ਗੱਲ ਦੇ ਚੰਗੇ ਮਾੜੇ ਪਹਿਲੂਆਂ ਬਾਰੇ ਸੋਚ ਕੇ ਬੋਲਿਆ ਜਾਵੇ ਤਾਂ ਇਹ ਝਗੜੇ ਉਸੇ ਵੇਲੇ ਖ਼ਤਮ ਹੋ ਜਾਣਗੇ।

ਆਪੋ ਵਿਚ ਲੜ ਮਰ ਜਾਣ ਤੋਂ ਪਹਿਲਾਂ ਜੇ ਪਤੀ ਪਤਨੀ ਰਤਾ ਕੁ ਠਰੰਮੇ ਨਾਲ ਸੋਚ ਲੈਣ ਕਿ ਆਪਸ ਵਿਚ ਰਹਿਣ ਦੇ ਫ਼ਾਇਦੇ ਜ਼ਿਆਦਾ ਹਨ ਕਿ ਨੁਕਸਾਨ? ਕੀ ਇਕੱਲੇ ਜ਼ਿੰਦਗੀ ਬਿਤਾਉਣੀ ਜ਼ਿਆਦਾ ਠੀਕ ਹੈ? ਕੀ ਦੂਜੇ ਵਿਆਹ ਬਾਅਦ ਗਰੰਟੀ ਹੈ ਕਿ ਅਜਿਹਾ ਕੁੱਝ ਨਹੀਂ ਹੋਵਗਾ? ਕੀ ਕਦੇ ਕਿਸੇ ਦੇ ਘਰ ਲੜਾਈ ਹੁੰਦੀ ਹੀ ਨਹੀਂ? ਜੇ ਸੋਚ ਸਮਝ ਕੇ, ਸਾਰੇ ਪੱਖ ਵਿਚਾਰ ਕੇ, ਰਿਸ਼ਤੇ ਵਿਚ ਨਿੱਘ ਨਾ ਦਿਸੇ ਤਾਂ ਬੇਸ਼ਕ ਅੱਲਗ ਹੋ ਜਾਵੋ ਪਰ ਘੱਟੋ ਘੱਟ ਜ਼ਬਾਨ ਤਾਂ ਮੈਲੀ ਨਾ ਕਰੋ।

ਜੇ ਲੱਗੇ ਕਿ ਇਸ ਰਿਸ਼ਤੇ ਤੋਂ ਬਾਹਰ ਵੀ ਜ਼ਿੰਦਗੀ ਅਜਿਹੀ ਹੀ ਹੈ ਤਾਂ ਨਿਭਾਉਣ ਵਿਚ ਹੀ ਫ਼ਾਇਦਾ ਹੈ। ਇਹ ਹੁਣ ਸਾਡੇ ਉੱਤੇ ਹੈ ਕਿ ਨਿਭਾਉਣਾ ਕਿਸ ਤਰ੍ਹਾਂ ਹੈ - ਲੋਕਾਂ ਵਿਚ ਤਮਾਸ਼ਾ ਬਣ ਕੇ ਜਾਂ ਦੂਜਿਆਂ ਵਿਚ ਮਿਸਾਲ ਬਣ ਕੇ।

ਇਸ ਗੱਲ ਦਾ ਅਸਰ ਘਰ ਵਿਚਲੇ ਬੱਚਿਆਂ ਉੱਤੇ ਬਹੁਤ

Namdhari Elibrary NamdhariElibrary@gmail.com

ਜ਼ਿਆਦਾ ਪੈਂਦਾ ਹੈ ਅਤੇ ਉਹ ਵੀ ਵਿਗੜੀ ਹੋਈ ਸੋਚ ਦੇ ਬਣ ਜਾਂਦੇ ਹਨ। ਲੜਾਕੇ, ਵਿਆਹੁਤਾ ਜੀਵਨ ਤੋਂ ਨਫਰਤ ਕਰਦੇ ਹੋਏ, ਚਿੜਚਿੜੇ ਸੁਭਾ ਦੇ ਅਤੇ ਦੂਜੇ ਦੀ ਇਜ਼ਤ ਨਾ ਕਰ ਸਕਣ ਵਾਲੇ ਅਜਿਹੇ ਬੱਚੇ ਵੱਡੇ ਹੋ ਕੇ ਸਮਾਜ ਨੂੰ ਵੀ ਵਿਗਾੜ ਦਿੰਦੇ ਹਨ।

ਇਹੀ ਸੋਚ ਰਖਦੇ ਹੋਏ ਬਾਹਰਲੇ ਮੁਲਕਾਂ ਵਿਚ ਗੁਆਂਢ ਵਿਚ ਲੜਾਈ ਹੁੰਦੀ ਸੁਣ ਕੇ ਵੀ ਝਟ ਪੁਲਿਸ ਬੁਲਾ ਲਈ ਜਾਂਦੀ ਹੈ ਅਤੇ ਬੱਚੇ ਫਟ ਸੁਧਾਰ ਘਰ ਵਿਚ ਜਾਂ ਕਿਸੇ ਹੋਰ ਸੁਰੱਖਿਅਤ ਥਾਂ ਭੇਜ ਕੇ ਫੇਰ ਕਿਸੇ ਹੋਰ ਟੱਬਰ ਵਿਚ ਗੋਦ ਲਏ ਜਾਣ ਲਈ ਤਿਆਰ ਕਰ ਦਿੱਤੇ ਜਾਂਦੇ ਹਨ।

ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਬੱਚੇ ਦਾ ਕੋਮਲ ਮਨ ਵਲੂੰਧਰੇ ਅਤੇ ਵਿਗੜ ਜਾਣ ਤੋਂ ਬਚ ਜਾਏ ਅਤੇ ਅਗਲੀ ਪਨੀਰੀ ਵਧੀਆ ਸੋਚ ਵਾਲੀ ਬਣੀ ਰਹੇ।

ਸਾਡਾ ਦੇਸ ਹਾਲੇ ਇਸ ਪੱਖੋਂ ਬਹੁਤ ਪਛੜਿਆ ਹੋਇਆ ਹੈ। ਗੁਆਂਢ ਵਿਚ ਲੜਾਈ ਹੁੰਦੀ ਸੁਣ ਕੇ ਅਸੀਂ ਦਰਵਾਜ਼ੇ ਖਿੜਕੀਆਂ ਬੰਦ ਕਰ ਲੈਂਦੇ ਹਾਂ। ਜੇ ਕਿਤੇ ਪੁਲਿਸ ਨੂੰ ਬੁਲਾਉਣ ਦੀ ਹਿਮਾਕਤ ਕਰ ਲਈ ਜਾਏ ਤਾਂ ਉਹ ਫ਼ੋਨ ਉੱਤੇ ਹੀ ਝਿੜਕ ਦਿੰਦੇ ਹਨ ਕਿ ਲੜਾਈ ਕਿਸੇ ਹੋਰ ਘਰ ਹੈ ਤਾਂ ਤੁਹਾਡੀ ਪੂਛ ਨੂੰ ਕਿਉਂ ਅੱਗ ਲੱਗੀ ਹੋਈ ਹੈ।

ਜ਼ਾਹਿਰ ਹੈ ਘਰ ਵਿਚਲੇ ਬੱਚਿਆਂ ਬਾਰੇ ਕਿਸਨੇ ਸੋਚਨਾ ਹੈ ! ਖੋਜ ਦੱਸਦੀ ਹੈ ਕਿ ਕਾਫ਼ੀ ਬੰਦੇ ਜਿਹੜੇ ਜੁਰਮ ਦੀ ਦੁਨੀਆ ਵਲ ਧੱਕੇ ਜਾਂਦੇ ਹਨ ਉਹ ਬਚਪਨ ਵਿਚ ਘਰੋਂ ਪਿਆਰ ਵਿਹੂਣੇ ਹੁੰਦੇ ਹਨ ਤੇ ਕਈ ਬੱਚੇ ਘਰੇਲੂ ਝਗੜਿਆਂ ਤੋਂ ਤੰਗ ਆ ਕੇ ਘਰੋਂ ਵੀ ਭਜ ਚੁੱਕੇ ਹੁੰਦੇ ਹਨ।

ਇਕ ਗੱਲ ਮੈਂ ਦਸ ਦਿਆਂ ਕਿ ਲੋਕਾਂ ਕੋਲ ਤਾਂ ਆਪਣੇ ਲਈ ਵਿਹਲ ਨਹੀਂ ਹੁੰਦੀ ਤੇ ਉਹ ਦੂਜਿਆਂ ਦੇ ਦੁਖੜੇ ਫਰੋਲਣ ਅਤੇ ਸੁਣਨ ਦਾ ਸਮਾਂ ਕਿੱਥੋਂ ਕੱਢਣਗੇ। ਇਸੇ ਲਈ ਦੂਜਿਆਂ ਸਾਹਮਣੇ ਆਪਣਾ ਢਿੱਡ ਨੰਗਾ ਕਰਨ ਦਾ ਫ਼ਾਇਦਾ ਨਹੀਂ ਹੁੰਦਾ। ਘਰ ਅੰਦਰ ਹੀ ਝਗੜਾ ਨਬੇੜ ਲਿਆ ਜਾਏ ਤਾਂ ਵਧੀਆ ਰਹਿੰਦਾ ਹੈ ਅਤੇ ਉਹ ਵੀ ਬੱਚਿਆਂ ਤੋਂ ਉਹਲੇ !

ਇਕ ਹੋਰ ਹੱਡਬੀਤੀ ਬਾਰੇ ਵੀ ਮੈਂ ਦਸ ਦਿੰਦੀ ਹਾਂ।

ਮੈਂ ਰੇਲਵੇ ਸਟੇਸ਼ਨ ਉੱਤੇ ਖੜੀ ਸੀ ਤੇ ਉੱਥੇ ਇਕ ਪਤੀ ਪਤਨੀ ਦਾ ਝਗੜਾ ਸੁਣਿਆ। ਮੇਰੇ ਤੋਂ ਕੁੱਝ ਦੂਰ ਇਕ ਪਤੀ ਆਪਣੀ ਵਹੁਟੀ ਨੂੰ ਕਹਿ ਰਿਹਾ ਸੀ, "ਜਦੋਂ ਮੈਂ ਹੋਟਲ ਦੇ ਕਮਰੇ 'ਚੋਂ ਕੁੱਦਣ ਲਈ ਖਿੜਕੀ ਖੋਲ੍ਹ ਰਿਹਾ ਸੀ ਤਾਂ ਤੂੰ ਕਮਰੇ 'ਚੋਂ ਬਾਹਰ ਹੇਠਾਂ ਵੱਲ ਕਿਉਂ ਭਜਦੀ ਗਈ ਸੀ?"

ਅੱਗੋਂ ਉਸਦੀ ਵਹੁਟੀ ਬੋਲੀ, "ਥੱਲੇ ਵੇਖਣ ਗਈ ਸੀ ਕਿ ਉੱਥੇ ਕੋਈ ਜਾਲ ਜੁਲ ਨਾ ਪਿਆ ਹੋਵੇ ਜਿਸ ਉੱਤੇ ਡਿਗ ਕੇ ਕਿਤੇ ਤੂੰ ਬਚ ਹੀ ਜਾਏਂ। ਮੈਂ ਤਾਂ ਥਾਂ ਸਾਫ ਕਰਨ ਗਈ ਸੀ ਕਿ ਸਿੱਧਾ ਜ਼ਮੀਨ ਉੱਤੇ ਠਾਹ ਡਿੱਗੇਂ ਤੇ ਤੇਰਾ ਕੰਮ ਤਮਾਮ ਹੋਵੇ।" ਇਸਤੋਂ ਬਾਅਦ ਉਹ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗੀ, "ਭੈਣਜੀ ਇਹ ਘੋਸਲਾ ਜਿਹਾ ਏਨੇ ਘਟ ਦਿਮਾਗ਼ ਦਾ ਹੈ ਕਿ ਕੀ ਦੱਸਾਂ। ਮੇਰੀ ਜ਼ਿੰਦਗੀ ਤਾਂ ਇਸ ਨਾਲ ਨਰਕ ਬਣ ਚੁੱਕੀ ਹੈ। ਪਤਾ ਜੇ, ਮੈਂ ਇਸਨੂੰ ਵਿਆਹ ਤੋਂ ਬਾਅਦ ਇਕ ਵਾਰ ਪੁੱਛਿਆ ਕਿ ਇਸਦੀ ਦਾੜ੍ਹੀ ਮੁੱਛ ਦੇ ਵਾਲ ਏਨੇ ਘਟ ਕਿਉਂ ਨੇ ਤਾਂ ਕਹਿਣ ਲੱਗਿਆ ਕਿ ਮੈਂ ਆਪਣੀ ਬੇਬੇ ਉੱਤੇ ਗਿਆ ਹਾਂ ਏਸ ਲਈ। ਦੱਸੋ ਇਹਦਾ ਕੀ ਕਰਾਂ ?"

ਹੁਣ ਤੁਸੀਂ ਹੀ ਦੱਸੋ ਕਿ ਇਹ ਸੁਣ ਕੇ ਮੁਸਕੁਰਾਹਟ ਉੱਤੇ ਰੋਕ ਲਾਉਣੀ ਔਖੀ ਹੈ ਕਿ ਨਹੀਂ?

ਉਹ ਦੋਵੇਂ ਇਸਤੋਂ ਬਾਅਦ ਗੁੱਥਮ ਗੁੱਥਾ ਹੋਣ ਦੀ ਹਾਲਤ ਤਕ ਪਹੁੰਚ ਗਏ।

ਖ਼ੈਰ ਇਹ ਝਗੜੇ ਉਨ੍ਹਾਂ ਨੂੰ ਮੁਬਾਰਕ ਜਿਨ੍ਹਾਂ ਨੇ ਜ਼ਿੰਦਗੀ ਜੀਊਣ ਦਾ ਢੰਗ ਹੀ ਅਜਿਹਾ ਬਣਾ ਲਿਆ ਹੋਇਆ ਹੈ, ਪਰ ਅਜਿਹੇ ਮਾਪਿਆਂ ਦੇ ਬੱਚਿਆਂ ਨੂੰ ਜ਼ਰੂਰ ਉਨ੍ਹਾਂ ਤੋਂ ਦੂਰ ਕਰਨਾ ਚਾਹੀਦਾ ਹੈ ਤਾਂ ਜੋ ਉਹ ਮਾਨਸਿਕ ਪੱਖੋਂ ਠੀਕ ਤਰ੍ਹਾਂ ਪਨਪ ਸਕਣ।

ਹਰ ਘਰ ਵਿਚ ਹਮੇਸ਼ਾ ਸਭ ਕੁੱਝ ਠੀਕ ਨਹੀਂ ਹੁੰਦਾ। ਨਾ ਹੀ ਹਰ ਮੁਸਕੁਰਾਉਣ ਵਾਲਾ ਬੰਦਾ ਹਮੇਸ਼ਾ ਖ਼ੁਸ਼ ਹੁੰਦਾ ਹੈ। ਉਸਨੂੰ ਮੁਸਕੁਰਾਹਟ ਹੇਠਾਂ ਦੁਖ ਲੁਕਾਉਣ ਦਾ ਵੱਲ ਆ ਗਿਆ ਹੁੰਦਾ ਹੈ। ਇਸੇ ਲਈ ਮੇਰੀ ਸਲਾਹ ਹੈ ਕਿ ਕਿਸੇ ਸ਼ਾਇਰ ਵੱਲੋਂ ਕਹੀਆਂ ਇਨ੍ਹਾਂ ਸਤਰਾਂ ਤੋਂ ਹੀ ਕੁੱਝ ਸਿਖ ਲਈਏ ਤੇ ਜ਼ਿੰਦਗੀ ਨੂੰ ਰੱਜ ਕੇ ਜੀਅ ਲਈਏ -

"ਕਿਆ ਹੂੰ ਮੈਂ ਔਰ ਕਿਆ ਸਮਝਤੇ ਹੈਂ ਮੁਝਕੋ ਜ਼ਮਾਨੇ ਵਾਲੇ,  
ਹਰ ਰਾਜ਼ ਨਹੀਂ ਹੋਤੇ ਬਤਾਨੇ ਵਾਲੇ  
ਕਭੀ ਫ਼ੁਰਸਤ ਮੇਂ ਤਨਹਾਈਓਂ ਮੇਂ ਆਕਰ ਦੇਖਣਾ,  
ਕੈਸੇ ਹੋਤੇ ਹੈਂ ਸਭਕੋ ਹਸਾਨੇ ਵਾਲੇ !"

ਦੁਖਾਂ ਨੂੰ ਲੁਕੋ ਕੇ ਜੇ ਜ਼ਮਾਨੇ ਸਾਹਮਣੇ ਹਸ ਲਿਆ ਜਾਏ ਤਾਂ ਇਹ ਇਕ ਵੱਡੀ ਸਫਲਤਾ ਦੀ ਪੌੜੀ ਚੜ੍ਹਨ ਦੇ ਬਰਾਬਰ ਹੁੰਦਾ ਹੈ ਤੇ ਮਾਨਸਿਕ ਅਰੋਗਤਾ ਦਾ ਗੁਰ ਵੀ ! ਇਹੀ ਜ਼ਰੀਆ ਹੈ, ਕਿਸੇ ਵੀ ਬੇਸੁਰੇ ਪਲ ਨੂੰ ਯਾਦਗਾਰ ਤੇ ਮਜ਼ੇਦਾਰ ਬਣਾਉਣ ਦਾ ਵੀ।

*੨੮, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।*

*ਫੋਨ ਨੰ: ੦੧੭੫-੨੨੧੬੭੮੩*

# ਦਰਦ ਦੂਰ ਕਰਨ ਵਾਲੀਆਂ ਦਵਾਈਆਂ ਕਿੰਨੀਆਂ ਕੁ ਖ਼ਤਰਨਾਕ ਹਨ?

-ਡਾ: ਹਰਸ਼ਿੰਦਰ ਕੌਰ, ਐਮ ਡੀ,
ਬੱਚਿਆਂ ਦੀ ਮਾਹਿਰ

ਪੀੜ ਤੋਂ ਆਰਾਮ ਪਾਉਣ ਲਈ ਤਾਂ ਲੋਕ ਰਬ ਅੱਗੇ ਅਰਦਾਸਾਂ ਕਰਦੇ ਮੌਤ ਤਕ ਮੰਗ ਲੈਂਦੇ ਹਨ। ਇਸੇ ਲਈ ਸਭ ਤੋਂ ਵੱਧ ਵਰਤੋਂ ਵਿਚ ਆਉਂਦੀਆਂ ਨੇ ਦਰਦ ਨਿਵਾਰਕ ਗੋਲੀਆਂ। ਆਓ ਅੱਜ ਇਨ੍ਹਾਂ ਦਵਾਈਆਂ ਦੇ ਕੱਚ ਸੱਚ ਬਾਰੇ ਜਾਣੀਏ।

ਜੇ ਗਿਣਤੀ ਵਜੋਂ ਵਰਤੋਂ ਦਾ ਹਿਸਾਬ ਕਿਤਾਬ ਲਾਉਣਾ ਹੋਵੇ ਤਾਂ ਦੁਨੀਆਂ ਭਰ ਵਿਚ ਇਨ੍ਹਾਂ ਗੋਲੀਆਂ ਤੇ ਟੀਕਿਆਂ ਦੀ ਵਿਕਰੀ ਰੋਜ਼ਾਨਾ ਅਰਬਾਂ ਦਾ ਅੰਕੜਾ ਪਾਰ ਕਰ ਜਾਂਦੀ ਹੈ।

ਮੈਡੀਕਲ ਵਿਸ਼ੇ ਵਿਚ ਏਨੀਆਂ ਖੋਜਾਂ ਰੋਜ਼ ਸਾਹਮਣੇ ਆ ਰਹੀਆਂ ਹਨ ਕਿ ਕਈਆਂ ਦਾ ਤਾਂ ਸਾਲਾਂ ਬਾਅਦ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਕਿੰਨਾ ਵੱਡਾ ਫਰੌਡ ਖੇਡਿਆ ਗਿਆ। ਉਦੋਂ ਤਕ ਕੰਪਨੀਆਂ ਖਰਬਾਂ ਦਾ ਕਾਰੋਬਾਰ ਕਰ ਚੁੱਕੀਆਂ ਹੁੰਦੀਆਂ ਹਨ ਤੇ ਬੇਅੰਤ ਮਰੀਜ਼ ਉਨ੍ਹਾਂ ਦਵਾਈਆਂ ਦੇ ਮਾੜੇ ਅਸਰਾਂ ਤਹਿਤ ਰਬ ਨੂੰ ਪਿਆਰੇ ਹੋ ਚੁੱਕੇ ਹੁੰਦੇ ਹਨ।

ਇਸੇ ਹੀ ਤਰ੍ਹਾਂ ਦੇ ਧੋਖੇ ਦਰਦ ਨਿਵਾਰਕ ਗੋਲੀਆਂ ਉੱਤੇ ਕੀਤੀ ਖੋਜ ਵਿਚ ਲੱਭੇ ਗਏ। ਮੈਸਾਚੂਸੈਟਸ ਦੇ ਸਪਰਿੰਗਫੀਲਡ ਵਿਚਲੇ ਬਾਏਸਟੇਟ ਮੈਡੀਕਲ ਸੈਂਟਰ ਵਿਚ ਡਾ. ਸਕਾਟ ਰੂਬੇਨ ਨੇ ੧੯੯੬ ਤੋਂ ਸੰਨ ੨੦੦੮ ਤਕ ੭੨ ਖੋਜ ਪੱਤਰ ਦੁਨੀਆ ਸਾਹਮਣੇ ਰੱਖੇ ਜਿਨ੍ਹਾਂ ਵਿੱਚੋਂ ੨੧ ਖੋਜ ਪੱਤਰ ਬਾਅਦ ਵਿਚ ਜਾਅਲੀ ਸਾਬਤ ਹੋਏ।

ਇਨ੍ਹਾਂ ਖੋਜ ਪੱਤਰਾਂ ਦੇ ਜਾਅਲੀ ਸਾਬਤ ਹੋਣ ਤਕ ਕਈ ਹਜ਼ਾਰਾਂ ਬੰਦੇ ਇਨ੍ਹਾਂ ਦਵਾਈਆਂ (ਰੋਫੇਕੋਕਸਿਬ) ਦੇ ਮਾੜੇ ਅਸਰਾਂ ਤਹਿਤ ਹਾਰਟ ਅਟੈਕ (ਦਵਾਈ ਲੈਣ ਤੋਂ ਛੇ ਮਹੀਨਿਆਂ ਦੇ ਵਿਚ ਵਿਚ ਮੌਤ ਹੋ ਗਈ), ਪਾਸਾ ਖੜ੍ਹਨਾ, ਗੁਰਦੇ ਫੇਲ੍ਹ ਹੋਣੇ, ਆਦਿ ਦੇ ਸ਼ਿਕਾਰ ਹੋ ਗਏ। ਕਈ ਢਿਡ ਅੰਦਰ ਲਹੂ ਚੱਲਣ ਸਦਕਾ ਚਲਾਣਾ ਕਰ ਗਏ।

ਦਰਅਸਲ ਕੋਕਸ - ੨ ਇਨਹਿਬਿਟਰ (COX-2 inhibitor) ਦਰਦ ਦੀ ਦਵਾਈ ਪਿਸ਼ਾਬ ਵਿਚਲਾ ਪਰੋਸਟਾਸਾਈਕਲਿਨ ਘਟਾ ਦਿੰਦੀ ਹੈ ਜਿਸ ਕਾਰਣ ਦਿਲ ਦੇ ਰੋਗਾਂ ਦਾ ਖ਼ਤਰਾ ਵਧ ਜਾਂਦਾ ਹੈ। ਇਹ ਖੋਜ ਦੱਬ ਲਈ ਗਈ ਤਾਂ ਜੋ ਖ਼ਰਬਾਂ ਰੁਪਿਆਂ ਦਾ ਕੰਪਨੀਆਂ ਦਾ ਕਾਰੋਬਾਰ ਠੱਪ ਨਾ ਹੋ ਜਾਏ। ਇਹ ਪੱਖ ਜ਼ਿਆਦਾ ਪ੍ਰਚਲਿਤ ਕਰ ਦਿੱਤਾ ਗਿਆ ਕਿ ਇਨ੍ਹਾਂ ਦਵਾਈਆਂ ਨਾਲ ਪਹਿਲੀਆਂ ਦਵਾਈਆਂ ਨਾਲੋਂ ਖ਼ਤਰਾ ਘਟ ਹੈ ਕਿ ਕਿਉਂਕਿ ਇਨ੍ਹਾਂ ਨੂੰ ਖਾਣ ਨਾਲ ਢਿੱਡ ਅੰਦਰ ਲਹੂ ਨਹੀਂ ਵਗਦਾ। ਪਰ ਬਾਕੀ ਮੌਤ ਦੇ ਮੂੰਹ ਵਲ ਜਾਣ ਦੇ ਕਾਰਣ ਦੱਬ ਲਏ ਗਏ।

ਜਿਹੜੇ ਮਰੀਜ਼ ਹੱਡੀਆਂ ਦੀ ਬੀਮਾਰੀ ਕਾਰਣ ਤਿੰਨ ਤੋਂ ਛੇ ਮਹੀਨੇ ਤਕ ਕੋਕਸ - ੨ - ਇਨਹਿਬੀਟਰ ਦਰਦ ਦੀਆਂ ਗੋਲੀਆਂ ਖਾਂਦੇ ਰਹੇ, ਉਨ੍ਹਾਂ ਵਿਚ ਵੀ ਢਿੱਡ ਤੇ ਅੰਤੜੀਆਂ ਉੱਤੇ ਅਸਰ ਪਿਆ ਲੱਭਿਆ ਗਿਆ।

ਜੇ ਗੱਲ ਕਰੋਸਿਨ ਜਾਂ ਪੈਰਾਸਿਟਾਮੋਲ ਦਵਾਈ ਦੀ ਕਰੀਏ ਤਾਂ ਉਸ ਬਾਰੇ ਆਮ ਧਾਰਨਾ ਹੈ ਕਿ ਇਸ ਲਈ ਮਰੀਜ਼ ਨੂੰ ਡਾਕਟਰ ਤੋਂ ਪੁੱਛਣ ਦੀ ਲੋੜ ਵੀ ਨਹੀਂ ਕਿ ਇਹ ਕਿੰਨੀ ਲੈਣੀ ਹੈ ਤੇ ਲੈਣੀ ਵੀ ਹੈ ਜਾਂ ਨਹੀਂ। ਇੰਗਲੈਂਡ ਵਿਚ ਇਕ ਸਾਲ ਵਿਚ ੧੫,੦੦੦ ਤੋਂ ੨੦,੦੦੦ ਬੰਦੇ ਸਿਰ ਦਰਦ ਕਾਰਣ ਟਾਇਲੇਨਾਲ ਜਾਂ ਹੋਰ ਪੈਰਾਸਿਟਾਮੋਲ ਦੀ ਵਰਤੋਂ ਸਦਕਾ ਜਿਗਰ ਦਾ ਰੋਗ ਸਹੇੜ ਕੇ ਮਰ ਗਏ। ਖ਼ਾਸ ਗੱਲ ਇਹ ਸੀ ਕਿ ਇਹ ਜਿਗਰ ਦਾ ਨਾਸ ਗੋਲੀ ਦੀ ਵੱਧ ਵਰਤੋਂ ਕਾਰਣ ਨਹੀਂ ਸੀ ਵੱਜਿਆ ਬਲਕਿ ਕਈ ਮਰੀਜ਼ਾਂ ਨੇ ਤਾਂ ਚਾਰ ਜਾਂ ਪੰਜ ਵਾਰ ਹੀ ਗੋਲੀ ਖ਼ਾਧੀ ਸੀ, ਫੇਰ ਵੀ ਉਹ ਨਹੀਂ ਬਚ ਸਕੇ।

ਹੁਣ ਗੱਲ ਇਹ ਰਹਿ ਗਈ ਕਿ ਜੇ ਦਰਦ ਦੀਆਂ ਗੋਲੀਆਂ ਖਾਣੀਆਂ ਹੀ ਨਹੀਂ ਤਾਂ ਫੇਰ ਕੀ ਕੀਤਾ ਜਾਏ? 'ਅਮਰੀਕਨ ਪੇਨ ਸੋਸਾਇਟੀ' ਨੇ 'ਜਰਨਲ ਔਫ ਪੇਨ' ਵਿਚ ਏਸੇ ਬਾਰੇ ਇਕ ਨਵੀਂ ਖੋਜ ਬਾਰੇ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ ੭੪ ਵਿਦਿਆਰਥੀ ਚੁਣੇ ਜਿਨ੍ਹਾਂ ਨੂੰ ਬਹੁਤੀ ਕਸਰਤ ਬਾਅਦ ਜਾਂ ਸਟ ਵੱਜਣ ਬਾਅਦ ਦਰਦ ਹੋ ਰਹੀ ਸੀ। ਇਨ੍ਹਾਂ ਸਾਰਿਆਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ ਗਿਆ। ਇਕ ਤਿਹਾਈ ਨੂੰ ਦੱਸੇ ਬਗ਼ੈਰ ਕੱਚਾ ਅਦਰਕ ਫੇਹ ਕੇ ਖਾਣ ਲਈ ਦਿੱਤਾ ਗਿਆ ਤੇ ਇਕ ਤਿਹਾਈ ਨੂੰ ਦਵਾਈ ਕਹਿ ਕੇ ਗਰਮ ਕੀਤਾ ਅਦਰਕ ਦਿੱਤਾ ਗਿਆ ਤੇ ਤੀਜੇ ਹਿੱਸੇ ਨੂੰ ਅਦਰਕ ਦੇ ਸਵਾਦ ਵਾਲੀ ਟਾਫੀ ਦੇ ਦਿੱਤੀ ਗਈ, ਜਿਸ ਵਿਚ ਅਦਰਕ ਦਾ ਰਸ ਉੱਕਾ ਹੀ ਨਹੀਂ ਸੀ।

ਜਾਰਜੀਆ ਦੀ ਯੂਨੀਵਰਸਿਟੀ ਵਿਚ ਕੀਤੀ ਇਸ ਖੋਜ ਨੇ ਕਮਾਲ ਦੇ ਸਿੱਟੇ ਸਾਡੇ ਸਾਹਮਣੇ ਲਿਆ ਧਰੇ ਹਨ ਕਿ ਅਦਰਕ ਪੱਠਿਆਂ ਦੀ ਦਰਦ ਨੂੰ ਅਤੇ ਪੱਠਿਆਂ ਦੀ ਸੋਜ਼ਿਸ਼ ਨੂੰ ਬਿਨਾਂ ਕਿਸੇ ਮਾੜੇ ਅਸਰ ਦੇ, ਪੂਰੀ ਤਰ੍ਹਾਂ ਦੂਰ ਕਰ ਦਿੰਦਾ ਹੈ। ਜਿਹੜੇ ਤੀਜੇ ਹਿੱਸੇ ਨੂੰ ਅਦਰਕ ਨਹੀਂ ਸੀ ਦਿੱਤਾ ਗਿਆ, ਉਨ੍ਹਾਂ ਵਿਦਿਆਰਥੀਆਂ ਦੀ ਪੀੜ ਬਰਕਰਾਰ ਰਹੀ ਜਦਕਿ ਬਾਕੀ ਦੋਵਾਂ ਗਰੁੱਪਾਂ ਦੇ

Namdhari Elibrary — NamdhariElibrary@gma

ਵਿਦਿਆਰਥੀਆਂ ਦੀ ਪੀੜ ਪੂਰੀ ਤਰ੍ਹਾਂ ਠੀਕ ਹੋ ਗਈ। ਇਹ ਤਾਂ ਸਪਸ਼ਟ ਹੋ ਗਿਆ ਕਿ ਭਾਵੇਂ ਕੱਚਾ ਲਿਆ ਜਾਵੇ ਤੇ ਭਾਵੇਂ ਭੁੰਨ ਕੇ, ਅਦਰਕ ਕੁਦਰਤੀ ਦਰਦ ਨਿਵਾਰਕ ਤਾਂ ਕਮਾਲ ਦਾ ਹੈ!

ਐਸਪਿਰਿਨ ਵੀ ਹੱਦੋਂ ਵੱਧ ਵਰਤੀ ਜਾਣ ਵਾਲੀ ਦਵਾਈ ਬਣ ਚੁੱਕੀ ਹੈ ਜਿਹੜੀ ਸਿਰ ਦਰਦ ਤੋਂ ਲੈ ਕੇ ਦਿਲ ਦੇ ਮਰੀਜ਼ਾਂ ਨੂੰ ਹਾਰਟ ਅਟੈਕ ਤੋਂ ਬਚਾਉਣ ਲਈ ਘੱਟ ਮਾਤਰਾ ਵਿਚ ਰੋਜ਼ ਲੈਣ ਨੂੰ ਕਹੀ ਜਾਂਦੀ ਹੈ। ਬੱਚਿਆਂ ਵਿਚ ਐਸਪਿਰਿਨ ਦੀ ਵਰਤੋਂ ਖ਼ਤਰਨਾਕ ਸਾਬਤ ਹੋ ਚੁੱਕੀ ਹੈ ਕਿਉਂਕਿ ਬਹੁਤ ਸਾਰੇ ਕੇਸਾਂ ਵਿਚ 'ਰੀਜ਼ ਸਿੰਡਰੋਮ' ਹੋ ਜਾਣ ਸਦਕਾ ਜਿਗਰ ਫੇਲ੍ਹ ਹੋਣ ਨਾਲ ਬੱਚਿਆਂ ਦੀ ਮੌਤ ਹੋ ਚੁੱਕੀ ਹੈ।

ਨਿਮੇਸੂਲਾਈਡ ਦਰਦ ਦੀ ਦਵਾਈ ਤਾਂ ਏਨੀ ਜ਼ਿਆਦਾ ਖ਼ਤਰਨਾਕ ਸਾਬਤ ਹੋ ਗਈ ਕਿ ਮਜਬੂਰਨ ਕੋਰਟ ਵੱਲੋਂ ਹੀ ਭਾਰਤ ਵਿਚ ਇਸ ਦੀ ਬੱਚਿਆਂ ਵਿਚ ਵਰਤੋਂ ਉੱਤੇ ਪੂਰਨ ਰੂਪ ਵਿਚ ਰੋਕ ਲਾ ਦਿੱਤੀ ਗਈ ਤੇ ਕੰਪਨੀਆਂ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਪੀਣ ਵਾਲੀ ਨਿਮੇਸੂਲਾਈਡ ਦਵਾਈ ਬਣਾਈ ਹੀ ਨਹੀਂ ਜਾ ਸਕਦੀ ਤਾਂ ਜੋ ਗ਼ਲਤੀ ਨਾਲ ਵੀ ਬੱਚਿਆਂ ਨੂੰ ਇਹ ਨਾ ਦਿੱਤੀ ਜਾ ਸਕੇ।

ਇਹ ਸਭ ਕੁੱਝ ਤਾਂ ਠੀਕ ਹੈ ਪਰ, ਪੀੜ ਇਕ ਅਜਿਹਾ ਰਿਸ਼ਤਾ ਡਾਕਟਰ ਤੇ ਮਰੀਜ਼ ਵਿਚ ਗੰਢਦੀ ਹੈ ਕਿ ੯੯ ਪ੍ਰਤੀਸ਼ਤ ਮਰੀਜ਼ ਡਾਕਟਰ ਕੋਲ ਇਸੇ ਦੇ ਆਰਾਮ ਵਾਸਤੇ ਹੀ ਜਾਂਦੇ ਹਨ। ਜੇ ਇੱਕਲੇ ਅਦਰਕ ਦੇ ਸਿਰ ਉੱਤੇ ਛੱਡ ਦਿੱਤਾ ਜਾਏ ਤਾਂ ਬਹੁਤੇ ਮਰੀਜ਼ ਵੀ ਸੰਤੁਸ਼ਟ ਨਹੀਂ ਹੋਣਗੇ ਤੇ ਡਾਕਟਰ ਵੀ ਵਿਹਲੇ ਬਹਿ ਜਾਣਗੇ। ਸੋ ਵਿਚਲਾ ਰਸਤਾ ਕੱਢਣ ਲਈ ਉਹ ਮਰੀਜ਼ ਚੁਣੇ ਗਏ ਜਿਹੜੇ ਆਰਾਮ ਵਾਸਤੇ ਕੋਈ ਨਾ ਕੋਈ ਦਵਾਈ ਦੀ ਭਾਲ ਕਰ ਰਹੇ ਸਨ।

ਆਕਸਫੋਰਡ ਯੂਨੀਵਰਸਿਟੀ ਹਸਪਤਾਲ ਦੇ ਪ੍ਰੋ. ਬਿੰਜਲ ਤੇ ਮਿਊਨਿਖ਼ ਯੂਨੀਵਰਸਿਟੀ ਵਿਚਲੀ ਖੋਜ ਸੰਨ ੨੦੧੧ ਵਿਚ 'ਸਾਇੰਸ ਟਰਾਂਜ਼ੀਸ਼ਨਲ ਮੈਡੀਸਨ' ਵਿਚ ਛਪੀ ਜਿਸ ਵਿਚ ਦਰਦ ਨਾਲ ਤੜਫ ਰਹੇ ਮਰੀਜ਼ਾਂ ਵਿਚ ਮਾਰਫੀਨ ਜਿੰਨੇ ਤੇਜ਼ (ਰੈਮੀਫੈਂਟਾਨਿਲ) ਟੀਕੇ ਲਾਉਣ ਦੀ ਲੋੜ ਪਈ! ਇਨ੍ਹਾਂ ਮਰੀਜ਼ਾਂ ਦੇ ਦਵਾਈ ਦੇਣ ਸਮੇਂ, ਪਹਿਲਾਂ ਤੇ ਬਾਅਦ ਵਿਚ ਐਮ.ਆਰ.ਆਈ. ਸਕੈਨ ਕੀਤੇ ਗਏ।

ਇਸਦੇ ਨਾਲ ਨਾਲ ਇਕ ਮਨੋਵਿਗਿਆਨਿਕ ਪੱਖ ਵੀ ਵਰਤਿਆ ਗਿਆ। ਪਹਿਲਾ ਟੀਕਾ ਲਾਉਣ ਤੋਂ ਬਾਅਦ ਜਦੋਂ ਦੁਬਾਰਾ ਤਿੱਖੀ ਦਰਦ ਉੱਠੀ ਤਾਂ ਉਸੇ ਚਲਦੇ ਗੁਲੂਕੋਜ਼ ਵਿਚ ਅੱਧਿਆਂ ਮਰੀਜ਼ਾਂ ਨੂੰ ਦਰਦ ਦਾ ਟੀਕਾ ਲਾਉਣ ਦੇ ਬਾਅਦ ਵੀ ਇਹ ਕਿਹਾ ਗਿਆ ਕਿ ਹਾਲੇ ਹਲਕਾ ਟੀਕਾ ਲਾਇਆ ਜਾ ਰਿਹਾ ਹੈ। ਇਹ ਵੇਖਣ ਵਿਚ ਆਇਆ ਕਿ ਉਹੀ ਦਰਦ ਦਾ ਟੀਕਾ ਲੱਗ ਜਾਣ ਬਾਅਦ ਵੀ ਮਰੀਜ਼ ਦਰਦ ਮਹਿਸੂਸ ਕਰਦੇ ਰਹੇ।

ਬਾਕੀ ਅੱਧਿਆਂ ਨੂੰ ਪਾਣੀ ਦਾ ਟੀਕਾ ਲਾ ਕੇ ਕਿਹਾ ਗਿਆ ਕਿ ਤੇਜ਼ ਦਰਦ ਰੋਕਣ ਦਾ ਪਹਿਲਾਂ ਵਾਲਾ ਟੀਕਾ ਲਾਇਆ ਗਿਆ ਹੈ। ਉਨ੍ਹਾਂ ਨੂੰ ਬਾਅਦ ਵਿਚ ਪੁੱਛਣ ਉੱਤੇ ਸਾਰਿਆਂ ਨੇ ਹੀ ਕਿਹਾ ਕਿ ਵਾਕਈ ਦਰਦ ਘੱਟ ਗਿਆ ਹੈ। ਇਹੀ ਕੁੱਝ ਟੈਸਟਾਂ ਰਾਹੀਂ ਵੀ ਸਾਬਤ ਹੋਇਆ ਕਿ ਦਿਮਾਗ਼ ਦਾ ਉਹ ਹਿੱਸਾ ਜੋ ਦਰਦ ਮਹਿਸੂਸ ਕਰਵਾਉਂਦਾ ਹੈ, ਸ਼ਾਂਤ ਹੋਇਆ ਪਿਆ ਸੀ।

ਇਸ ਸਾਰੀ ਖੋਜ ਨਾਲ ਇਹ ਗੱਲ ਤਾਂ ਪੱਕੀ ਹੋ ਗਈ ਜੋ ਐਮ.ਆਰ.ਆਈ ਸਕੈਨ ਰਾਹੀਂ ਵੀ ਪਤਾ ਲੱਗ ਗਿਆ ਕਿ ਇਨਸਾਨੀ ਦਿਮਾਗ਼ ਦੇ ਅਗਲੇ ਸਿਰੇ (Forebrain) ਵਿੱਚੋਂ ਤਗੜੇ ਓਪੀਆਇਡ ਨਿਕਲਦੇ ਹਨ ਜੋ ਸਿਰਫ਼ ਏਨਾ ਸੁਣਨ ਉੱਤੇ ਹੀ ਆਰਾਮ ਮਹਿਸੂਸ ਕਰਵਾ ਦਿੰਦੇ ਹਨ ਕਿ ਦਰਦ ਦਾ ਟੀਕਾ ਲੱਗ ਗਿਆ ਹੈ, ਜਦਕਿ ਮਰੀਜ਼ਾਂ ਨੂੰ ਸਿਰਫ਼ ਪਾਣੀ ਦਾ ਟੀਕਾ ਲਾਇਆ ਗਿਆ ਸੀ।

ਇਸ ਖੋਜ ਦੀ ਰਿਪੋਰਟ ਦੇ ਅਖ਼ੀਰ ਵਿਚ ਖੋਜੀ ਡਾਕਟਰਾਂ ਨੇ ਇਹ ਸਿੱਟਾ ਕੱਢਿਆ ਕਿ ਦੁਨੀਆ ਵਿਚ ਦਰਦ ਦੀ ਸਭ ਤੋਂ ਤੇਜ਼ ਆਰਾਮ ਦੇਣ ਵਾਲੀ ਦਵਾਈ, ਜਿਸਦਾ ਕੋਈ ਵੀ ਮਾੜਾ ਅਸਰ ਨਹੀਂ, ਉਹ ਡਾਕਟਰ ਵੱਲੋਂ ਕਹੇ ਦੋ ਪਿਆਰ ਤੇ ਹਮਦਰਦੀ ਦੇ ਬੋਲ ਅਤੇ ਮੂੰਹ ਉੱਤੇ ਮੁਸਕਾਨ ਲਿਆ ਕੇ ਦਿੱਤੀ ਤਸੱਲੀ ਹੈ ਜਿਸ ਨਾਲ ਮਰੀਜ਼ ਦਾ ਦਿਮਾਗ਼ ਆਪਣੇ ਆਪ ਦਰਦ ਨਿਵਾਰਕ ਰਸ ਕੱਢਣਾ ਸ਼ੁਰੂ ਕਰ ਦਿੰਦਾ ਹੈ।

ਏਨੀ ਡੂੰਘੀ ਤੇ ਵਿਸ਼ਵ ਪੱਧਰੀ ਖੋਜ ਨੂੰ ਜਾਣ ਲੈਣ ਬਾਅਦ ਹੁਣ ਵਾਰੀ ਹੈ ਆਪੋ ਆਪਣੀ ਦਵਾਈਆਂ ਦੇ ਡੱਬਿਆਂ ਨੂੰ ਖੋਲ੍ਹ ਕੇ ਪੀੜ ਘਟਾਉਣ ਵਾਲੀਆਂ ਦਵਾਈਆਂ ਨੂੰ ਸੁੱਟ ਦੇਣ ਦੀ! ਜੇ ਪੀੜ ਤਿੱਖੀ ਹੈ ਤਾਂ ਝਟ ਸਿਆਣੇ ਸਪੈਸ਼ਲਿਸਟ ਡਾਕਟਰ ਕੋਲ ਜਾ ਕੇ ਉਸਦਾ ਕਾਰਣ ਲਭ ਕੇ ਫੌਰੀ ਇਲਾਜ ਕਰਵਾਉਣ ਦੀ ਲੋੜ ਹੈ, ਮਸਲਨ ਟੁੱਟੀ ਹੱਡੀ, ਅਪੈਂਡਿਕਸ ਦਾ ਫਟਣਾ, ਰੀੜ੍ਹ ਦੀ ਹੱਡੀ ਦਾ ਮਣਕਾ ਖਿਸਕਣਾ, ਆਦਿ ਫੌਰਨ ਇਲਾਜ ਮੰਗਦੇ ਹਨ।

ਜੇ ਸਿਰਫ਼ ਥਕਾਵਟ ਜਾਂ ਸਿਰ ਦਰਦ, ਪੱਠਿਆਂ ਦੀ ਦਰਦ ਹੈ ਤਾਂ ਧਿਆਨ ਲਾ ਕੇ ਆਪਣਾ ਮਨ ਸ਼ਾਂਤ ਕਰ ਕੇ ਆਪਣੇ ਆਪ ਨੂੰ ਹੋਰ ਆਹਰੇ ਲਾ ਕੇ ਅਦਰਕ ਦਾ ਰਸ ਪੀ ਕੇ ਮੌਜ ਮਨਾਓ! ਜੇ ਫਿਰ ਵੀ ਦਰਦ ਮਹਿਸੂਸ ਹੋ ਰਿਹਾ ਹੈ ਤਾਂ ਆਪਣੇ ਪਿਆਰੇ ਫੈਮਿਲੀ ਡਾਕਟਰ ਕੋਲੋਂ ਤਸੱਲੀ ਦੇ ਦੋ ਬੋਲ ਸੁਣ ਆਓ ਤੇ ਉਸਦੀ ਮੁਸਕਾਨ ਨਾਲ ਆਪਣੀ ਮੁਸਕਾਨ ਰਲਾ ਕੇ ਵੇਖੋ! ਦਰਦ ਯਕੀਨਨ ਦੂਰ ਹੋ ਜਾਏਗਾ!

*੨੮, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।*
*ਫੋਨ ਨੰ: ੦੧੭੫-੨੨੧੬੭੮੩*


NamdhariElibrary NamdhariElibrary@gmail.com

# ਮੈਂ, ਮੇਰੀ ਨਾਨੀ ਤੇ ਉਸ ਦੇ ਕਲਿਆਣਕਾਰੀ ਕੂਕੇ



—ਗੁਲਜ਼ਾਰ ਸਿੰਘ ਸੰਧੂ

ਮੈਂ ਹੁਣ ਤੱਕ ਆਪਣੇ-ਆਪ ਨੂੰ ਚਮਕੌਰ ਸਾਹਿਬ ਤੇ ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਸਾਕਿਆਂ ਦੀ ਧਰਤੀ ਦਾ ਜੰਮਪਲ ਕਹਿਦਾ ਆਇਆ ਹਾਂ। ਮੇਰੀ ਨਾਨੀ ਕੂਕਿਆਂ ਦੀ ਧੀ ਹੋਣ ਦੇ ਬਾਵਜੂਦ ਐਨ ਦੂਜੇ ਪਾਸੇ ਪੈਂਦਾ ਮਹੱਤਵਪੂਰਨ ਸਥਾਨ ਭੈਣੀ ਸਾਹਿਬ ਮੇਰੇ ਤੋਂ ਕਿਵੇਂ ਵਿਸਰਿਆ ਰਿਹਾ ਇਸ ਦਾ ਮੇਰੇ ਕੋਲ ਕੋਈ ਉੱਤਰ ਨਹੀਂ। ਨਾਨੀ ਦੀਆਂ ਗੱਲਾਂ ਵਿਚ ਭੈਣੀ ਸਾਹਿਬ ਦਾ ਜ਼ਿਕਰ ਤਾਂ ਆਉਂਦਾ ਸੀ ਪਰ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਬੰਦਾ ਬਹਾਦਰ ਦਾ ਡੰਕਾ ਸਮਰਾਲਾ-ਮਾਛੀਵਾੜਾ ਦੀ ਧਰਤੀ ਨਾਲੋਂ ਮੇਰੇ ਬਾਲ ਮਨ ਨੂੰ ਸਰਹੰਦ ਵਾਲੇ ਪਾਸੇ ਖਿਚ ਲੈ ਆਉਂਦਾ ਸੀ। ਉਂਝ ਵੀ ਨਾਨੀ ਨੇ ਅੱਠ ਧੀਆਂ-ਪੁੱਤਰ ਪਾਲਣੇ ਹੁੰਦੇ ਸਨ ਅਤੇ ਉਸ ਦੇ ਮਨ ਉੱਤੇ ਕਮਾਊ ਨਾਨੇ ਦਾ ਰੋਅਬ ਸੀ। ਨਾਨਾ ਸ਼ਾਹੂਕਾਰਾ ਕਰਦਾ ਸੀ ਤੇ ਜੰਗਲੀ ਸੂਰਾਂ ਦਾ ਸ਼ਿਕਾਰੀ ਸੀ। ਉਹ ਬਲਦੇ ਸਿਵਿਆਂ ਦੀ ਅੱਗ ਨਾਲ ਛੱਲੀਆਂ ਤੇ ਹੋਲਾਂ ਭੁੰਨ ਕੇ ਨਿਸਚਿੰਤ ਹੀ ਖਾ ਜਾਂਦਾ ਸੀ। ਥੋੜ੍ਹਾ ਥਥਲਾ ਕੇ ਬੋਲਦਾ ਸੀ, ਪਰ ਹੈ ਸੀ ਰੁਅਬ ਵਾਲਾ।

ਚੰਡੀਗੜ੍ਹ-ਲੁਧਿਆਣਾ ਮਾਰਗ ਉਤੇ ਨੀਲੋਂ ਦੇ ਪੁਲ ਵਾਲੀ ਨਹਿਰ ਸਰਹੰਦ ਦੀ ਬੁੱਕਲ ਵਿਚ ਪੈਂਦਾ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਦੇ ਵਿੱਢੇ ਸਮਾਜ ਕਲਿਆਣ ਵਾਲੇ ਕਾਰਜਾਂ ਕਾਰਨ ਰਮਣੀਕ ਵੀ ਲੱਗਿਆ ਤੇ ਮਹਾਨ ਵੀ। ਜੂਨ ਮਹੀਨੇ ਦੀ ਨੌਂ ਤਰੀਕ ਨੂੰ ਭੈਣੀ ਸਾਹਿਬ ਵਿਖੇ ਵਰਤਮਾਨ ਸੰਚਾਲਕ ਠਾਕਰ ਉਦੈ ਸਿੰਘ ਦੀ ਦੇਖ-ਰੇਖ ਵਿਚ ਉਨ੍ਹਾਂ ਕਾਰਜਾਂ ਦੀ ੧੫੦ ਵੀਂ ਵਰ੍ਹੇਗੰਢ ਮਨਾਈ ਗਈ ਤਾਂ ਬਾਬਾ ਰਾਮ ਸਿੰਘ ਦੀ ਦੇਣ ਨੂੰ ਸ਼ਰਧਾ ਦੇ ਫੁੱਲ ਚੜ੍ਹਾਏ ਗਏ। ਮੇਰੇ ਬੋਲਣ ਦੀ ਵਾਰੀ ਆਈ ਤਾਂ ਮੈਨੂੰ ਆਪਣੀ ਨਾਨੀ ਚੇਤੇ ਆ ਗਈ ਜਿਹੜੀ ਆਪਣੇ ਪਤੀ ਦੇ ਮਾੜਾ ਜਿਹਾ ਉੱਚਾ ਬੋਲਣ 'ਤੇ 'ਜ਼ਰਾ ਸੰਭਲ ਕੇ ਬੋਲ ਸਰਦਾਰਾ! ਮੈਂ ਕੂਕਿਆਂ ਦੀ ਧੀ ਹਾਂ' ਕਹਿ ਕੇ ਥਥਲਾਉਣ ਲਾ ਦਿੰਦੀ ਸੀ। ਉਸਨੂੰ ਇਹ ਸ਼ਕਤੀ ਬਾਬਾ ਰਾਮ ਸਿੰਘ ਜੀ ਵੱਲੋਂ ੧੫੦ ਸਾਲ ਪਹਿਲਾਂ ਇਸਤਰੀ ਨੂੰ ਦਿੱਤੀ ਬਰਾਬਰੀ ਦੀ ਧਾਰਨਾ ਵਿਚੋਂ ਮਿਲੀ ਹੋਈ ਸੀ। ਬਾਬਾ ਜੀ ਨੇ ਇਕ ਮਹੱਤਵਪੂਰਨ ਹੁਕਮਨਾਮੇ ਰਾਹੀਂ ਧੀ ਨੂੰ ਮਾਰਨ, ਵੇਚਣ ਤੇ ਵੱਟਾ ਕਰਨ ਵਾਲੇ ਮਾਪਿਆਂ ਦਾ ਬਾਈਕਾਟ ਕਰਨ ਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਗੁਰਮੁਖੀ ਅੱਖਰਾਂ ਦਾ ਗਿਆਨ ਪ੍ਰਾਪਤ ਕਰਨ ਦੇ ਨਾਲ ਨਾਲ ਲੜਕੇ ਲੜਕੀਆਂ ਦੀ ਸ਼ਾਦੀ ਵਾਸਤੇ ਉਮਰ ਵੀ ਨਿਸਚਤ ਕੀਤੀ ਸੀ। ਆਪਣੇ ਵਚਨਾਂ ਨੂੰ ਅਮਲੀ ਜਾਮਾ ਪਹਿਣਾਉਣ ਹਿੱਤ ਸੰਨ ੧੮੬੩ ਦੀ ਪਹਿਲੀ ਜੂਨ ਨੂੰ ਲੁਧਿਆਣੇ ਜ਼ਿਲੇ ਦੇ ਪਿੰਡ ਸਿਆੜ੍ਹ ਵਿਖੇ ਬੀਬੀ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾਉਣ ਦੀ ਉਪਕਾਰੀ ਰਸਮ ਨਿਭਾਈ ਤੇ ਦੋ ਦਿਨ ਪਿਛੋਂ ਤਿੰਨ ਜੂਨ ਨੂੰ ਫਿਰੋਜ਼ਪੁਰ ਦੇ ਪਿੰਡ ਖੋਟੇ ਵਿਖੇ ਸ਼ਾਸਤਰੀ ਮਰਿਆਦਾ ਤੋਂ ਹਟਵਾਂ ਗੁਰਮਤ ਮਰਿਆਦਾ ਵਾਲਾ ਅਨੰਦ ਕਾਰਜ ਰਚਾਇਆ। ਇਸ ਕਾਰਜ ਦੀ ਸਰਲਤਾ, ਸਾਦਗੀ ਤੇ ਸੁਹੱਪਣ ਨੂੰ ਲਿਸ਼ਕਾਉਣ ਹਿੱਤ ਛੇ ਜੋੜਿਆਂ ਦੇ ਵਿਆਹ ਇਸ ਲਈ ਇਕੱਠੇ ਰਚਾਏ ਗਏ ਕਿ ਅਜਿਹਾ ਕੀਤਿਆਂ ਇਸ ਰਸਮ ਉੱਤੇ ਉੱਕਾ ਹੀ ਕੋਈ ਖਰਚ ਨਹੀਂ ਸੀ ਆਇਆ। ਮੁੱਖ ਮਨੋਰਥ ਦਾਜ ਦੀ ਪ੍ਰਥਾ ਨੂੰ ਠੱਲ੍ਹ ਪਾਉਣ ਦਾ ਸੀ। ਖ਼ੂਬੀ ਇਹ ਕਿ ਇਨ੍ਹਾਂ ਛੇ ਜੋੜਿਆਂ ਵਿਚੋਂ ਦੋ ਜੋੜੇ ਅਜਿਹੇ ਵੀ ਸਨ ਜਿਨ੍ਹਾਂ ਵਿਚੋਂ ਇਕ ਕੇਸ ਵਿਚ ਲੜਕੀ ਤਰਖਾਣਾਂ ਦੀ ਸੀ ਤੇ ਲੜਕਾ ਅਰੋੜਿਆਂ ਦਾ ਤੇ ਦੂਜੇ ਵਿਚ ਲੜਕੀ ਅਰੋੜਿਆਂ ਦੀ ਸੀ ਤੇ ਲਾੜਾ ਛੀਂਬਾ ਬਰਾਦਰੀ ਦਾ।

ਸਤਿਗੁਰੂ ਰਾਮ ਸਿੰਘ ਵਲੋਂ ਇਹ ਪਿਰਤ ਪਾਏ ਜਾਣ ਦਾ ਇਲਾਕੇ ਦੇ ਬ੍ਰਾਹਮਣਾਂ ਨੂੰ ਏਨਾ ਦੁੱਖ ਹੋਇਆ ਕਿ ਉਨ੍ਹਾਂ ਨੇ ਬਾਬਾ ਜੀ ਦੇ ਏਸ ਅਮਲ ਲਈ ਉਸ ਵੇਲੇ ਦੀ ਗੋਰੀ ਸਰਕਾਰ ਨੂੰ ਏਨਾ ਭੜਕਾਇਆ ਕਿ ਬਾਬਾ ਜੀ ਨੂੰ ੪-੫ ਦਿਨ ਬਾਘਾ ਪੁਰਾਣਾ ਦੇ ਥਾਣੇ ਹੀ ਨਹੀਂ ਰਖਿਆ ਗਿਆ ਸਗੋਂ ਪੂਰਾ ਇਕ ਮਹੀਨਾ ਭੈਣੀ ਸਾਹਿਬ ਤੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਅੱਗੇ ਹਾਜ਼ਰੀ ਲਾਉਣੀ ਪਈ।

ਜੇ ਨਾਮਧਾਰੀ ਮਰਯਾਦਾ ਦੇ ਟਾਕਰੇ ਉਤੇ ਮੁਸਲਿਮ ਮਰਯਾਦਾ ਨੂੰ ਰੱਖ ਕੇ ਵੇਖਣਾ ਹੋਵੇ ਤਾਂ ਮੈਂ ਦੱਸਣਾ ਚਾਹਾਂਗਾ ਕਿ ੧੯੯੯ ਦੇ ਅਪ੍ਰੈਲ ਮਹੀਨੇ ਜਦੋਂ ਮੈਂ ਤੇ ਮੇਰੀ ਪਤਨੀ ਸੁਰਜੀਤ ਕੌਰ ਨਵਾਜ਼ ਸ਼ਰੀਫ ਦੇ ਜੱਦੀ ਪਿੰਡ ਜਾਤੀ ਉਮਰਾ ਦੇ ਸਰਪੰਚ ਅਰਜਨ ਸਿੰਘ ਦੀ ਸੰਗਤ ਵਿਚ ਪਾਕਿਸਤਾਨ ਗਏ ਤਾਂ ਮੀਆਂ ਮੀਰ ਦੇ ਮਜ਼ਾਰ ਦੀ ਅੰਦਰੋਂ ਤਸਵੀਰ ਲੈਣ ਸਮੇਂ ਮੇਰੀ ਪਤਨੀ ਨੂੰ ਸਰਦਲ ਦੇ ਅੰਦਰ ਪੈਰ ਧਰਨੋਂ ਵੀ ਵਰਜ ਦਿੱਤਾ ਗਿਆ ਸੀ। ਮੁਸਲਿਮ ਮਰਿਆਦਾ ਮਹਿਲਾਵਾਂ ਨੂੰ ਪੂਜਨੀਕ ਅਸਥਾਨਾਂ ਦੇ ਅੰਦਰ ਜਾਣ ਦੀ ਵੀ ਆਗਿਆ ਨਹੀਂ ਦਿੰਦੀ। ਬਾਬਾ ਰਾਮ ਸਿੰਘ ਵਲੋਂ ਡੇਢ ਸੌ ਸਾਲ ਪਹਿਲਾਂ ਦਿਵਾਈ ਬਰਾਬਰੀ ਦਾ ਹੱਕ ਤਾਂ ਬਹੁਤ ਦੂਰ ਦੀ ਗੱਲ ਹੈ।

ਮੈਨੂੰ ਭੈਣੀ ਸਾਹਿਬ ਦੀ ਸੱਜਰੀ ਫੇਰੀ ਨੇ ਆਪਣੇ ਨਾਨਕਿਆਂ ਦੀ ਧਰਤੀ ਅਤੇ ਮਰਿਆਦਾ ਹੀ ਚੇਤੇ ਨਹੀ ਕਰਵਾਈ ਸਗੋਂ ਉਸ ਵਿਚਾਰਧਾਰਾ ਦੇ ਸਨਮੁਖ ਹੋਣ ਦਾ ਅਵਸਰ ਵੀ ਦਿੱਤਾ ਜਿਹੜੀ ਕਿ ਅੰਤਾਂ ਦੀ ਕਲਿਆਣਕਾਰੀ ਹੈ।

ਅੰਤਿਕਾ

(ਬਾਬਾ ਕਾਲਾ ਸਿੰਘ ਦੇ 'ਪੰਥ ਪ੍ਰਕਾਸ਼' ਵਿਚੋਂ)

ਦੇਸੀ ਕਾਟ ਸਿੱਧੀ ਸਾਦੀ ਪਹਿਰ ਲੈਣੀ,
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।
ਰੋਣਾ ਪਿੱਟਣਾ ਸਿਆਪਾ ਨਾ ਕਰੀਂ ਜਾ ਕੇ,
ਮਰੇ ਸਾਕ ਸਨਬੰਧ, ਵਿਚਾਰ ਬੀਬੀ।
ਲੱਗੀ ਦੇਣੀ ਹੈ, ਦੇਸ਼ ਅਜ਼ਾਦ ਕਰਨਾ,
ਕਰਨਾ ਦੇਸ਼ ਨੂੰ ਸਦਾ ਪਿਆਰ ਬੀਬੀ।

*'ਅਜੀਤ' ੧੫ ਜੂਨ ੨੦੧੩ 'ਚੋਂ ਧੰਨਵਾਦ ਸਹਿਤ*

NamdhariElibrary NamdhariElibrary@gmail

# ਪਤਿਤ ਲਹਿਰ ਨੂੰ ਕਿਵੇਂ ਰੋਕੀਏ



**ਤਰਲੋਚਨ ਸਿੰਘ**
ਸਾਬਕਾ ਐਮ. ਪੀ. ਤੇ ਚੇਅਰਮੈਨ,
ਨੈਸ਼ਨਲ ਮਿਨਾਰਿਟੀ ਕਮਿਸ਼ਨ

ਬੜਾ ਅਜੀਬ ਸਵਾਲ ਹੈ ਅੱਜ ਸਾਰੀ ਸਿੱਖ ਕੌਮ ਦੇ ਸਾਹਮਣੇ। ਹਰ ਰੋਜ਼ ਖ਼ਬਰਾਂ ਛਪ ਰਹੀਆਂ ਹਨ, ਟੀ.ਵੀ. ਤੇ ਧੜਾ-ਧੜ ਪ੍ਰੋਗਰਾਮ ਬੁੱਕ ਹੋ ਰਹੇ ਹਨ। ਨਗਰ ਕੀਰਤਨਾਂ ਦੀ ਸ਼ਾਨ ਵੇਖਕੇ ਬੜਾ ਉਤਸ਼ਾਹ ਮਿਲਦਾ ਹੈ। ਪਿਛਲੇ ਦਿਨਾਂ ਵਿਚ ਨਿਊਯਾਰਕ-ਅਮਰੀਕਾ ਵਿਚ ਸਿੱਖ ਪਰੇਡ ਦੀ ਧੂਮ ਵੇਖੀ। ਵੈਨਕੂਵਰ ਵਿਚ ਵਿਸਾਖੀ ਦਾ ਨਗਰ ਕੀਰਤਨ ਮੀਲਾਂ ਲੰਬਾ ਸੀ। ਫਿਰ ਟੋਰਾਂਟੋ ਦਾ ਉਸ ਤੋਂ ਵੱਡਾ। ਕਿੱਡੀ ਸਾਡੀ ਚੜਤ ਹੈ ਕਿ ਕੈਨੇਡਾ ਦਾ ਪ੍ਰਧਾਨ ਮੰਤਰੀ ਤੇ ਸਟੇਟਾਂ ਦੇ ਮੁੱਖ ਮੰਤਰੀ ਇਹਨਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੁੰਦੇ ਹਨ। ਹੁਣ ਜਰਮਨੀ, ਇਟਲੀ ਤੇ ਸਪੇਨ ਵਿਚ ਵਸਦੇ ਸਿੱਖ ਵੀ ਇਹੋ ਪ੍ਰੋਗਰਾਮ ਕਰ ਰਹੇ ਹਨ। ਪੰਜਾਬ ਵਿਚ ਨਿਗਾਹ ਮਾਰੋ ਕੋਈ ਦਿਨ ਖਾਲੀ ਨਹੀਂ ਜਦ ਮਹਾਨ ਕੀਰਤਨ ਦਰਬਾਰ ਨਾ ਹੁੰਦਾ ਹੋਵੇ। ਸਾਡੇ ਸਤਿਕਾਰਯੋਗ ਸੰਤ, ਬਾਬੇ, ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਕੋਈ ਨਾ ਕੋਈ ਯਾਦਗਾਰੀ ਪ੍ਰੋਗਰਾਮ ਕਰਦੇ ਰਹਿੰਦੇ ਹਨ। ਕਲੇਰਾਂ ਵਾਲੇ ਸੰਤਾਂ ਬਾਬਾ ਈਸ਼ਰ ਸਿੰਘ ਜੀ ਬਾਬਾ ਸਾਧੂ ਸਿੰਘ ਜੀ ਦੀ ਯਾਦ ਵਿਚ ਸ਼ਾਨਦਾਰ ਪ੍ਰੋਗਰਾਮ ਰਚੇ ਗਏ। ਵੱਡੇ ਪ੍ਰਭਾਵਸ਼ਾਲੀ ਡੇਰੇ ਤਾਂ ਨਿਤ ਵੱਡੀਆਂ ਯਾਤਰਾਵਾਂ ਵੀ ਕੱਢ ਰਹੇ ਹਨ। ਹਰ ਰੋਜ਼ ਕਿਸੇ ਨਾ ਕਿਸੇ ਟੀ.ਵੀ. ਚੈਨਲ ਤੇ ਇਹ ਪ੍ਰੋਗਰਾਮ ਵਿਖਾਣ ਲਈ ਬੜੀ ਮਾਇਆ ਖਰਚ ਕੀਤੀ ਜਾਂਦੀ ਹੈ। ਵਿਦੇਸ਼ਾਂ ਵਿਚ ਸਿੱਖ ਜਥੇਬੰਦੀਆਂ ਹੁਣ ਟੀ.ਵੀ. ਚੈਨਲਾਂ ਤੇ ਇਹੋ ਜਿਹੇ ਪ੍ਰੋਗਰਾਮ ਵਿਖਾ ਰਹੀਆਂ ਹਨ।

ਪਰ ਜੋ ਅਸਲੀਅਤ ਹੈ ਸਾਡੀ ਕੌਮ ਦੀ, ਉਸ ਬਾਰੇ ਕੋਈ ਸੋਚ ਨਹੀਂ ਹੈ। ਇਕ ਪਾਸੇ ਖਾਲਸਾਈ ਸ਼ਾਨ ਨੂੰ ਦਰਸਾਉਣ ਲਈ ਲੱਖਾਂ ਡਾਲਰ ਤੇ ਰੁਪਏ ਖਰਚ ਕਰ ਰਹੇ ਹਾਂ। ਦੂਜੇ ਪਾਸੇ ਕਦੇ ਵੇਖਦੇ ਨਹੀਂ ਕਿ ਕਿਤਨੇ ਸਿੱਖ ਪਤਿਤ ਹੋ ਰਹੇ ਹਨ। ਮੈਂ ਉਪਰ ਲਿਖਿਆ ਹੈ ਕਿ ਪਤਿਤ ਹੋਣ ਦੀ ਲਹਿਰ ਚੱਲ ਰਹੀ ਹੈ। ਕੋਈ ਇਸਤੋਂ ਔਖੇ ਹੋਣਗੇ ਕਿ ਮੈਂ ਇਸਨੂੰ ਕਿਉਂ ਲਹਿਰ ਕਹਿ ਰਿਹਾ ਹਾਂ। ਕਦ ਤਕ ਇਸ ਸੱਚਾਈ ਨੂੰ ਦਬਾ ਕੇ ਰੱਖੋਗੇ। ਪੰਜਾਬ ਦੇ ਪਿੰਡਾਂ ਵਿਚ ਜੋ ਸਕੂਲ ਹਨ ਉਥੇ ਜਾ ਕੇ ਵੇਖੋ ਕਿ ਕਿਤਨੇ ਵਿਦਿਆਰਥੀ ਸਿਰ ਤੇ ਕੇਸ ਰੱਖਦੇ ਹਨ। ਭਾਰਤ ਦੇ ਇਕ ਵੱਡੇ ਅਖ਼ਬਾਰ ਟਾਈਮਜ਼ ਆਫ਼ ਇੰਡੀਆ ਨੇ ਬਰਨਾਲਾ ਜ਼ਿਲ੍ਹੇ ਦੇ ਸਕੂਲਾਂ ਦਾ ਸਰਵੇਖਣ ਕਰਕੇ ਇਕ ਰਿਪੋਰਟ ਛਾਪੀ ਹੈ ਕਿ ੯੦ ਫੀਸਦੀ ਸਿੱਖ ਲੜਕੇ ਪਤਿਤ ਹੋ ਚੁੱਕੇ ਹਨ। ਇਹ ਬਿਮਾਰੀ ਪੂਰੇ ਤੌਰ ਤੇ ਫੈਲ ਚੁੱਕੀ ਹੈ। ਹੁਣ ਤਾਂ ਪੰਜਾਬ ਦੇ ਸਿੱਖਾਂ ਨੇ ਵਿਦੇਸ਼ਾਂ ਵਿਚ ਜਾ ਕੇ ਇਸ ਬਿਮਾਰੀ ਨੂੰ ਹੋਰ ਫੈਲਾ ਦਿੱਤਾ ਹੈ। ਮੈਂ ਇਕ ਵਾਰੀ ਮੈਲਬੋਰਨ (ਆਸਟਰੇਲੀਆ) ਦੇ ਗੁਰਦੁਆਰੇ ਗਿਆ, ਹੈਰਾਨ ਹੋ ਗਿਆ ਕਿ ਸੰਗਤ ਵਿਚ ਬਹੁਗਿਣਤੀ ਦੇ ਸਿਰ ਤੇ ਰੁਮਾਲ ਸੀ ਪਗੜੀ ਨਹੀਂ। ਮੈਨੂੰ ਦੱਸਿਆ ਗਿਆ ਕਿ ਜਦ ਦੇ ਪੰਜਾਬੀ ਵਿਦਿਆਰਥੀ ਉਥੇ ਗਏ ਹਨ, ਸਿੱਖਾਂ ਦੀ ਦਿਖ ਵਿਗੜ ਗਈ ਹੈ। ਇਹੋ ਹਾਲ ਸਾਡੇ ਦੇਸ਼ਾਂ ਵਿਚ ਹੋ ਚੁੱਕਾ ਹੈ। ਵਿਦੇਸ਼ਾਂ ਵਿਚ ਪਹਿਲਾਂ ਪਗੜੀ ਕਾਇਮ ਸੀ। ਹੁਣ ਅਸੀਂ ਆਪਣੀ ਹਿੰਮਤ ਨਾਲ ਇਸਨੂੰ ਉਤਾਰ ਰਹੇ ਹਾਂ। ਮਾਹਲਪੁਰ ਦੀ ਧਰਤੀ ਫੁੱਟਬਾਲ ਦਾ ਘਰ ਹੈ। ਮੈਂ ਇਕ ਫੋਟੋ ਪਿਛਲੇ ਮਹੀਨੇ ਦੇਖੀ ਕਿ ਇਕ ਵਿਦੇਸ਼ੀ ਕੋਚ ਨੇ ਮੁੜ ਫੁੱਟਬਾਲ ਨੂੰ ਸੁਰਜੀਤ ਕਰਨ ਦਾ ਇਕ ਕੈਂਪ ਲਗਾਇਆ। ੨੫ ਵਿਦਿਆਰਥੀ ਚੁਣੇ ਗਏ। ਫੋਟੋ ਵਿਚ ਕੇਵਲ ਇਕ ਸਿੱਖ ਨਜ਼ਰ ਆਇਆ। ਕਬੱਡੀ ਮਾਂ ਖੇਡ ਬਣ ਗਈ ਹੈ। ਸਾਰੇ ਸਿੱਖ ਸੰਤ, ਗੁਰਦੁਆਰੇ ਇਸਨੂੰ ਮਦਦ ਕਰ ਰਹੇ ਹਨ। ਕਿਤਨੇ ਜੂੜਿਆਂ ਵਾਲੇ ਹਨ। ਭਾਰਤ ਦੀ ਹਾਕੀ ਟੀਮ ਵਿਚ ੭ ਸਿੱਖ ਹਨ ਪਰ ਚਾਰ ਪਤਿਤ। ਹੁਣ ਤਾਂ ਦਾਦਾ ਆਪਣੇ ਨਾਲ ਪਤਿਤ ਪੋਤੇ ਨਾਲ ਸ਼ਾਨਦਾਰ ਫੋਟੋ ਖਿਚਵਾਂਦਾ ਹੈ। ਬਹੁਤਾ ਨਹੀਂ ਲਿਖਦਾ-ਕਿਤਨਾ ਖੋਰਾ ਲੱਗ ਚੁੱਕਾ ਹੈ। ਤੁਹਾਨੂੰ ਪਤਾ ਹੈ-ਦਿੱਲੀ ਗੁਰਦੁਆਰਾ ਚੋਣਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਹੈਰਾਨ ਹੋਏ ਕਿ ਕਿਧਰੇ ਪਤਿਤ ਨਜ਼ਰ ਨਹੀ ਆਂਦਾ। ਪਰ ਅਮੀਰ ਸਿੱਖ ਤੇ ਅਫ਼ਸਰਾਂ, ਖਾਸ ਕਰਕੇ ਫੌਜੀ ਅਫ਼ਸਰਾਂ ਦੇ ਘਰਾਂ ਵਿਚ ਹੁਣ ਪਤਿਤ ਆਮ ਹਨ। ਪਰ ਇਸਦਾ ਹੱਲ ਕੋਈ ਹੈ-ਕਦੇ ਵਿਚਾਰ ਕਰੋ। ਮੈਂ ਇਕ ਸੁਝਾਅ ਦਿੰਦਾ ਹਾਂ। ਜੇ ਇਸਤੇ ਕੋਈ ਪਲਾਨ ਬਣਾ ਕੇ ਕੰਮ ਕੀਤਾ ਜਾਵੇ ਤਾਂ ਸੁਧਾਰ ਦੀ ਉਮੀਦ ਹੈ। ਸਾਨੂੰ ਫੈਸਲਾ ਕਰਨਾ ਪਏਗਾ ਕਿ ਪਤਿਤ ਨੂੰ ਘਰ ਵਾਪਸੀ ਦੀ ਮੁਹਿੰਮ ਚਲਾਈ ਜਾਵੇ। ਹਰ ਸਿੱਖ ਆਪਣੀ ਡਿਊਟੀ ਸਮਝੇ ਕਿ ਮੈਂ ਇਕ ਸਿੱਖ ਨੂੰ ਮੁੜ ਪਗੜੀ ਪਹਿਨਾਵਾਂਗਾ। ਸਿੱਖਾਂ ਵਿਚ ਉੱਚ ਕੋਟੀ ਦੇ ਕਥਾਕਾਰ ਹਨ-ਰਾਗੀ ਸਿੰਘ ਹਨ। ਇਕ ਉਹ ਆਪਣੇ ਆਪ ਤੇ ਬੰਦਸ਼ ਲਗਾਣ ਕਿ ਪ੍ਰੋਗਰਾਮ ਪਿਛੋਂ ਅਪੀਲ ਕਰਨ ਕਿ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਕਿਤਨੇ ਮੁੜ ਸਿੱਖ ਭਾਵ ਕੇਸਧਾਰੀ ਬਣੇ ਹਨ। ਹਰ

Namdhari Elibrary

NamdhariElibrary@gmail

ਇਕ ਸਿੱਖ ਮਿਸ਼ਨਰੀ ਦਾ ਕੋਟਾ ਲੱਗੇ। ਉਹ ਹਰ ਮਹੀਨੇ ਇਕ ਰਿਪੋਰਟ ਆਪ ਤਿਆਰ ਕਰਕੇ ਗੁਰੂ ਮਹਾਰਾਜ ਦੇ ਸਨਮੁਖ ਦੇਵੇ ਕਿ ਮੈਂ ਕੌਮ ਦਾ ਸੇਵਾਦਾਰ ਹਾਂ। ਕਮਾਈ ਵੀ ਇਸ ਕਾਰਨ ਬੜੀ ਹੈ। ਸੰਗਤਾਂ ਲੱਖਾਂ ਰੁਪਏ ਦਿੰਦੀਆਂ ਹਨ। ਮੈਂ ਸਿੱਖੀ ਫੈਲਾਉਣ ਲਈ ਕੀ ਕੀਤਾ ਹੈ। ਸ਼ਰਧਾਲੂ ਸਿੱਖਾਂ ਨੂੰ ਹੀ ਲੈਕਚਰ ਤੇ ਕੀਰਤਨ ਬੇਸ਼ਕ ਕਰੋ ਪਰ ਔਖਾ ਕੰਮ ਵੀ ਆਪਣੇ ਜ਼ੁੰਮੇ ਲਵੋ। ਹਰ ਸਿੱਖ ਪ੍ਰਚਾਰਕ ਸੰਤ, ਬਾਬਾ ਇਸ ਲਹਿਰ ਦਾ ਮੋਢੀ ਬਣੇ। ਮੈਂ ਤਾਂ ਅਕਾਲ ਤਖਤ ਦੇ ਜਥੇਦਾਰ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਲਹਿਰ ਦੇ ਮੋਢੀ ਬਣਨ। ਹਰ ਸਿੱਖ ਆਪਣਾ ਫਰਜ ਪਛਾਣੇ। ਜਿਤਨੀ ਵੱਡੀ ਪਦਵੀ, ਜਿਤਨਾ ਮਾਣ ਸਤਿਕਾਰ ਉਤਨਾ ਵੱਧ ਕੋਟਾ ਆਪ ਲਵੇ। ਸਿੱਖ ਸੰਗਤ ਇਸ ਸੁਝਾਅ ਨੂੰ ਆਪ ਲਾਗੂ ਕਰਵਾਏ। ਜਦ ਵਿਦੇਸ਼ ਵਿਚ ਕਿਸੇ ਰਾਗੀ, ਕਥਾਵਾਚਕ, ਸੰਤ ਨੂੰ ਬੁਲਾਓ ਉਦੋਂ ਹੀ ਉਸਤੋਂ ਮੰਗ ਕਰੋ ਕਿ ਹਰ ਰੋਜ਼ ਕਿਤਨੇ ਪਗੜੀ ਵਾਲੇ ਤਿਆਰ ਕਰੇਗਾ। ਕੌਮ ਦਾ ਪੈਸਾ ਤੁਸੀਂ ਦੇ ਰਹੇ ਹੋ। ਉਸਦਾ ਕੌਮ ਨੂੰ ਲਾਭ ਵੀ ਦੇਵੋ।

ਜੇ ਸਿੱਖ ਹੀ ਘਟਦੇ ਰਹੇ ਫਿਰ ਇਹ ਸ਼ਾਨ ਸ਼ੌਕਤ ਕਿਸ ਨੇ ਵੇਖਣੀ ਹੈ। ਪੰਜਾਬੀ ਬੋਲੀ ਦਾ ਜੋ ਹਾਲ ਹੈ ਤੁਸੀਂ ਸਭ ਜਾਣਦੇ ਹੋ।

ਆਓ ਗੁਰੂ ਵਾਲੇ ਬਣੀਏ ਤੇ ਕੁਝ ਕਰ ਵਿਖਾਈਏ।

## ਸਾਡੇ ਸਾਹਿਤਕ ਸਹਿਯੋਗੀ






ਸੰਤ ਸਿੰਘ ਜੀ

ਸੰਤ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਦੀ ਅੰਗਰੇਜ਼ੀ ਪੁਸਤਕ ਦੇ ਨਿਰਮਾਤਾ

ਸ. ਖੁਸ਼ਵੰਤ ਸਿੰਘ ਸਪੁੱਤਰ ਸ. ਕਿਰਪਾਲ ਸਿੰਘ, ਪੋਤਰਾ ਪ੍ਰਧਾਨ ਸਾਧਾ ਸਿੰਘ ਜੀ ਦਿੱਲੀ, ਪ੍ਰਸਿੱਧ ਅੰਗਰੇਜ਼ੀ ਪੁਸਤਕਾਂ ਦੇ ਲੇਖਕ






ਸ. ਖੁਸ਼ਵੰਤ ਸਿੰਘ


NamDhari Elibrary NamdhariElibrary@gmail.com

# .ਗ਼ਜ਼ਲਾਂ/ਗੁਰਨਾਮ 'ਗਿੱਲ'

(੧)

ਨਜ਼ਰ ਨੂੰ ਕਿਸ ਤਰ੍ਹਾਂ ਪੜ੍ਹਨਾ ਜਿਨ੍ਹਾਂ ਨੂੰ ਜਾਣਕਾਰੀ ਹੈ।
ਦਿਲਾਂ ਨੂੰ ਸਮਝਣੇ ਦੀ ਵੀ ਉਨ੍ਹਾਂ ਨੂੰ ਜਾਣਕਾਰੀ ਹੈ।

ਕਹਾਵਣ ਖ਼ੁਦ ਨੂੰ ਚਾਤਰ ਪਰ ਅਸਾਂ ਨੂੰ ਸਮਝਦੇ ਮੂਰਖ਼,
ਅਸੀਂ ਕੀ ਹਾਂ 'ਤੇ ਉਹ ਕੀ ਨੇ ਅਸਾਂ ਨੂੰ ਜਾਣਕਾਰੀ ਹੈ।

ਗੁਜ਼ਰਨਾਂ ਰਾਤ ਵੇਲੇ ਵੀ ਕਦੇ ਮੁਮਕਿਨ ਨਹੀਂ ਹੋਣਾ,
ਉਨ੍ਹਾਂ ਸਾਰੇ ਦਰਾਂ ਦੀ ਪਾਸਬਾਂ ਨੂੰ ਜਾਣਕਾਰੀ ਹੈ।

ਉਹ ਬੈਠੇ ਸਾਹਮਣੇ ਲੇਕਿਨ ਚਲਾਉਂਦੇ ਤੀਰ ਨੇ ਗੁੱਝੇ,
ਉਹ ਕੀ ਨੇ ਸੋਚਦੇ ਸਾਡੇ ਦਿਲਾਂ ਨੂੰ ਜਾਣਕਾਰੀ ਹੈ।

ਨਹੀਂ ਲਗਣ ਪਤਾ ਇਸ ਸ਼ਹਿਰ ਵਿਚ ਗੂੜ੍ਹਾਂ ਹਨ੍ਹੇਰਾ ਹੈ,
ਭੁਲੇਖਾ ਹੈ ਮਗਰ ਉਸ ਆਸਮਾਂ ਨੂੰ ਜਾਣਕਾਰੀ ਹੈ।

ਖਿਲਾਰੀ ਚੋਗ ਸੀ ਜਾਂ ਵਰਤਿਆ ਹਥਿਆਰ ਕੋਈ ਹੋਰ?
ਪਰਿੰਦਾ ਕਿਸ ਤਰ੍ਹਾਂ ਮਰਿਆ? ਤੁਹਾਨੂੰ ਜਾਣਕਾਰੀ ਹੈ।

ਦਿਲਾਂ ਵਿਚ ਥਰਥਰਾਹਟ ਸੀ ਲਹੂ ਵਿਚ ਸਰਸਰਾਹਟ ਸੀ,
ਉਹ ਬੋਸੇ ਲਰਜ਼ਦੇ ਸੀ ਕਿਉਂ ਲਬਾਂ ਨੂੰ ਜਾਣਕਾਰੀ ਹੈ।

(੨)

ਹੈ ਜ਼ਮੀਂ ਦੇ ਹੇਠ ਵੀ ਇਹ ਉੱਤੇ ਹੀ ਸਰਵਰ ਨਹੀਂ।
ਸੁੱਕਦੇ ਦੇਖੇ ਕਈ ਪਰ ਮੁੱਕਦੇ ਸਾਗਰ ਨਹੀਂ।

ਅਮਲ ਬਿਨ ਤਾਂ ਭਟਕਣਾ ਹੀ ਹੋਰ ਮਿਲਣਾ ਕੁਝ ਨਹੀਂ,
ਕਰਮਕਾਂਡਾਂ ਤੋਂ ਬਿਨਾ ਕੁਝ ਦੱਸਦੇ ਰਹਿਬਰ ਨਹੀਂ।

ਹੈ ਅਜਬ ਤਾਸੀਰ ਮੇਰੇ ਇਸ਼ਕ ਦੀ ਮੈਂ ਓਸ ਨੂੰ,
ਦੂਰ ਰਹਿੰਦਾ ਵੀ ਪਿਆਰਾਂ ਵਸਲ ਦਾ ਅਵਸਰ ਨਹੀਂ।

ਸੋਚ ਹੀ ਹੈ ਕਰਮ ਮੇਰਾ ਆਪ ਹੀ ਲਿਖਦਾ ਹਾਂ ਮੈਂ,
ਬੀਜਦਾਂ ਜੋ ਕੱਟਦਾ ਹਾਂ ਦੋਸ਼ ਕਿਸਮਤ ਸਿਰ ਨਹੀਂ।

ਗੱਲ ਹੈ ਛੋਟੀ ਜਿਹੀ ਪਰ ਜਾਪਦੀ ਡੂੰਘੀ ਬੜੀ,
ਘਰ ਬਿਨਾ ਜੇ ਦਰ ਨਹੀਂ ਤਾਂ ਦਰ ਬਿਨਾ ਵੀ ਘਰ ਨਹੀਂ।

(੩)

ਜ਼ਮਾਨਾ ਤੋਲਦਾ ਹੈ ਰਿਸ਼ਤਿਆਂ ਨੂੰ ਵਸਤੂਆਂ ਵਾਂਗੂੰ।
ਕਿਸੇ ਨੂੰ ਤਾਹੀਂ ਖ਼ਬਰੇ ਜਾਪਦੇ ਇਹ ਖ਼ਤਰਿਆਂ ਵਾਂਗੂੰ।

ਬੜੀ ਪਹਿਚਾਣ ਤੋਂ ਮਗਰੋਂ ਵਸਾਇਆ ਦਿਲ 'ਚ ਹੈ ਤੈਨੂੰ,
ਨਾ ਸਮਝੀਂ ਦੋਸਤਾ ਮੈਨੂੰ ਲਹੂ ਦੇ ਰਿਸ਼ਤਿਆਂ ਵਾਂਗੂੰ।

ਕਿਵੇਂ ਦੱਸਾਂ ਕਿਸੇ ਨੂੰ ਅੰਦਰੋਂ ਖੰਡਰ ਜਿਹਾ ਹਾਂ ਮੈਂ,
ਜਦੋਂ ਦਿਸਦਾ ਹਾਂ ਉਪਰੋਂ ਵਸਦੇ-ਰਸਦੇ ਕਸਬਿਆਂ ਵਾਂਗੂੰ।

ਜਿਨ੍ਹਾਂ ਨੇ ਪਿਆਰ ਬਦਲੇ ਭੇਂਟ ਕੀਤੀ ਈਰਖ਼ਾ ਨਫ਼ਰਤ,
ਅਸਾਂ ਕਰਨਾ ਉਨ੍ਹਾਂ ਦਾ ਵੀ ਸੁਆਗਤ ਦੋਸਤਾਂ ਵਾਂਗੂੰ।

ਸਫ਼ਰ ਕਰਨਾ ਪਿਆ ਹੈ ਜ਼ਿੰਦਗੀ ਭਰ ਮੁਸ਼ਕਿਲਾਂ ਭਰਿਆ,
ਚੁਣੌਤੀ ਸਮਝ ਕੇ ਤੁਰਦੇ ਰਹੇ ਹਾਂ ਇਮਤਿਹਾਂ ਵਾਂਗੂੰ।

ਗ਼ਜ਼ਲ ਹੈ ਜ਼ਿੰਦਗੀ ਮੇਰੀ ਇਬਾਦਤ ਕਰ ਰਿਹਾਂ ਇਸਦੀ,
ਖ਼ਿਆਲਾਂ ਗੂੰਜਣਾ ਹੈ ਵਰਤਿਆਂ 'ਤੇ ਨਗ਼ਮਿਆਂ ਵਾਂਗੂੰ।

ਕਦੇ ਵੀ ਆਸਰਾ ਪਰਿਵਾਰ ਦਾ ਬਣਦੇ ਨਹੀਂ ਜਿਹੜੇ,
ਨਹੀਂ ਲਗਦੇ ਕਦੇ ਉਹ ਘਰਦਿਆਂ ਨੂੰ ਘਰਦਿਆਂ ਵਾਂਗੂੰ।

ਹਨੇਰੀ ਰਾਤ ਹੈ ਪਰ ਰੱਖਣਾ ਇਸ ਦਿਲ ਨੂੰ ਮੈਂ ਰੌਸ਼ਨ,
ਅਸਾਂ ਬਣ ਧਰਤ ਦੇ ਤਾਰੇ ਚਮਕਣਾ ਜੁਗਨੂਆਂ ਵਾਂਗੂੰ।

ਕਦੇ ਸੌਖੀ ਤਰ੍ਹਾਂ ਖੁੱਲ੍ਹਦਾ ਕਦੇ ਖੁੱਲ੍ਹਦਾ ਬੜਾ ਔਖਾ,
ਤਿਰੇ ਘਰ ਦਾ ਹੈ ਬੂਹਾ ਤੇਰੀਆਂ ਹੀ ਆਦਤਾਂ ਵਾਂਗੂੰ।

ਜਦੋਂ ਨਫ਼ਰਤ ਨਹੀਂ ਹੈ ਵਜ਼ਨ ਦੇਣੀ ਸੋਚ ਦੇ ਅੰਦਰ,
ਮੁਹੱਬਤ ਕੁਦਰਤੀ ਫਿਰ ਫੁੱਟਣੀ ਹੈ ਚਸ਼ਮਿਆਂ ਵਾਂਗੂੰ।

ਸਫ਼ਰ ਯਾਰੋ ਇਹ ਸਾਡਾ ਵੀ ਮੁਕੰਮਲ ਹੋਣ ਵਾਲਾ ਹੈ,
ਕਿਸੇ ਦਿਨ ਝੜ ਹੀ ਜਾਣਾ ਹੈ ਪੁਰਾਣੇ ਪੱਤਿਆਂ ਵਾਂਗੂੰ।

*70, Wadeville Avenue,*
*Chadwell Health, Essex, UK. RM 6EU*


Namdhari Elibrary NamdhariElibrary@gmail.com

# ਗਊ ਮਾਤਾ

—ਮਹਿੰਦਰ ਕੌਰ ਦਾਸੀ

ਬੂਹੇ ਖੜ ਕੇ ਗਊ ਪਈ ਰੋਵੇ
ਸੁਣ ਵੇ ਜਟਾ ਭਾਈ
ਜਿਸ ਦਿਨ ਸਾਂ ਮੈਂ ਨਵੀਂ ਨਵੇਲੀ
ਕਦਰ ਮੇਰੀ ਤੂੰ ਪਾਈ
ਨਾਲ ਪ੍ਰੇਮ ਲੈ ਕੇ ਆਇਆ
ਗੱਲ ਵਿਚ ਸੰਗਲੀ ਪਾਈ
ਭਰ ਭਰ ਕੇ ਦੋਹਣੇ ਦੁਧ ਦੇ
ਖੂਬ ਮਲਾਈ ਖਾਈ
ਸੋਹਣੇ ਜਹੇ ਮੈਥੋਂ ਬਛਰੇ ਲੈ ਕੇ
ਜੋਗ ਖੇਤਾਂ ਵਿਚ ਲਾਈ
ਨਾਲ ਗਾਈਆਂ ਦੇ ਭਰੀ ਹਵੇਲੀ
ਮੇਰੀ ਜਾ ਵਧਾਈ
ਵੇਚ ਵੇਚ ਬਛਰੇ ਮੇਰੇ
ਝੁਗੀਓਂ ਮਹਿਲ ਬਣਾਈ
ਭੁੱਲ ਗਏ ਤੈਨੂੰ ਉਹ ਦਿਹਾੜੇ
ਮੈਨੂੰ ਕਹਿੰਦਾ ਮਾਈ
ਘਰ ਤੇਰੇ ਨੂੰ ਮਹਿਲ ਬਣਾਇਆ
ਸਾਰੀ ਉਮਰ ਗਵਾਈ
ਟੁੱਟੀ ਮੇਰੀ ਥੰਮ ਜਵਾਨੀ
ਹਿੰਮਤ ਰਹੀ ਨਾ ਕਾਈ
ਭੋਰ ਚੋਰ ਤੇਰੇ ਖੇਤ ਦੀ ਖਾ ਕੇ
ਰਹਿਣਾ ਵੇਹੜੇ ਤੇਰੇ
ਵਿਚ ਬੁਢੇਪੇ ਨਾ ਕੱਢ ਮੈਨੂੰ
ਦਿਲ ਨੂੰ ਪੈਂਦੇ ਘੇਰੇ
ਲੱਤਾਂ ਮੇਰੀਆਂ ਲੜ ਖੜਾਵਨ
ਮਰਨੇ ਦੇ ਦਿਨ ਨੇੜੇ
ਸੁਣ ਵੇ ਜੱਟਾ ਪਾ ਨਾ ਘੱਟਾ
ਟੁੱਟ ਮੇਰੀ ਜਵਾਨੀ
ਮੁੱਕਣ ਦਿਨ ਨੇੜੇ ਆਏ
ਜਗ ਵਿਚ ਲੈ ਨਾ ਹਾਨੀ
ਦਾਸੀ ਕਹਿੰਦੀ ਸੁਣ ਲੈ ਭਾਈ
ਬੁਢੇਪਾ ਸਭ ਤੇ ਆਉਣਾ
ਗਾਂ ਨੇ ਮਾਂ ਦੀ ਕਦਰ ਹੈ ਕਰਲੋਂ
ਪਾਛੇ ਨਾ ਪਛਤੋਣਾ।

ਬੈਂਕ ਕਲੋਨੀ, ਸਿਰਸਾ ਹਰਿਆਣਾ

# ਜੀਵਨ ਸਿੱਖਿਆ

—ਮਹਿੰਦਰ ਕੌਰ ਦਾਸੀ

ਜੀਵਨ ਆਪਨਾ ਚੰਗਾ ਗੁਜ਼ਰਨਾ ਹੈ
ਨਾਲ ਮੂਰਖ ਦੇ ਯਾਰੀ ਲਾਈਏ ਨਾ
ਲੱਗ ਜਾਏ ਮੂਰਖ ਨਾਲ ਯਾਰੀ
ਨਾਲ ਵੈਰ ਦੇ ਪਲਾ ਛੁਡਾਈਏ ਨਾ
ਆਪੋ ਵਿਚ ਹੋਵੇ ਕੋਈ ਗੱਲ ਕਰਦਾ
ਵਿਚ ਜਾ ਕੇ ਲੱਤ ਅੜਾਈਏ ਨਾ
ਵਿਚ ਪੰਚੈਤ ਹੋਵੇ ਗਲ ਕਰਨੀ
ਬਹੁਤਾ ਹਸੀਏ ਨਾ ਘਬਰਾਈਏ ਨਾ
ਘਰ ਵਿਚ ਝਗੜਾ ਜੇ ਹੋ ਜਾਵੇ
ਵਿਚ ਗਲੀ ਦੇ ਰੌਲਾ ਪਾਈਏ ਨਾ
ਘਰ ਕਿਸੇ ਦੇ ਕੰਮ ਜੇ ਪੈ ਜਾਵੇ
ਬਿਨਾਂ ਖੜਕਾਏ ਕੁੰਡੀ ਕਦੇ ਜਾਈਏ ਨਾ
ਨੇਕ ਔਲਾਦ ਜੇਕਰ ਚਾਹੁੰਦਾ ਹੈਂ
ਬੇਈਮਾਨੀ ਦੀ ਕਿਰਤ ਕਮਾਈਏ ਨਾ
ਪੁੱਤਰ ਆਪਣਾ ਜਦੋਂ ਜਵਾਨ ਹੋਵੇ
ਝਗੜਾ ਪੁੱਤ ਨਾਲ ਕਦੀ ਪਾਈਏ ਨਾ
ਨਾਲ ਪਿਆਰ ਬੈਠ ਸਮਝਾ ਲਈਏ
ਬਾਹਰ ਗਵਾਂਢੀਆਂ ਕਦੇ ਸੁਨਾਈਏ ਨਾ
ਜੀਵਨ ਅਪਣਾ ਦਾਸੀ ਗੁਜਾਰ ਲਈਏ
ਮਰਨ ਲੱਗਿਆਂ ਦੁੱਖ ਕਦੇ ਪਾਈਏ ਨਾ।

ਬੈਂਕ ਕਲੋਨੀ
ਸਿਰਸਾ ਹਰਿਆਣਾ
ਮੋ.-੯੨੫੩੦-੧੨੫੩੧


Namdhari Elibrary NamdhariElibrary@gmail.com



—ਬਲਬੀਰ ਸਿੰਘ ਢਿੱਲੋਂ

# ਸੱਚ ਦਾ ਸੂਰਜ

ਅਸੀਂ ਜਿਉਂਦੇ ਸਾਂ ਜਿਸਦਾ ਦੀਦਾਰ ਕਰਕੇ
ਸਤਿਗੁਰੂ ਜਗਜੀਤ ਸਿੰਘ ਪਿਆਰ ਸਾਡਾ।
ਸਾਡੇ ਦਿਲਾਂ ਅੰਦਰ ਹਰ ਦਮ ਵਸਦਾ ਏ,
ਜੱਗੋਂ ਵੱਖਰਾ ਸੋਹਣਾ ਦਿਲਦਾਰ ਸਾਡਾ।
ਮੀਰਾਂ ਵਰਗੀਆਂ ਕ੍ਰਿਸ਼ਨ ਭਗਵਾਨ ਜਾਤਾ,
ਸੁਦਾਮੇ ਵਰਗਿਆਂ ਆਖਿਆ ਯਾਰ ਸਾਡਾ।
ਜਿੰਦ-ਜਾਨ, ਈਮਾਨ, ਗੁਮਾਨ ਸਾਡਾ,
ਪਾਲਣਹਾਰ ਸਭ ਦਾ ਪ੍ਰਵਦਗਾਰ ਸਾਡਾ।

ਸਤਿਗੁਰ ਉਦੇ ਸਿੰਘ ਸਾਡੇ ਸਨਮੁੱਖ ਬੈਠਾ,
ਸਾਧ ਸੰਗਤ ਜੀ ਕਰੋ ਦੀਦਾਰ ਆ ਕੇ।
ਬੜੇ ਪਿਆਰ ਨਾਲ ਆਣ ਕੇ ਚਰਨ ਪਰਸੋ,
ਰੱਜ-ਰੱਜ ਕੇ ਲਵੋ ਪਿਆਰ ਆ ਕੇ।
ਪੰਡ ਪਾਪਾਂ ਦੀ ਚੁੱਕੀ ਹੋ ਕਿਉਂ ਫਿਰਦੇ,
ਲਾਹੋ ਸਿਰ ਤੋਂ ਆਪਣੇ ਭਾਰ ਆ ਕੇ।
ਬਖਸ਼ਣ ਹਾਰ ਸਤਿਗੁਰ ਭੁੱਲਾਂ ਬਖਸ਼ਦਾ ਏ,
ਬਖਸ਼ਸ਼ ਮੰਗ ਲੋ ਗੁਰੂ ਦਰਬਾਰ ਆ ਕੇ।
ਮੈਲ ਮਨਾਂ ਦੀ ਲਾਹ ਕੇ ਪਰਾਂ ਸੁੱਟ,
ਅੰਮ੍ਰਿਤ ਛਕ ਲੋ ਸਾਰਾ ਪਰਿਵਾਰ ਆ ਕੇ।
ਇਹ ਦਰ ਹੈ ਸਤਿਗੁਰੂ ਰਾਮ ਸਿੰਘ ਦਾ,
ਏਥੇ ਝੁੱਕਦੈ ਸਾਰਾ ਸੰਸਾਰ ਆ ਕੇ।

ਕੁਝ ਚਿਰ ਹੈ ਖਿਜ਼ਾਂ ਨੇ ਰਾਜ ਕੀਤਾ,
ਚਮਨ ਮੱਲ ਲਏ ਫੇਰ ਬਹਾਰ ਆ ਕੇ।
ਸੜੇ ਸੁੱਕੇ ਹੋਏ ਫੁੱਲਾਂ ਤੇ ਆਈ ਲਾਲੀ,
ਮਹਿਕ ਪਈ ਹੈ ਫੇਰ ਗੁਲਜ਼ਾਰ ਆ ਕੇ।
ਰਾਹ ਜਾਂਦਿਆਂ ਨੂੰ ਜਿਹੜੇ ਚੁੱਭਦੇ ਸੀ,
ਫੁੱਲਾਂ ਵਾਂਗ ਬਣ ਗਏ ਏਥੇ ਖਾਰ ਆ ਕੇ।
ਗੂੰਜਣ ਲੱਗ ਪਏ ਸੁਰ ਸੰਗੀਤ ਮੁੜ ਕੇ,
ਖੜਕਣ ਲੱਗ ਪਏ ਟੁੱਟੇ ਹੋਏ ਤਾਰ ਆ ਕੇ।
ਐਸੀ ਅੰਬਰੋਂ ਪ੍ਰੇਮ ਦੀ ਹੋਈ ਵਰਖਾ,
ਧੋ ਦਿੱਤੇ ਉਸ ਗਰਦੋ ਗੁਬਾਰ ਆ ਕੇ।
ਐਸਾ ਸੱਚ ਦਾ ਸੂਰਜ ਹੈ ਉਦੇ ਹੋਇਆ,
ਖੋਲ ਦਿੱਤੇ ਉਸ ਚਾਨਣ ਭੰਡਾਰ ਆ ਕੇ।

ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ,
ਲਵੋ ਪੰਥ ਪਿਆਰੇ ਦੀ ਸਾਰ ਆ ਕੇ।
ਬੜਾ ਪਾਇਆ ਹੈ ਜ਼ੋਰ ਕੁਰੀਤੀਆਂ ਨੇ,
ਮੇਹਰ ਕਰੋ ਤੇ ਕਰੋ ਸੁਧਾਰ ਆ ਕੇ।
ਡਾਵਾਂ ਡੋਲ ਫਿਰਦੇ ਹੋਈ ਸੋਚ ਨੀਵੀਂ,
ਉੱਚੇ ਇਹਨਾਂ ਦੇ ਕਰੋ ਕਿਰਦਾਰ ਆ ਕੇ।
ਕਰੋ ਦੂਰੀਆਂ ਦੂਰ ਦਾਤਾਰ ਮੇਰੇ,
ਦਰਸ਼ਨ ਦੇਣ ਦਾ ਕਰੋ ਉਪਕਾਰ ਆ ਕੇ।
ਬੇੜੀ ਵਿਚ ਮੰਝਦਾਰ ਦੇ ਡੋਲ ਰਹੀ ਏ,
ਕਰੋ ਏਸ ਨੂੰ ਭਵ-ਜਲੋਂ ਪਾਰ ਆ ਕੇ
ਜਾਂਦੀ ਵਾਰ ਜੋ ਸੰਗਤ ਦੇ ਨਾਲ ਕੀਤੇ,
ਪੂਰੇ ਕਰੋ ਉਹ ਦਾਤਾ ਇਕਰਾਰ ਆ ਕੇ।

ਸਾਥੋਂ ਵਿਛੜੇ ਪਿਆਰੇ ਜਗਜੀਤ ਸਤਿਗੁਰ,
ਗਮ ਨਾਗ ਬਣ ਕੇ ਪਿਆ ਡੱਸਦਾ ਏ।
ਸਾਡੀਆਂ ਅੱਖੀਆਂ 'ਚੋਂ ਹੰਝੂ ਸੁੱਕਦੇ ਨਹੀਂ,
ਸਾਨੂੰ ਵੇਖ ਵਿਛੋੜਾ ਪਿਆ ਹੱਸਦਾ ਏ।
ਜਦੋਂ ਕਦੇ ਹਾਂ ਰਾਹਾਂ 'ਚੋਂ ਭਟਕ ਜਾਂਦੇ,
ਰਸਤਾ ਤੇਰਾ ਉਪਦੇਸ਼ ਹੀ ਦੱਸਦਾ ਏ।
ਦੇਹ ਕਰਕੇ ਹੋ ਗਿਆ ਭਾਵੇਂ ਉਹਲਾ,
ਸਾਡੇ ਦਿਲਾਂ ਅੰਦਰ ਸਦਾ ਵੱਸਦਾ ਏ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਜੀ,
ਸਦਾ ਰਹੇਗਾ ਯਾਦ ਪਿਆਰ ਤੇਰਾ।
ਤੇਰੇ ਦਿਲੋਂ ਨੂੰ ਸਤਿਗੁਰੂ ਉਦੈ ਸਿੰਘ 'ਚੋਂ,
ਹੁੰਦਾ ਰਹੇਗਾ ਸਦਾ ਦੀਦਾਰ ਤੇਰਾ।

ਮੋਹਾਲੀ


Namdhari Elibrary NamdhariElibrary@gmail.com

## .ਗ਼ਜ਼ਲ

*—ਪ੍ਰੋ. ਜਸਵੰਤ ਸਿੰਘ ਕੈਲਵੀ*

ਬਲ ਰਹੀ ਹੈ ਤੇਜ਼ ਅਗਨੀ, ਦੂਰ ਹੋ ਜਾ।
ਨੂਰ ਦੇ ਸਰ ਵਿਚ ਨਹਾ ਕੇ, ਨੂਰ ਹੋ ਜਾ।

ਇਸ਼ਕ ਅੰਦਰ ਪੈਰ ਪਾਈਂ, ਸੋਚ ਕੇ ਕੁੱਝ
ਯਾਰ ਦੀ ਕਰ ਚਾਕਰੀ, ਮਜ਼ਦੂਰ ਹੋ ਜਾ।

ਫੜ ਹਥੌੜਾ ਨਾਮਵਾਲਾ, ਸਿਫਤ ਵਾਲਾ
ਤੋੜ ਅੰਦਰੋਂ ਹਉਂ ਹਿਮਾਲਾ, ਚੂਰ ਹੋ ਜਾ।

ਥਾਪੜਾ ਲੈ ਖਸਮ ਕੋਲੋਂ, ਬਣ ਬਹਾਦਰ,
ਤੂੰ ਮੁਕਾ ਦੇ ਦੁਸ਼ਮਣਾਂ ਨੂੰ, ਸੂਰ ਹੋ ਜਾ।

ਤੂੰ ਅਬੁੱਝ ਇਕ ਰੌਸ਼ਨੀ ਦੀ ਲਾਟ ਬਣ ਜਾ
ਮੌਤ ਖ਼ਾਤਰ ਮੌਤ ਵਾਲੀ ਘੂਰ ਹੋ ਜਾ।

ਤੂੰ ਮਿਟਾ ਦੇ ਤਪਸ਼ ਸਾਰੀ ਜ਼ਿੰਦਗੀ 'ਚੋਂ,
ਮੇਘਲੇ ਦੀ ਬੂੰਦ ਹੋ ਜਾ, ਭੂਰ ਹੋ ਜਾ।

ਦੌੜਦੇ ਮਨ ਨੂੰ ਟਿਕਾ ਕੇ ਯਾਰ ਮੇਰੇ
ਮਸਤ ਹੋ ਜਾ ਤੂੰ, ਮਗਨ, ਮਖ਼ਮੂਰ ਹੋ ਜਾ।

ਛੋੜ ਰਸਤਾ ਉਹ ਜਿਹਦੇ ਤੇ ਜਗਤ ਤੁਰਦਾ,
ਵਿਚ ਜ਼ਮਾਨੇ ਇਕ ਨਵਾਂ ਦਸਤੂਰ ਹੋ ਜਾ।

ਜੇ ਫਲਾਂ ਦੀ ਆਸ ਰੱਖਦੈਂ, ਕੈਲਵੀ ਤਾਂ
ਜ਼ਿੰਦਗੀ ਦੀ ਸ਼ਾਖ਼ ਦਾ ਤੂੰ ਬੂਰ ਹੋ ਜਾ।



*—ਪ੍ਰੋ. ਜਸਵੰਤ ਸਿੰਘ ਕੈਲਵੀ*

## .ਗ਼ਜ਼ਲ

*—ਪ੍ਰੋ. ਜਸਵੰਤ ਸਿੰਘ ਕੈਲਵੀ*

ਬੜਾ ਹੀ ਖ਼ੂਬਸੂਰਤ ਹੈ ਤਰੇਲੀ ਰਾਤ ਦਾ ਚਿਹਰਾ।
ਜਿਵੇਂ ਸੁੱਚੀ ਮੁਹੱਬਤ ਦਾ, ਵਫ਼ਾ ਦੀ ਬਾਤ ਦਾ ਚਿਹਰਾ।

ਮਿਲੀ ਮੈਨੂੰ ਕਦੇ ਤੂੰ ਸੈਂ, ਸੁਹਾਣੀ ਮਹਿਕ ਦੇ ਵਾਂਗੂੰ,
ਅਜੇ ਤਕ ਯਾਦ ਆਉਂਦਾ ਹੈ, ਤਿਰੀ ਉਸ ਝਾਤ ਦਾ ਚਿਹਰਾ।

ਦਿਲਾਂ ਦੀ ਗੱਲ ਨਹੀਂ ਕਰਦਾ, ਸਮੇਂ ਦਿੱਤੇ ਬਣਾ ਪੱਥਰ,
ਜ਼ਮਾਨੇ ਨੇ ਲੱਗਾ ਦਿੱਤਾ, ਧੜਾਂ ਤੇ ਧਾਤ ਦਾ ਚਿਹਰਾ।

ਅਨੇਕਾਂ ਰੂਪ ਦੇ ਦਰਿਆ ਮੈਂ ਵੇਖੇ ਜ਼ਿੰਦਗੀ ਅੰਦਰ
ਹੈ ਕੋਹੇਨੂਰ ਤੋਂ ਵਧ ਕੇ ਕਸਮ, ਪਰ ਮਾਤ ਦਾ ਚਿਹਰਾ।

ਬੜੀ ਕਾਲਖ਼ ਅਸਾਂ ਪੀਤੀ, ਬੜੀ ਕਾਲਖ਼ ਅਸਾਂ ਖਾਧੀ
ਉਡੀਕੇ ਜ਼ਿੰਦਗੀ ਹੁਣ ਤਾਂ ਕਿਸੇ ਪ੍ਰਭਾਤ ਦਾ ਚਿਹਰਾ।

ਜੇ ਜਾਣੀ ਹੈ ਤਾਂ ਬੰਦੇ ਸੰਗ ਚਲਨ ਦੀ ਮਹਿਕ ਜਾਣੀ ਹੈ
ਨਹੀਂ ਕੁੱਝ ਹੋਰ ਸੰਗ ਜਾਣਾ, ਇਹ ਦੇਹੀ ਜ਼ਾਤ ਦਾ ਚਿਹਰਾ,

ਬੜਾ ਗ਼ਮਗੀਨ ਲੱਗਦਾ ਏ ਬਸ਼ਰ ਹੁਣ ਕੈਲਵੀ ਹਰ ਇਕ
ਵਹਾ ਕੇ ਖ਼ੂਨ ਧੋਵਾਂਗੇ, ਅਸੀਂ ਹਾਲਾਤ ਦਾ ਚਿਹਰਾ।

*੧੧੮/੫ ਗੁਰੂ ਅਰਜਨ ਦੇਵ ਨਗਰ*
*ਫ਼ਿਰੋਜ਼ਪੁਰ ਸ਼ਹਿਰ-੧੫੨੦੦੨, ਮੋਬ-੯੮੭੨੮੩-੮੧੪੭੪*


Namdhari Elibrary NamdhariElibrary@gmail.com

# ਗ਼ਜ਼ਲ

—ਅਮਰਜੀਤ ਸਿੰਘ ਸੰਧੂ

ਸਦਾ ਇਹ ਟਹਿਕ ਨਹੀਂ ਰਹਿਣੀ, ਤੇਰਾ ਹੁਲੀਆ ਬਦਲ ਜਾਣਾ।
ਇਹ ਜੋਬਨ ਹੈ, ਇਹ ਛਲੀਆ ਹੈ, ਇਨ੍ਹੇ ਹਰ ਹਾਲ ਛਲ ਜਾਣਾ।
ਇਹ ਦੁਨੀਆਂ ਚਾਹੁੰਦੀ ਹੈ ਹਰ ਪਲ, ਮਚਲ ਜਾਣਾ ਫਿਸਲ ਜਾਣਾ।
ਤੇ ਇਹ ਦਰਵੇਸ਼ ਕਹਿੰਦਾ ਹੈ, 'ਸੰਭਲ ਜਾਣਾ! ਸੰਭਲ ਜਾਣਾ!!'
ਜਵਾਨੀ ਰਸ-ਭਰੀ ਰਹਿੰਦੀ ਹੈ ਕਿੰਨੀ ਦੇਰ ਦਿਲਦਾਰੋ!
ਚੜ੍ਹੇ ਸੂਰਜ ਨੇ ਹੁੰਦਾ ਹੈ, ਦੁਪਹਿਰੋਂ ਬਾਅਦ ਢਲ ਜਾਣਾ।
ਦੋਹਾਂ ਵਿਚ ਕੈਸਾ ਰਿਸ਼ਤਾ ਹੈ, ਇਹ ਦੋਵੇਂ ਕਰਮ ਕੈਸੇ ਨੇ,
ਮੇਰੀ ਜਿੰਦ-ਜਾਂ ਨਿਕਲ ਜਾਣੀ, ਤੇਰਾ ਅਰਮਾਂ ਨਿਕਲ ਜਾਣਾ।
ਜਹਾਂ ਦੀ ਪਕੜ ਦਾ ਓਦੋਂ ਤਮਾਸ਼ਾ ਲੋਕ ਵੇਖਣਗੇ,
ਜਦੋਂ ਮੈਂ ਗਿੱਲੇ ਸਾਬਣ ਵਾਂਗ, ਹੱਥਾਂ 'ਚੋਂ ਨਿਕਲ ਜਾਣਾ।
ਅਸਾਂ ਦੇ ਖ਼ੂਨ ਓਦੋਂ ਜਾਮ ਕਰ 'ਤੀ ਗੋਰੇ ਦੀ ਗੱਡੀ,
ਜਦੋਂ ਸਭ ਕਹਿੰਦੇ ਸੀ, 'ਪਾਸੇ ਹਟੋ! ਇਸਨੇ ਕੁਚਲ ਜਾਣਾ।'
ਮੇਰੇ ਮੌਲਾ! ਤੇਰੇ ਬੰਦੇ ਅਚੰਭਤ ਹੋ ਕੇ ਵੇਖਣਗੇ,
ਤੇਰੀ ਪੱਥਰ ਦੀ ਦੁਨੀਆਂ 'ਚੋਂ, ਮੇਰਾ ਬਣ ਕੇ ਗ਼ਜ਼ਲ ਜਾਣਾ।
ਕਿਸੇ ਭਟਕੇ ਲਈ ਦੀਵਾ ਵੀ ਬਣਨਾ ਆਉਂਦੇ 'ਸੰਧੂ' ਨੂੰ,
ਕਿਸੇ ਠਰਦੇ ਲਈ ਆਉਂਦਾ ਹੈ, ਭਾਂਬੜ ਬਣ ਕੇ ਬਲ ਜਾਣਾ।

*੪੨੧-ਦਹੋਕਾ (ਜਲੰਧਰ)-੧੪੪੦੨੩*

*ਮੋਬ-੯੪੬੩੯-੧੩੫੨੮*

# ਦੋ ਗ਼ਜ਼ਲਾਂ

—ਪ੍ਰੋ. ਕੁਲਵੰਤ ਔਜਲਾ

(੧)

ਕੁਝ ਸੁਪਨੇ ਕੁਝ ਸਿਮਰਤੀਆਂ ਨੂੰ ਅੱਖਰਾਂ ਵਿਚ ਸੰਭਾਲ ਜਾਵਾਂਗੇ
ਬਾਕੀ ਬਚਦੀ ਦਰਦ ਵਿਰਾਸਤ ਢਿੱਡਾਂ ਵਿਚ ਹੀ ਬਾਲ ਜਾਵਾਂਗੇ

ਪੈਸੇ ਨੇ ਕਿੰਜ ਮੋਹ ਲਈ ਦੁਨੀਆਂ, ਸਾਦਮੁਰਾਦੀ, ਖੋਹ ਲਈ ਦੁਨੀਆਂ
ਏਦਾਂ ਦਾ ਕੋਈ ਹਿਰਖ ਹੇਰਵਾ, ਸੋਚਾਂ ਵਿਚ ਹੰਗਾਲ ਜਾਵਾਂਗੇ

ਕੁਝ ਤਸਵੀਰਾਂ, ਕੁਝ ਤਦਬੀਰਾਂ, ਕੁਝ ਅੱਧੇ ਅਤੇ ਅਧੂਰੇ ਖ਼ਾਬ
ਨਗ਼ਮੇ ਵਰਗੀਆਂ ਸਭ ਤਨਹਾਈਆਂ ਨਗ਼ਮੇ ਵਿਚ ਹੀ ਢਾਲ ਜਾਵਾਂਗੇ

ਕਰ ਨਾ ਹੋਇਆ ਜੋ ਕੁਝ ਸਾਥੋਂ, ਉਹ ਸਭ ਕਰਨ ਅਸਾਡੇ ਬੱਚੇ
ਨਵੀਂ ਨਸਲ ਦੇ ਮਨ ਮਸਤਕ ਵਿਚੋਂ, ਐਸੇ ਬੀਜ ਸਵਾਲ ਜਾਵਾਂਗੇ

ਦਿਲ 'ਚੋਂ ਪੁੰਗਰੇ ਜੇਕਰ ਬੋਲ, ਰੂਹ ਨੂੰ ਜੇਕਰ ਸਕੇ ਫਰੋਲ
ਸਫ਼ਰ ਹਯਾਤੀ ਦਾ ਅਫ਼ਸਾਨਾ, ਲਿਖ ਕੇ ਲਹੂਆਂ ਨਾਲ ਜਾਵਾਂਗੇ

ਅਜੇ ਹੈ ਰੱਜ ਕੇ ਦਰਦ ਕਮਾਉਣਾ, ਅਜੇ ਹੈ ਖ਼ੁਦ ਨੂੰ ਨਜ਼ਮ ਬਣਾਉਣਾ
ਹੋ ਸਕਿਆ ਤਾਂ ਦਿਲ ਦੇ ਦੁਖੜੇ ਅੰਬਰਾਂ ਤੀਕ ਉਛਾਲ ਜਾਵਾਂਗੇ

ਰਸਮਾਂ ਦੀ ਦੀਵਾਰ ਨੂੰ ਢਾਹ ਕੇ, ਨਵੀਆਂ ਮੌਲਿਕ ਪੈੜਾਂ ਪਾ ਕੇ
ਰੋਹ ਵਿਦਰੋਹ ਦੀ ਸ਼ੈਲੀ ਦੇ ਵਿਚ, ਕਰਕੇ ਕੁਝ ਕਮਾਲ ਜਾਵਾਂਗੇ

ਬਹੁਤ ਹੀ ਥੱਕ ਗਏ ਹਾਂ ਬੇਸ਼ਕ, ਬਹੁਤ ਹੀ ਅੱਕ ਗਏ ਹਾਂ ਬੇਸ਼ਕ
ਫਿਰ ਵੀ ਫ਼ਿਕਰਾਂ ਜ਼ਿਕਰ ਜੋਗੇ, ਇਕ ਅੱਧ ਸਿਰਜ ਮਿਸਾਲ ਜਾਵਾਂਗੇ

ਅਸੀਂ ਨਾ ਜਾਣਾ ਮੋਇਆਂ ਵਾਂਗੂੰ, ਨਾ ਜਾਣਾ ਨਿਰਮੋਹਿਆਂ ਵਾਂਗੂੰ
ਪੂਰੀ ਸ਼ਿਦਤ ਨਾਲ ਧੜਕਦਾ, ਬਣ ਕੇ ਸੁਪਨ-ਖ਼ਿਆਲ ਜਾਵਾਂਗੇ

ਇਕ ਉਦਾਸ ਕਿਤਾਬ ਜੇਹੇ ਹਾਂ, ਖਿਦਰਾਣੇ ਦੀ ਢਾਬ ਜੇਹੇ ਹਾਂ
ਕੀ ਪਤਾ ਹੈ ਅੰਤਿਮ ਵੇਲੇ, ਕਿੱਦਾਂ ਕਿਹੜੇ ਹਾਲ ਜਾਵਾਂਗੇ।

(੨)

ਇਕ ਹੁੰਦਾ ਸੀ ਤੇਰਾ ਮੇਰਾ ਨਿੱਕਾ ਜੇਹਾ ਇਤਿਹਾਸ
ਏਸ ਤਰ੍ਹਾਂ ਦੇ ਅਜੇ ਵੀ ਧੜਕਣ ਕਦੇ ਕਦੇ ਅਹਿਸਾਸ

ਵਾਂਗ ਸਿਧਾਰਥ ਹੋ ਨਾ ਹੋਇਆ ਸਾਥੋਂ ਬਹੁਤ ਉਦਾਸ
ਏਸੇ ਲਈ ਹੀ ਭੋਗ ਰਹੇ ਹਾਂ ਮਨ ਇੱਛਤ ਬਨਵਾਸ

ਪਿੰਡ ਹੋ ਗਿਆ ਜਾਤੀਕੇ ਹੁਣ ਸਾਡੇ ਲਈ ਪਰਵਾਸ
ਮਾਡਲ ਟਾਊਨ ਸਤੰਨਵੇਂ ਨੰਬਰ ਅੱਜਕੱਲ ਸਾਡਾ ਵਾਸ

ਜਿਹਨਾਂ ਦੇ ਅੰਦਰ ਅਸੀਂ ਜਗਾਈ ਨਵ-ਜੀਵਨ ਦੀ ਆਸ
ਉਹ ਹੀ ਗਿਣਦੇ ਰਹੇ ਅਸਾਡੇ ਕਿਰਦੇ ਹੋਏ ਸਵਾਸ

ਮੇਟ ਦਿਉਗੇ ਹਸਤੀ ਸਾਡੀ, ਲੂਹ ਦਿਉਗੇ ਮਾਸ
ਕਿੰਜ ਮੇਟੋਗੇ ਦਿਲਾਂ 'ਚ ਬੀਜੇ ਅੱਖਰ ਤੇ ਅਹਿਸਾਸ

ਕਦੇ ਕਦੇ ਮਿਲ ਜਾਂਦਾ ਦਿਲ ਨੂੰ ਐਵੇਂ ਹੀ ਧਰਵਾਸ
ਕਦੇ ਕਦੇ ਕਰ ਲੈਂਦੇ ਹਾਂ ਬਸ ਐਵੇਂ ਹੀ ਰਹਿਰਾਸ

ਮੋਦੀਖ਼ਾਨਾ ਨਿਗਲ ਗਈ ਹੈ ਪੈਸੇ ਦੀ ਟਕਸਾਲ
ਜਾਤਪਾਤ ਨੇ ਵੰਡ ਲਏ ਨੇ ਨਾਮਦੇਵ ਰਵਿਦਾਸ

ਨਾ ਕਿਸੇ ਮੁੜ ਮਲਕੀ ਵਾਂਗੂ ਬੁੱਕਾਂ ਵਿਚ ਪਿਲਾਇਆ ਪਾਣੀ
ਨਾ ਕਿਸੇ ਰਾਹੀਂ ਨੂੰ ਲਗੀ ਕੀਮੇ ਵਾਂਗੂ ਫੇਰ ਪਿਆਸ

ਆਪਣੇ ਹੱਥੀਂ ਲਾਏ ਹਨ ਜੋ ਕੁਝ ਹਰਫ਼ਾਂ ਦੇ ਬੂਟੇ
ਆਪਣੀ ਛਾਂ ਨਾਲ ਸਿਰਜਣਗੇ ਏਹ ਸੁਪਨਸ਼ੀਲ ਆਕਾਸ਼

ਹੌਲੀ ਹੌਲੀ ਮੁੱਕ ਜਾਣੀ ਹੈ ਤੇਰੀ 'ਮੈਂ' ਦੀ ਬਾਤ
ਤੇਰੇ ਹਿੱਸੇ ਵੀ ਆਉਣੀ ਹੈ ਇਕ ਅੰਤਿਮ ਅਰਦਾਸ

ਤੇਰੇ ਕੋਲੋਂ ਐ ਕਵੀ ਜੀ ਦੁਨੀਆਂ ਜਿੱਤ ਨਾ ਹੋਣੀ
ਇਹ ਦੁਨੀਆਂ ਤਾਂ ਨਿੱਤ ਬਦਲਦੀ ਰਿਸ਼ਤੇ ਅਤੇ ਲਿਬਾਸ

੬੭, ਮਾਡਲ ਟਾਊਨ, ਕਪੂਰਥਲਾ
ਫੋਨ-੦੧੮੨੨-੨੩੫੩੪੩, ੫੦੨੫੫੬


Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

# GUNS

# MODERN GUN WORKS

**OPP. INDUSTRIAL ESTATE,**

**JAMMU CANTT.**

NamdhariElibrary NamdhariElibrary@gmail.com

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਕਾਰਨ



—ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ

ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਿਤਨੇ ਭਿਆਨਕ ਤੇ ਦਿਲ ਕੰਬਾਊ ਤਸੀਹਿਆ ਦੁਆਰਾ ਹੋਈ ਜਿਸਨੂੰ ਪੜ੍ਹ ਕੇ ਸੁਣ ਕੇ ਹਰੇਕ ਆਮ-ਖਾਸ ਮਨੁੱਖ ਦੀਆਂ ਪੈਰਾਂ ਥੱਲਿਓਂ ਜ਼ਮੀਨ ਖਿਸਕ ਜਾਂਦੀ ਹੈ, ਦਿਲ ਕੰਬਣ ਲੱਗ ਪੈਂਦਾ ਹੈ, ਸਰੀਰ ਪਾਣੀ ਪਾਣੀ ਹੋ ਜਾਂਦਾ ਹੈ। ਮਨੁੱਖ ਦੇ ਅੰਦਰ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਯਾਦ ਕਰਕੇ ਅਣਖ ਦਾ ਜਜ਼ਬਾ ਪੈਦਾ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਵੇਲੇ ਤੱਕ ਸਿੱਖ ਮੱਤ ਦਾ ਪ੍ਰਚਾਰ ਬਹੁਤ ਵੱਧ ਚੁੱਕਾ ਸੀ। ਭਾਈ ਮੰਝ ਜੀ, ਭਾਈ ਬਹਿਲੋ ਜੀ, ਭਾਈ ਕਲਿਆਣ ਜੀ, ਭਾਈ ਤਿਲਕੂ ਜੀ, ਭਾਈ ਲੰਗਾਹ ਜੀ, ਭਾਈ ਬਹੋੜੂ ਜੀ, ਭਾਈ ਬਿਧੀਚੰਦ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਆਦਿਕਾਂ ਨੇ ਆਪਣੇ ਆਪਣੇ ਢੰਗ ਨਾਲ ਗੁਰਸਿੱਖੀ ਮੱਤ ਦਾ ਪ੍ਰਚਾਰ ਕੀਤਾ। ਵਜੀਰ ਖਾਨ ਦਰਬਾਰੀ, ਸੂਫੀ ਫਕੀਰ ਸਾਂਈ ਮੀਆਂ ਮੀਰ, ਜਲੰਧਰ ਦਾ ਗਵਰਨਰ ਸੱਯਦ ਅਜ਼ੀਮ ਖਾਨ ਸਿੱਖੀ ਅਸੂਲਾਂ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਅਰਜਨ ਦੇਵ ਜੀ ਦਾ ਆਪਣਾ ਜੀਵਨ ਇਤਨਾ ਪ੍ਰਭਾਵਸ਼ਾਲੀ ਸੀ ਕਿ ਲੋਕ ਬਦੋਬਦੀ ਸਿੱਖੀ ਵਿਚ ਸ਼ਾਮਲ ਹੋਣਾ ਲੋਚਦੇ ਸਨ। ਬਹੁਤ ਸਾਰੇ ਮੁਸਲਮਾਨ ਸਿੱਖ ਮੱਤ ਦੇ ਧਾਰਨੀ ਹੋਣੇ ਸ਼ੁਰੂ ਹੋ ਗਏ ਸਨ। ਸਿੱਖੀ ਏਨੀ ਤੇਜ਼ੀ ਨਾਲ ਵੱਧ ਰਹੀ ਸੀ ਕਿ ਜਹਾਂਗੀਰ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਰੜਕਣ ਲੱਗੀ। ਅਕਬਰ ਬਾਦਸ਼ਾਹ ੧੭ ਅਕਤੂਬਰ ੧੬੦੫ ਈ. ਨੂੰ ਆਗਰੇ ਦੀ ਧਰਤੀ ਤੇ ਅੱਖਾਂ ਮੀਟ ਗਿਆ। ਉਸਦਾ ਪੁੱਤਰ ਸਲੀਮ ਜੋ ਬਾਅਦ ਵਿਚ ਜਹਾਂਗੀਰ ਬਾਦਸ਼ਾਹ ਦੇ ਨਾਂ ਨਾਲ ਪ੍ਰਸਿੱਧ ਹੋਇਆ। ੨੪ ਅਕਤੂਬਰ ਸੰਨ ੧੬੦੫ ਈ. ਵਿਚ ਦਿੱਲੀ ਦੇ ਤਖਤ ਤੇ ਬੈਠਾ। ਸਿੱਖੀ ਦੀ ਚੜ੍ਹਦੀ ਕਲਾ ਵੇਖ ਕੇ ਇਹ ਸੜ ਬਲ ਗਿਆ। ਸਿੱਖੀ ਦੇ ਧੁਰੇ ਸ੍ਰੀ ਗੋਇੰਦਵਾਲ ਸਾਹਿਬ ਨੂੰ ਕੂੜ ਦੀ ਦੁਕਾਨ ਕਹਿ ਕੇ ਅਪਸ਼ਬਦ ਬੋਲਣ ਲੱਗਾ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨ—

੧) ਗੁਰੂ ਨਾਨਕ ਪਾਤਸ਼ਾਹ ਦੀ ਮਹਾਨ ਗੁਰਗੱਦੀ ਉਤੇ ਬਿਰਾਜਣ ਦੀ ਅਨਅਧਿਕਾਰੀ ਤੀਬਰ ਤਾਂਘ ਤੇ ਲਾਲਸਾ ਰੱਖਣ ਵਾਲੇ ਗੁਰਗੱਦੀ ਲਈ ਬਿਲਕੁਲ ਅਯੋਗ ਜਾਂ ਨਾਕਾਬਲ ਇਨਸਾਨ ਪ੍ਰਿਥੀਚੰਦ ਜੋ ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦਾ ਵੱਡਾ ਭਾਈ ਸੀ ਨੇ ਵੀ ਗੁਰੂ ਅਰਜੁਨ ਪਾਤਸ਼ਾਹ ਦੀ ਮੁਖ਼ਾਲਫਤ ਕਰਨ ਵਿਚ ਕੋਈ ਘੱਟ ਨਾ ਗੁਜ਼ਾਰੀ।

੨) ਤਖ਼ਤ ਲੈਣ ਤੋਂ ਬਾਅਦ ਸ਼ੇਖ ਬੁਖਾਰੀ ਅਤੇ ਕੱਟੜ ਮੁਸਲਮਾਨਾਂ ਨਾਲ ਜਹਾਂਗੀਰ ਨੇ ਜੋ ਵਾਇਦੇ ਕੀਤੇ ਸਨ, ਉਸਦਾ ਭੀ ਉਸਨੂੰ ਪੂਰਨ ਚੇਤਾ ਸੀ। ਉਹ ਵਾਇਦੇ ਸਨ, ਗੈਰਮੁਸਲਿਮ ਕਾਫਰਾਂ ਦੇ ਦਮਨ ਜਾਂ ਕੁਚਲਣ ਬਾਰੇ ਉਸਨੇ ਸਪੱਸ਼ਟ ਮੰਨਿਆ ਹੈ ਕਿ ਉਹ ਕਾਫ਼ੀ ਦਿਨਾਂ ਤੋਂ ਸਿੱਖੀ ਦੇ ਇਸ ਮਹਾਨ ਸੋਮੇ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ। ਇਹ ਗੱਲ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਬਣੀ।

੩) ਗੁਰੂ ਅਰਜਨ ਦੇਵ ਜੀ ਜੈਸੇ ਮਹਾਨ ਧਾਰਮਿਕ ਆਗੂ ਜੋ ਹਿੰਦੂਆਂ ਅਤੇ ਸਾਊ ਮੁਸਲਮਾਨਾਂ ਦਾ ਪਿਆਰ ਸਤਿਕਾਰ ਪ੍ਰਾਪਤ ਕਰਦੇ ਸਨ— ਜਹਾਂਗੀਰ ਬਾਦਸ਼ਾਹ ਤੋਂ ਇਹ ਸਹਿਣ ਨਾ ਹੋਇਆ ਤੇ ਉਹ ਸਤਿਗੁਰਾਂ ਨੂੰ ਅਤੇ ਸਿੱਖੀ ਨੂੰ ਖਤਮ ਕਰਨ ਦੀਆਂ ਕੋਝੀਆਂ ਨੀਤੀਆਂ ਵਰਤਦਾ ਰਹਿੰਦਾ ਸੀ।

੪) ਮੁਸਲਮਾਨਾਂ ਦਾ ਇੱਕ ਕੱਟੜ ਆਗੂ ਸ਼ੇਖ ਅਹਿਮਦ ਸਰਹੰਦੀ ਸੀ। ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਵਿਚ ਇਸ ਵੱਡੀ ਦੁਸ਼ਟ ਆਤਮਾ ਦਾ ਵੀ ਪੂਰਾ ਪੂਰਾ ਸਹਿਯੋਗ ਸੀ। ਇਹ ਸ਼ੇਖ ਅਹਿਮਦ ਪੁੱਜ ਕੇ ਕੱਟੜ, ਫਿਰਕਾਪ੍ਰਸਤ, ਤੰਗ ਦਿਲ, ਤੇ ਈਰਖਾਲੂ ਸੀ। ਸ਼ੇਖ ਅਹਿਮਦ ਅਨੁਸਾਰ ਹੋਰ ਕਿਸੇ ਮਤ ਨੂੰ ਜ਼ਿੰਦਾ ਰਹਿਣ ਦੇਣਾ ਇਸਲਾਮੀ ਸਿਧਾਂਤਾਂ ਦੇ ਖਿਲਾਫ਼ ਸੀ।

੫) ਸਿੱਖ ਮੱਤ ਦਾ ਪ੍ਰਚਾਰ, ਸਿੱਖ ਲਹਿਰ ਦਾ ਭਰਪੂਰ ਵਾਧਾ, ਇਸਲਾਮੀ ਪ੍ਰਚਾਰ ਵਿਚ ਆਈ ਭਾਰੀ ਗਿਰਾਵਟ ਜਹਾਂਗੀਰ ਅਤੇ ਚੰਦੂ ਦੀਵਾਨ ਦੇ ਹਿਰਦੇ ਵਿਚ ਲੱਟ ਲੱਟ ਬਲਦੀ ਈਰਖਾ ਦੀ ਅੱਗ ਹੀ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਬਣੀ।

੬) ਚੰਦੂ ਦੀਵਾਨ ਦੀ ਲੜਕੀ ਦਾ ਰਿਸ਼ਤਾ ਸ੍ਰੀ ਹਰਿਗੋਬਿੰਦ ਵਾਸਤੇ ਪ੍ਰਵਾਨ ਨਾ ਕਰਨ ਵਾਲਾ ਮਸਲਾ ਵੀ ਸਾਹਮਣੇ ਆਇਆ।



ਪ੍ਰਿਥੀਚੰਦ ਨਾਲ ਚੰਦੂ ਦੀਵਾਨ ਦਾ ਰਲ ਜਾਣਾ ਆਉਣ ਵਾਲੇ ਬੁਰੇ ਵਕ਼ਤ ਦਾ ਸੰਕੇਤ ਦੇ ਰਿਹਾ ਸੀ। ਬਾਦਸ਼ਾਹ ਜਹਾਂਗੀਰ ਜੋ ਆਪ ਕਸ਼ਮੀਰ ਜਾ ਰਿਹਾ ਸੀ ਗੁਰੂ ਜੀ ਪਾਸੋਂ ਜੁਰਮਾਨਾ ਵਸੂਲਣ ਦਾ ਅਧਿਕਾਰ ਚੰਦੂ ਦੀਵਾਨ ਨੂੰ ਦੇ ਗਿਆ। ਇਹ ਸਾਰਾ ਕੁਝ ਜਹਾਂਗੀਰ ਨੇ ਇਕ ਤੀਰ ਨਾਲ ਦੋ ਸ਼ਿਕਾਰ ਕਰਨ ਦੀ ਨੀਤੀ ਅਨੁਸਾਰ ਕੀਤਾ। ਇਹ ਬਾਦਸ਼ਾਹ ਦੀ ਕਪਟ ਨੀਤੀ ਸੀ ਕਿ ਗੁਰੂ ਜੀ ਦੀ ਸਜ਼ਾ ਦਾ ਜੋ ਅਸਰ ਮੇਰੇ ਉਤੇ ਪੈਣਾ ਹੈ। ਉਹ ਚੰਦੂ ਦੀਵਾਨ ਉਤੇ ਪਵੇਗਾ ਤੇ ਦੂਸਰਾ ਉਹ ਵੀ ਵਿਰੋਧੀ ਧੜੇ ਨਾਲ ਰਲਕੇ ਆਪਣਾ ਬਦਲਾ ਲੈ ਲਵੇਗਾ।

੭) ਜਹਾਂਗੀਰ ਦਾ ਪੁੱਤਰ ਸ਼ਹਿਜ਼ਾਦਾ ਖੁਸਰੋ ਜਹਾਂਗੀਰ ਨਾਲ ਬਗਾਵਤ ਕਰਕੇ ਦਿੱਲੀ ਤੋਂ ਭੱਜ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆਇਆ। ਗੁਰੂ ਜੀ ਨੇ ਉਸਨੂੰ ਪਨਾਹ ਦਿੱਤੀ ਤੇ ਉਸਦੀ ਬਣਦੀ ਮਦਦ ਵੀ ਕੀਤੀ। ਕਈ ਇਤਿਹਾਸਕਾਰ ਮੰਨਦੇ ਹਨ ਕਿ ਖੁਸਰੋ ਗੁਰੂ ਅਰਜਨ ਜੀ ਨੂੰ ਨਹੀਂ ਮਿਲਿਆ। ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਖੁਸਰੋ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ ਹੈ। ਇਸ ਗੱਲ ਦੀ ਸ਼ਿਕਾਇਤ ੨੩ ਮਈ ੧੬੦੬ ਨੂੰ ਜਹਾਂਗੀਰ ਬਾਦਸ਼ਾਹ ਦੇ ਕੰਨਾਂ ਤੱਕ ਪੁੱਜੀ ਬਾਦਸ਼ਾਹ ਕੰਨਾਂ ਦੇ ਕੱਚੇ ਹੋਣ ਕਾਰਨ ਜਿਸ ਤਰਾਂ ਕੋਈ ਕਹਾਣੀ ਪੇਸ਼ ਕਰੇ ਉਸਨੂੰ ਮੰਨ ਲਿਆ ਕਰਦੇ ਸਨ।

**ਸ਼ਹੀਦੀ**—ਜਹਾਂਗੀਰ ਬਾਦਸ਼ਾਹ ਨੇ ੨੩ ਮਈ ੧੬੦੬ ਵਾਲੀ ਸ਼ਿਕਾਇਤ ਤੇ ਅਸਰ ਕਰਕੇ ਆਪਣੇ ਇਕ ਭਰੋਸੇਮੰਦ ਜਰਨੈਲ ਸ਼ੇਖ ਸ਼ਾਹ ਬੁਖਾਰੀ ਨੂੰ ਗੁਰੂ ਜੀ ਦੀ ਗ੍ਰਿਫਤਾਰੀ ਵਾਸਤੇ ਭੇਜਿਆ। ਸ਼ਾਹੀ ਹੁਕਮ ਅਨੁਸਾਰ ਗੁਰੂ ਜੀ ਨੂੰ ਲਾਹੌਰ ਬੁਲਾਇਆ ਗਿਆ। ਗੁਰੂ ਜੀ ਨੂੰ ਇਸਲਾਮ ਧਰਮ ਕਬੂਲ ਕਰਨ ਵਾਸਤੇ ਆਖਿਆ। ਗੁਰੂ ਜੀ ਉੱਤਰ ਦਿੱਤਾ ਆਪਣਾ ਧਰਮ ਹਰ ਇਕ ਇਨਸਾਨ ਨੂੰ ਪਿਆਰਾ ਹੈ ਇਸ ਕਰਕੇ ਅਸੀਂ ਆਪਣੇ ਧਰਮ ਵਿਚ ਪਰਪੱਕ ਹਾਂ ਤੇ ਅਸੀਂ ਇਸਲਾਮ ਧਰਮ ਕਬੂਲ ਨਹੀਂ ਕਰ ਸਕਦੇ। ਚੰਦੂ ਨੇ ਕਿਹਾ ਗੁਰੂ ਜੀ ਜੁਰਮਾਨਾ ਦਿਓ। ਤਾਂ ਗੁਰੂ ਜੀ ਉੱਤਰ ਦਿੱਤਾ ਗੁਰੂ ਘਰੋਂ ਜੁਰਮਾਨਾ ਤਾਰਨ ਦੀ ਪ੍ਰਥਾ ਅਸੀਂ ਨਹੀਂ ਕਾਇਮ ਕਰਨੀ। ਗੁਰੂ ਕਾ ਲੰਗਰ ਸਭ ਵਾਸਤੇ ਹੈ ਭਾਵੇਂ ਚੋਰ ਹੋਵੇ ਭਾਵੇਂ ਸਾਧ। ਬਾਦਸ਼ਾਹ ਦਾ ਵਫਾਦਾਰ ਹੋਵੇ ਜਾਂ ਬਾਗੀ ਜੇ ਖੁਸਰੋ ਨੂੰ ਗੁਰੂ ਘਰ ਵਿਚ ਪਨਾਹ ਦਿੱਤੀ ਗਈ ਹੈ ਤਾਂ ਬਾਦਸ਼ਾਹ ਦੇ ਵਫਾਦਾਰਾਂ ਨੂੰ ਵੀ ਕੋਈ ਮਨਾਹੀ ਨਹੀਂ। ਦੂਸਰਾ ਦੀਵਾਨ ਜੀ ਦਿੱਲੀ ਦੀ ਸੰਗਤ ਨੇ ਸਾਨੂੰ ਤੁਹਾਡੀ ਧੀ ਦਾ ਰਿਸ਼ਤਾ ਲੈਣ ਤੋਂ ਰੋਕਿਆ ਹੈ ਅਸੀਂ ਸਾਧ ਸੰਗਤ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦੇ। ਬੱਸ ਫੇਰ ਕੀ ਸੀ ਚੰਦੂ ਦੀਵਾਨ ਦੇ ਅੰਦਰ ਬੈਠਾ ਹੋਇਆ ਸ਼ੈਤਾਨ ਭੜਕ ਉਠਿਆ। ਉਸਨੇ ਪਾਣੀ ਦੀ ਦੇਗ ਭਰ ਕੇ ਥੱਲੇ ਅੱਗ ਬਾਲ ਕੇ ਉਬਲਦੇ ਪਾਣੀ ਵਿਚ ਗੁਰੂ ਜੀ ਨੂੰ ਬੈਠਣ ਲਈ ਕਿਹਾ। ਗੁਰੂ ਜੀ ਨੇ ਦੇਗ ਵਿਚ ਬੈਠ ਕੇ ਪ੍ਰਮਾਤਮਾ ਦਾ ਸ਼ੁਕਰ ਕੀਤਾ। ਸਰੀਰ ਛਾਲੇ ਛਾਲੇ ਹੋ ਗਿਆ ਪਰ ਧਰਮ ਤੇ ਕਾਇਮ ਰਹੇ। ਚੰਦੂ ਵਜੀਰ ਦਾ ਕਾਲਜਾ ਅਜੇ ਵੀ ਠੰਡਾ ਨਾ ਹੋਇਆ। ਇਕ ਤਵੀ ਥਲੇ ਅੱਗ ਬਾਲ ਕੇ ਉਸਨੂੰ ਤਪਾ ਕੇ ਲਾਲ ਕਰਕੇ ਗੁਰੂ ਜੀ ਨੂੰ ਉਤੇ ਬੈਠਣ ਵਾਸਤੇ ਕਿਹਾ। ਸਤਿਗੁਰੂ ਜੀ ਨੇ ਸਤਿਕਰਤਾਰ ਆਖ ਕੇ ਤੱਤੀ ਤਵੀ ਦੇ ਉਤੇ ਚੌਕੜਾ ਲਾਇਆ ਤੇ ਤੱਤੀ ਰੇਤਾ ਦਾ ਸੀਸ ਉਤੇ ਚੋਰ ਝੁਲਾਇਆ। ਬਾਲਮ ਜੀ ਲਿਖਦੇ ਹਨ, ਜਦੋਂ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨਾਲ ਬਚਨ ਕੀਤੇ ਹਨ।

ਇਹ ਤਖ਼ਤ ਬਣੇਗਾ ਲੋਹ ਤੱਤੀ,
ਪੁੱਤ ਤੇਰਾ ਚੌਕੜਾ ਲਾਏਗਾ
ਫਿਰ ਤੱਤੀ ਰੇਤ ਦਾ ਸੀਸ ਉਤੇ
ਸੋਹਣਾ ਉਹ ਚੋਰ ਝੁਲਾਏਗਾ
ਫਿਰ ਰਾਵੀ ਦਰਿਆ ਵਿਚ ਜਾ ਕੇ

ਜਦ ਚਰਨ ਪਵਿੱਤਰ ਪਾਵੇਗਾ
ਫਿਰ ਤੈਨੂੰ ਤੇਰਾ ਪੁੱਤ ਆ ਕੇ ਨਾ ਸੋਹਣਾ ਮੁੱਖ ਵਿਖਾਏਗਾ।

ਗੁਰੂ ਅਮਰਦਾਸ ਜੀ ਦੇ ਬਚਨ ਸੱਚ ਹੋਣ ਲੱਗੇ।
ਤੱਤੀ ਤਵੀ ਤੇ ਬੈਠ ਕੇ ਗੁਰੂ ਜੀ ਮੁਸਕਰਾ ਰਹੇ ਸਨ।

ਤਪਦੀ ਤਵੀ ਤਪੱਸਵੀ ਵਾਂਗ ਬਹਿ ਕੇ
ਐਸਾ ਸ਼ੁਕਰ ਮਨਾਇਆ ਤਾਂ ਗੁਰੂ ਅਰਜਨ
ਸਦਾ ਮੌਤ ਨਚਾਵਣੀ ਤਲੀ ਉਤੇ
ਇਹ ਵੀ ਰੰਗ ਚੜਾਇਆ ਤਾਂ ਗੁਰੂ ਅਰਜਨ
ਹਿਰਦਾ ਰਿਹਾ ਹਿਮਾਚਲੋਂ ਵੱਧ ਠੰਢਾ
ਸ਼ਾਂਤੀ ਪੁੰਜ ਪਦ ਪਾਇਆ ਤਾਂ ਗੁਰੂ ਅਰਜਨ
ਚੰਦੂ ਦੁਸ਼ਟ ਦੀਆਂ ਸਿਪਾਹ ਸਿਲਾਰੀਆਂ ਨੂੰ
ਜੁੱਤੀ ਨਾਲ ਠੁਕਰਾਇਆ ਤਾਂ ਗੁਰੂ ਅਰਜਨ

ਸਾਂਈ ਮੀਆਂ ਮੀਰ ਜੀ ਦਾ ਕੋਮਲ ਦਿਲ ਸਤਿਗੁਰਾਂ ਨੂੰ ਕਸ਼ਟ ਝੱਲਦੇ ਵੇਖ ਕੇ ਕੁਰਲਾ ਉਠਿਆ। ਉਨ੍ਹਾਂ ਗੁਰੂ ਜੀ ਨੂੰ ਅਰਜ ਕੀਤੀ ਪਾਤਸ਼ਾਹ ਹੁਕਮ ਕਰੋ ਕੁਝ ਕਰ ਸਕਾਂ ਕਵੀ ਲਿਖਦਾ ਹੈ।

ਤੜਫ਼ ਤੜਫ਼ ਕੇ ਪੀਰ ਜੀ ਕਹਿਣ ਲੱਗੇ
ਨਜ਼ਰ ਕਰੋ ਤਾਂ ਰੰਗ ਵਿਖਾ ਦੇਵਾ
ਚੰਦੂ ਸੂਰਜ ਨੂੰ ਪਕੜ ਕੇ ਖਾ ਜਾਵਾ
ਦਿੱਲੀ ਨਾਲ ਲਾਹੌਰ ਭਿੜਾ ਦੇਵਾ
ਪੀ ਕੇ ਸਤੇ ਸਮੁੰਦਰ ਦਰਿਆ ਨਾਲੇ,
ਧਰਤੀ ਅਤੇ ਅਕਾਸ਼ ਉਲਟਾ ਦੇਵਾਂ।

ਗੁਰੂ ਜੀ ਨੇ ਸ਼ਾਂਤੀਪੂਰਵਕ ਮੀਆਂ ਮੀਰ ਜੀ ਨੂੰ ਹੁਕਮ ਕੀਤਾ। ਪੀਰ ਜੀ ਇਹ ਸਭ ਕੁਝ ਕਰਨ ਦੀ ਕੋਈ ਲੋੜ ਨਹੀਂ ਇਹ ਸਾਰਾ ਕੁਝ ਅਕਾਲ ਪੁਰਖ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਪ੍ਰਮੇਸ਼ਰ ਦੀ ਰਜ਼ਾ ਵਿਚ ਦਖਲ ਦੇਣਾ ਮੂਰਖਤਾਈ ਹੈ।

"ਕਿਹਾ ਹੱਸ ਕੇ ਸੱਚਿਆਂ ਸਤਿਗੁਰਾਂ ਨੇ
ਹੁਕਮ ਪਿਆਰੇ ਦਾ ਪੀਰ ਪ੍ਰਤਾਈਦਾ ਨਹੀਂ"
"ਰਹੀਏ ਸਦਾ ਪਿਆਰੇ ਦੀ ਖੁਸ਼ੀ ਅੰਦਰ
ਵਿਚ ਭਾਣੇ ਦੇ ਮੀਆਂ ਘਬਰਾਈ ਦਾ ਨਹੀਂ"
"ਮੀਆਂ ਮੀਰ ਕਿਉਂ ਰੋਨਾ ਏ ਮਾਰ ਭੁੱਬਾਂ
ਹੁਕਮ ਪਿਆਰੇ ਦਾ ਸਿਰ ਤੇ ਟਿਕਾ ਰਿਹਾ ਮੈਂ"
"ਇਸ ਸੜਦੇ ਭੁੱਜਦੇ ਜੱਗ ਅੰਦਰ ਬਾਲਮ,
ਸ਼ਾਂਤੀ ਦਾ ਝੰਡਾ ਝੁਲਾ ਰਿਹਾ ਮੈਂ"

ਗੁਰੂ ਜੀ ਨੇ ਸ਼ਾਂਤੀ ਦਾ ਉਪਦੇਸ਼ ਦਿੱਤਾ। ਚੰਦੂ ਦੀਵਾਨ ਦੀਆਂ ਅੱਖਾਂ ਵਿਚੋਂ ਅੱਗ ਬਰਸਣ ਲੱਗੀ ਉਸਨੇ ਵੰਗਾਰ ਕੇ ਆਖਿਆ।

ਜਹ ਲਗ ਰਾਜ ਤੁਰਕ ਪਤਿ ਕੇਰਾ,
ਤਹ ਲਗ ਹੁਕਮ ਚਲਤ ਹੈ ਮੇਰਾ,
ਕਹੋਂ ਆਜ ਬਿਧ ਸੁਤਾ ਲਗਾਈ,
ਕੈ ਗੋ ਚਰਮ ਦੇਉ ਮਢਵਾਈ॥ (ਸੂਰਜ ਪ੍ਰਕਾਸ਼)

ਚੰਦੂ ਦੀਵਾਨ ਨੇ ਇਹ ਐਲਾਨ ਕੀਤਾ ਕਿ ਮੈਂ ਗੁਰੂ ਜੀ ਨੂੰ ਗਊ ਦੇ ਕੱਚੇ ਚਮੜੇ ਵਿਚ ਮੜਵਾ ਦੇਵਾਂਗਾ। ਗਊ ਮਾਤਾ ਦੇ ਨਿਰਾਦਰ ਦੀ ਗੱਲ ਸਾਹਮਣੇ ਆਈ ਤਾਂ ਗੁਰੂ ਜੀ ਨੇ ਦੇਹ ਤਿਆਗਣ ਦਾ ਪੂਰਨ ਨਿਸ਼ਚਾ ਕਰ ਲਿਆ। ਉਹਨਾਂ ਨੇ ਰਾਵੀ ਦਰਿਆ ਤੇ ਜਾ ਕੇ ਇਸ਼ਨਾਨ ਕਰਨ ਦੀ ਇੱਛਾ ਜ਼ਾਹਰ ਕੀਤੀ। ਗੁਰੂ ਜੀ ਨੇ ਰਾਵੀ ਦਰਿਆ ਤੇ ਲਿਜਾਇਆ ਗਿਆ। ਕਈ ਇਤਿਹਾਸਕਾਰ ਲਿਖਦੇ ਹਨ ਕਿ ਰਾਵੀ ਵਿਚ ਜਦੋਂ ਗੁਰੂ ਜੀ ਇਸ਼ਨਾਨ ਕਰਨ ਵਾਸਤੇ ਟੁੱਬੀ ਮਾਰੀ ਤਾਂ ਫਿਰ ਉਨਾਂ ਦੇ ਦਰਸ਼ਨ ਨਹੀਂ ਹੋਏ। ਪਰ ਸੂਰਜ ਪ੍ਰਕਾਸ਼ ਦਾ ਕਰਤਾ ਲਿਖਦਾ ਹੈ।

ਦਾਹ ਦੇਹੁ ਨਹਿ ਕਰਿਹੁ ਹਮਾਰੀ,
ਦਿਹੁ ਪ੍ਰਵਾਹ ਇਸ ਸਲਤਾ ਬਾਰੀ
ਦਰਸਨ ਹਮਰਾ ਇਹ ਦਰਿਆਉ,
ਉਤਰਿ ਦਿਸ਼ਿ ਸਿਰ ਦੱਛਣ ਪਾਉ।

ਗੁਰੂ ਜੀ ਨੇ ਹੁਕਮ ਕੀਤਾ ਕੇ ਜਿਸਨੇ ਵੀ ਸਾਡੇ ਦਰਸ਼ਨ ਕਰਨੇ ਹਨ ਉਹ ਰਾਵੀ ਦਰਿਆ ਵਿਚੋਂ ਇਸ ਅਸਥਾਨ ਤੇ ਧਿਆਨ ਧਰ ਕੇ ਮਨ ਚਿੱਤ ਲਾ ਕੇ ਸਾਨੂੰ ਯਾਦ ਕਰੇ ਉਸਨੂੰ ਸਾਡੇ ਦਰਸ਼ਨ ਹੋ ਜਾਇਆ ਕਰਨਗੇ। ਇਸ ਪ੍ਰਕਾਰ ੩੦ ਮਈ ੧੬੦੬ ਈ. ਹਾੜ ਦੇ ਮਹੀਨੇ ਗੁਰੂ ਜੀ ਨੇ ਆਪਣਾ ਸਰੀਰ ਤਿਆਗਿਆ। ਅੰਤ ਵਿਚ ਮੈਂ ਆਪਣੀਆਂ ਲਿਖੀਆਂ ਇਹਨਾਂ ਸਤਰਾਂ ਨਾਲ ਕਲਮ ਨੂੰ ਰੋਕਦਾ ਹਾਂ।

ਹਏ ਚੰਦੂ ਚੰਦਰੇ ਨੇ ਲੋਕੋ ਗਿਣ ਗਿਣ ਕਹਿਰ ਗੁਜਾਰੇ
ਕੀਤਾ ਜ਼ੁਲਮ ਸਤਿਗੁਰਾਂ ਤੇ ਨੀ ਤੂੰ ਗਰਕ ਜਾਏਂ ਸਰਕਾਰੇ
ਸਭ ਹੱਦਾਂ ਟੱਪ ਗਈ ਨੀ ਫੋਕੀ ਲੈਣ ਲਈ ਵਡਿਆਈ
ਪੰਜਵੇਂ ਗੁਰ ਅਰਜਨ ਨੇ ਰਾਵੀ ਵਿਚ ਸ਼ਹੀਦੀ ਪਾਈ।

*ਸ੍ਰੀ ਭੈਣੀ ਸਾਹਿਬ*
*ਮੋਬ-੯੪੬੩੬-੬੦੯੯੦*


Namdhari Elibrary NamdhariElibrary@gmail.com

# ਇਕ ਯੂਕਰੇਨੀਅਨ ਲੋਕ ਕਥਾ

ਪਿਓ ਪੁੱਤਰ ਦੋਨੋ ਪਿੰਡ ਤੋਂ ਸ਼ਹਿਰ ਨੂੰ ਤੁਰੇ। ਰਾਹ ਵਿਚ ਰਾਤ ਪੈ ਗਈ। ਉਨ੍ਹਾਂ ਆਪਣੀਆਂ ਘੋੜੀਆਂ ਇਕ ਦਰਖਤ ਹੇਠ ਬੰਨ ਦਿੱਤੀਆਂ, ਪੁੱਤਰ ਗੋਡਿਆਂ ਵਿਚ ਸਿਰ ਦੇ ਕੇ ਬੈਠ ਗਿਆ। ਪਿਓ ਕਹਿਣ ਲੱਗਾ "ਪੁੱਤਰ ਮੈਂ ਸੌਂਦਾ ਹਾਂ ਤੂੰ ਘੋੜੀਆਂ ਦਾ ਖਿਆਲ ਰੱਖੀਂ।" ਪਿਓ ਸੌਂ ਗਿਆ।

ਕੁਝ ਚਿਰ ਪਿਛੋਂ ਪਿਓ ਉਠਿਆ ਤੇ ਪੁੱਛਣ ਲੱਗਾ "ਪੁੱਤਰ ਸੌਂ ਗਿਆ ਏਂ।"

"ਨਹੀਂ ਬਾਪੂ ਸੋਚ ਰਿਹਾ ਹਾਂ"

"ਕੀ ਸੋਚ ਰਿਹਾ ਏਂ?"

"ਬਾਪੂ ਸੋਚ ਰਿਹਾ ਹਾਂ ਜੋ ਪਾਣੀ ਧਰਤੀ ਤੇ ਡਿੱਗਦਾ ਹੈ ਉਹ ਕਿਥੇ ਜਾਂਦਾ ਹੈ?"

"ਅੱਛਾ ਪੁੱਤਰ ਸੋਚੀ ਜਾ" "ਪਰ ਸੌਈ ਨਾ।"

ਪਿਓ ਫਿਰ ਸੌਂ ਗਿਆ। ਕੁਝ ਚਿਰ ਪਿਛੋਂ ਪਿਓ ਫਿਰ ਬੋਲਿਆ, "ਪੁੱਤਰ ਸੌਂ ਗਿਆ ਏ?"

"ਨਹੀਂ ਬਾਪੂ ਸੋਚ ਰਿਹਾ ਹਾਂ"

"ਹੁਣ ਕੀ ਸੋਚ ਰਿਹਾ ਏਂ ਪੁੱਤਰ"

"ਬਾਪੂ ਸੋਚ ਰਿਹਾ ਹਾਂ ਕਿ ਜਦ ਸੂਰਜ ਨਿਕਲਦਾ ਹੈ ਤਾਂ ਤਾਰੇ ਕਿੱਧਰ ਜਾਂਦੇ ਹਨ"

"ਹੱਛਾ ਪੁੱਤਰ ਸੋਚੀ ਜਾ ਸੌਂ ਨ ਜਾਈਂ"

"ਹੱਛਾ ਬਾਪੂ"

ਪੁੱਤਰ ਗੋਡਿਆਂ 'ਚ ਸਿਰ ਦਈ ਬੈਠਾ ਸੀ ਪਿਉ ਫਿਰ ਉਠਿਆ।

"ਪੁੱਤਰ ਸੌਂ ਗਿਆ ਏ"

"ਨਹੀਂ ਬਾਪੂ ਸੋਚ ਰਿਹਾ ਹਾਂ"

"ਪੁੱਤਰ ਹੁਣ ਕੀ ਸੋਚ ਰਿਹਾ ਏ।"

"ਬਾਪੂ ਸੋਚ ਰਿਹਾ ਹਾਂ ਕਿ ਸਾਡੀ ਲਾਲ ਘੋੜੀ ਕਿੱਧਰ ਗਈ ਹੈ।"

'ਬਾਪੂ ਉੱਠ ਬੈਠਾ, ਪੁੱਤਰ ਹਾਲੇ ਵੀ ਗੋਡਿਆਂ ਵਿਚ ਸਿਰ ਦਈ ਬੈਠਾ ਸੀ।

# ਕੂਕੇ ਕੁਕਨੁਸ ਹਨ।



ਹਰ ਵਿਛੋੜੇ ਦੀ ਭਸਮ 'ਚੋਂ ਉੱਭਰ ਕੇ ਫਿਰ ਗੌਣ ਲੱਗ ਪੈਂਦੇ ਨੇ।

ਸਤਿਗੁਰੂ ਰਾਮ ਸਿੰਘ ਦੇ ਵਿਛੋਹ ਨੂੰ ਸਤਿਗੁਰੂ ਪਰਤਾਪ ਸਿੰਘ ਨੇ ਸਾਰੀ ਜ਼ਿੰਦਗੀ ਦੀਪਕ ਰਾਗ ਵਿਚ ਗਾ ਕੇ ਆਪਾ ਕੁਰਬਾਨਾ ਕਰ ਲਿਆ।

ਉਸ ਪਵਿੱਤਰ ਭਸਮ 'ਚੋਂ ਸਤਿਗੁਰੂ ਜਗਜੀਤ ਸਿੰਘ ਉਗਮਿਆ, ਜੇਹੜਾ ਸਾਨੂੰ ਤੀਸਰੇ ਵਿਛੋੜੇ ਦੀ ਭਸਮ 'ਚੋਂ ਜੁਗ ਜੁਗ ਜਿਉਣਾ ਸਤਿਗੁਰੂ ਉਦੈ ਸਿੰਘ ਅਤਾ ਕਰ ਗਿਆ।

ਸ਼ਾਲਾ-ਇਹ ਸਾਇਆ ਸਾਡੇ ਸਿਰਾਂ ਤੇ ਅਨੰਤ ਕਾਲ ਤਕ ਛਾਇਆ ਰਹੇ।

*—ਸਾਧੂ ਸਿੰਘ ਕਿਸਾਨ*


Namdhari Elibrary NamdhariElibrary@gmail.com




*ਪੁਸਤਕ ਚਰਚਾ*

# ਸਰਬ ਲੋਹ ਦਾ ਕਵੀ

ਇਹ ੩੪੪ ਸਫਿਆਂ ਦੀ ਪੁਸਤਕ ਹੈ। ਇਸਦੇ ਲੇਖਕ ਸਵਰਗੀ ਕਵੀ ਸ. ਰਣਜੀਤ ਸਿੰਘ ਖੜਗ ਹਨ। ਖੜਗ ਸਾਹਿਬ ਜਿਥੇ ਬਹੁਤ ਮਸ਼ਹੂਰ ਕਵੀ, ਖਾਸਕਰ ਕੇ ਸਟੇਜ ਦੇ ਧਨੀ ਸ਼ਾਇਰ ਸਨ ਉਥੇ ਉਹ ਵਾਰਤਕ ਦੇ ਵੀ ਸ਼ਾਹ ਸਵਾਰ ਸਨ। ਵੱਖ-ਵੱਖ ਪੱਤਰਕਾਵਾਂ ਵਿਚ ਉਹਨਾਂ ਦੇ ਲੇਖ ਛਪਦੇ ਸਨ ਪਰ ਇਹਨਾਂ ਨੂੰ ਕਿਤਾਬੀ ਰੂਪ ਉਹਨਾਂ ਦੇ ਸਯੋਗ ਸਪੁੱਤਰ ਇੰਜੀਨਅਰ ਕਰਮਜੀਤ ਸਿੰਘ ਨੇ ਦਿੱਤਾ ਹੈ ਜੋ ਇਸ ਪੁਸਤਕ 'ਸਰਬ ਲੋਹ ਦਾ ਕਵੀ' ਦੇ ਸੰਪਾਦਕ ਹਨ। ਸ. ਰਣਜੀਤ ਸਿੰਘ ਖੜਗ ਆਪਣੇ ਸਮੇਂ ਵਿਚ ਕਵੀ ਤਾਂ ਮਸ਼ਹੂਰ ਸਨ ਅਤੇ ਵਾਰਤਕ ਵੀ ਖੂਬ ਲਿਖੀ ਪਰ ਆਪਣੀਆਂ ਰਚਨਾਵਾਂ ਨੂੰ ਕਿਤਾਬੀ ਰੂਪ 'ਚ ਦੇਖਣ ਦੀ ਉਹਨਾਂ ਦੀ ਰੀਝ ਨੂੰ ਉਹਨਾਂ ਤੋਂ ਬਾਦ ਉਹਨਾਂ ਦੇ ਸਯੋਗ ਸਪੁੱਤਰ ਕਰਮਜੀਤ ਸਿੰਘ ਹੋਰਾਂ ਨੇ ਪੂਰਾ ਕੀਤਾ ਹੈ। ਇਸ ਪੁਸਤਕ ਦੇ ਵਿਸ਼ੇ ਵਸਤੂ ਬਾਰੇ ਇੰਜ ਸ. ਕਰਮਜੀਤ ਸਿੰਘ ਦੀ ਸੰਖੇਪ ਟਿੱਪਣੀ ਪੁਸਤਕ ਦੇ ਟਾਈਟਲ ਤੇ ਇਓਂ ਛੱਪੀ ਹੈ।

"ਹਥਲੀ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਹਾਨ ਸ਼ਖਸੀਅਤ, ਉਹਨਾਂ ਦਾ ਕਾਰਜ ਖੇਤਰ, ਬਾਣੀ, ਫਾਰਸੀ ਰਚਨਾਵਾਂ ਅਤੇ ਉਹਨਾਂ ਦੇ ਜੀਵਨ ਦੀਆਂ ਘਟਨਾਵਾਂ ਦੀ ਖੋਜ ਭਰਪੂਰ ਜਾਣਕਾਰੀ ਦਰਜ ਹੈ। ਇਹ ਲੇਖ ਵੱਖ-ਵੱਖ ਸਮੇਂ ਵਿਚ ਪ੍ਰਮੁੱਖ ਪੱਤਰਕਾਵਾਂ ਵਿਚ ਛੱਪਦੇ ਰਹੇ, ਇਹਨਾਂ ਨੂੰ ਸੰਪਾਦਤ ਕਰਕੇ ਕਿਤਾਬੀ ਸੂਰਤ ਦਿੱਤੀ ਗਈ ਹੈ। ਦਸਮ ਪਾਤਸ਼ਾਹ ਦੀ ਵਿਚਾਰਧਾਰਾ, ਅਧਿਆਤਮਕ ਅਤੇ ਮਾਨਵਤਾਵਾਦੀ ਉਪਦੇਸ਼ ਨੂੰ ਉਹਨਾਂ ਨੇ ਬਹੁਤ ਡੂੰਘੀ ਸੋਚ, ਅਕਾਦਮਿਕ ਨੁਕਤਾ ਨਿਗਾਹ ਨਾਲ ਵਰਨਣ ਕੀਤਾ ਹੈ। ਦਸਮ ਪਿਤਾ ਦੇ ਫਲਸਫੇ ਨਾਲ ਸੰਬੰਧਿਤ ਖੋਜ ਪੱਤਰ ਸਾਹਿਤਕ ਪੱਖੋਂ ਬਹੁਤ ਵਿਸ਼ੇਸ਼ਤਾ ਰੱਖਦੇ ਹਨ। ਲੇਖਕ ਨੇ ਬਹੁਤ ਤਰਕਸ਼ੀਲ ਤਰੀਕੇ ਨਾਲ ਹਰ ਵਿਸ਼ੇ ਨੂੰ ਜਾਚਿਆ ਅਤੇ ਆਪਣੀ ਵਿਵੇਕਪੂਰਣ ਰਾਏ ਬਹੁਤ ਸਫਲਤਾ ਪੂਰਵਕ ਪੇਸ਼ ਕੀਤੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਅਤੇ ਫਲਸਫੇ ਨਾਲ ਸੰਬੰਧਿਤ ਖੋਜ ਪੱਤਰ ਸੰਕਲਨ ਅਤੇ ਸੰਪਾਦਤ ਕਰਕੇ ਪੁਸਤਕ ਰੂਪ ਵਿਚ ਪ੍ਰਸਤੂਤ ਕਰਨ ਵਿਚ ਮੈਨੂੰ ਅਤਿਅੰਤ ਖੁਸ਼ੀ ਮਹਿਸੂਸ ਹੋ ਰਹੀ ਹੈ।"...

ਸ. ਨਿਰਵੈਰ ਸਿੰਘ ਅਰਸ਼ੀ ਸਾਬਕਾ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਜਿਹੇ ਸੁਪ੍ਰਸਿੱਧ ਵਿਦਵਾਨ ਵਲੋਂ ਪੁਸਤਕ ਦੇ ਉਦਮ ਦੀ ਸ਼ਲਾਘਾ, ਪੁਸਤਕ ਦੇ ਸੰਪਾਦਕ ਸ. ਕਰਮਜੀਤ ਦੇ ਵਚਨਾਰੰਭ ਅਤੇ ਸ. ਰਣਜੀਤ ਸਿੰਘ ਖੜਗ ਦੇ ਪਰੀਚੇ ਉਪਰੰਤ ਦਸਮ ਗੁਰੂ ਜੀ ਨਾਲ ਸਬੰਧਤ ਵਿਸ਼ਿਆਂ ਉਤੇ ਉਨੰਤੀ ਸਿਰਲੇਖਾਂ ਹੇਠ ਬਹੁਤ ਪ੍ਰਭਾਵਸ਼ਾਲੀ ਜਾਣਕਾਰੀ ਵਾਲੇ ਲੇਖ ਹਨ। ਦਸਮ ਪਾਤਸ਼ਾਹ ਦੇ ਜੀਵਨ ਪ੍ਰਸੰਗ ਨਾਲ ਜੁੜੀਆਂ ਘਟਨਾਵਾਂ ਤੋਂ ਇਲਾਵਾ ਉਹਨਾਂ ਵਲੋਂ ਰਚਿਆ ਅਤੇ ਲਿਖਵਾਇਆ ਗਿਆ ਸਾਹਿਤ, ਬਾਣੀ ਬਾਰੇ ਵੀ ਦਿਲਚਸਪ ਲੇਖ ਹਨ, ਪੜ੍ਹਨ ਅਤੇ ਸੰਭਾਲਨਯੋਗ ਕੀਮਤੀ ਪੁਸਤਕ ਹੈ। ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ (ਫੋਨ ੦੧੭੨-੫੦੭੭੪੨੭, ੫੦੭੭੪੨੯) ਨੇ ਛਾਪੀ ਹੈ ਅਤੇ ਕੀਮਤ ੫੦੦/- ਰੁਪਏ ਹੈ।




ਇੰਜ. ਕਰਮਜੀਤ ਸਿੰਘ ਦੁਆਰਾਹੀ ਸੰਕਲਣ ਅਤੇ ਸੰਪਾਦਤ ਕੀਤੀ ਗਈ ਸ. ਰਣਜੀਤ ਸਿੰਘ ਖੜਗ ਦੀ ਅੰਗਰੇਜ਼ੀ ਦੀ ਪੁਸਤਕ ਹੈ Golden Crystals Essays on Sikh History ੨੪੯ ਪੰਨੇ ਦੀ ਕੀਮਤੀ ਪੁਸਤਕ ਵੀ ਹੈ ਜੋ ਇਸੇ ਪ੍ਰਕਾਸ਼ਨ ਫਰਮ ਦੀ ਭੈਣ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿਟਿਡ ਚੰਡੀਗੜ੍ਹ ਵਲੋਂ ਛਾਪੀ ਗਈ ਹੈ। ੩੯੫/- ਰੁਪੇ ਕੀਮਤ ਵਾਲੀ ਇਹ ਪੁਸਤਕ ਵੀ ਉਚ ਪਾਏ ਦੀ ਪੁਸਤਕ ਹੈ ਅਤੇ ਬਹੁਤ ਦਿਲਚਸਪੀ ਨਾਲ ਪੜ੍ਹੀ ਜਾਣ ਵਾਲੀ ਹੈ। ਇਨਜੀਨਅਰ ਕਰਮਜੀਤ ਸਿੰਘ ਜਿਹੇ ਸਾਊ ਸ਼ਰੀਫ ਮਿਲਣਸਾਰ ਉਦਮੀ ਅਤੇ ਸੰਤ ਪੁਰਸ਼ ਨੇ ਆਪਣੇ ਸਵਰਗੀ ਪਿਤਾ ਦੀਆਂ ਸਿਲਸਲੇਵਾਰ ਪੁਸਤਕਾਂ ਛਾਪ ਕੇ ਸਾਹਿਤ ਜਗਤ ਵਿਚ ਇਕ ਸਾਰਥਕ ਹਿਲਜੁਲ ਪੈਦਾ ਕਰ ਦਿੱਤੀ ਹੈ। ਬਹੁਤ ਬਹੁਤ ਵਧਾਈਆਂ।

—ਜਗਦੀਸ਼ ਸਿੰਘ ਵਰਿਆਮ


Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

**ਚਮਕਦਾਰ ਅਤੇ ਪੱਕੇ ਰੰਗਾਂ ਵਾਲੇ**

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-੧੧੦੦੦੬

**Furshi Durries & Carpets**

in Bright & Fast Colours

**Manufacturers :**

# Namdhari Sales

**10240/54 Library Road, Azad Market, Delhi-110005**

**Phone Office : 011-23516689, 911-23614784**

**Mobile Phone :** **S. Charanjit Singh 98105-56398**
**S. Satvinder Singh 98116-55210**




Namdhari Elibrary NamdhariElibrary@gmail.com

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸੰਤ ਲਛਮਣ ਸਿੰਘ ਨਮਿਤ ਭੋਗ ਅਤੇ ਮੇਲਾ

ਸ੍ਰੀ ਭੈਣੀ ਸਾਹਿਬ-੯ ਜੂਨ ੨੦੧੩-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਜੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਜੇ ਸੰਤ ਲਛਮਣ ਸਿੰਘ ਦਾ ਜਨਮ ਪਿਤਾ ਸੰਤ ਨੰਦ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਗ੍ਰਿਹਿ ਵਿਖੇ ੧੯੨੫ ਈ. ਨੂੰ ਪੱਦੀ ਖਾਲਸਾ ਵਿਖੇ ਹੋਇਆ। ਸੰਤਾਂ ਨੂੰ ੧੨ ਸਾਲ ਦੀ ਉਮਰ ਵਿਚ ਹੀ ਸੰਤ ਮੋਹਨ ਸਿੰਘ ਭਾਗੋਵਾਲਿਆਂ ਦੀ ਸੰਗਤ ਹੋਈ। ਸੰਤਾਂ ਦੇ ਕੋਲੋਂ ਉਹਨਾਂ ਨੂੰ ਨਾਮ ਸਿਮਰਨ, ਹੱਥੀਂ ਸੇਵਾ, ਸਤਿਗੁਰਾਂ ਦੇ ਮੰਨਣ, ਅੱਠੇ ਪਹਿਰ ਸੰਤਾਂ ਦੀ ਸੇਵਾ ਦੀ ਸਿਖਿਆ ਮਿਲੀ। ਇਸ ਸਿਖਿਆ ਨੇ ਸੰਤਾਂ ਦਾ ਜੀਵਨ ਹੀ ਬਦਲ ਦਿੱਤਾ। ਕੁਝ ਸਮੇਂ ਬਾਅਦ ਆਪ ਸੰਤਾਂ ਦੇ ਕੋਲੋਂ ਸ੍ਰੀ ਭੈਣੀ ਸਾਹਿਬ ਆ ਕੇ ਲੰਗਰ ਦੀ ਸੇਵਾ ਕੀਤੀ। ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਹੁਤ ਨਿਕਟਵਰਤੀ ਸਨ। ਕਦੀ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਿਜੀ ਡਰਾਈਵਰ ਦੀ ਲੋੜ ਪੈਣੀ ਤਾਂ ਪਾਤਸ਼ਾਹ ਜੀ ਨੇ ਸੰਤਾਂ ਨੂੰ ਬੁਲਾ ਲੈਣਾ। ਸਤਿਗੁਰੂ ਜੀ ਦੁਆਬੇ ਦੌਰੇ ਤੇ ਜਾਣਾ ਸੀ। ਫਗਵਾੜੇ ਆਏ ਤਾਂ ਸੰਤਾਂ ਵੇਖਿਆ ਕਿ ਸਤਿਗੁਰੂ ਜੀ ਦੀ ਜੀਪ ਦੀ ਛੱਤ ਦਾ ਕਵਰ ਫਟਿਆ ਹੋਇਆ ਹੈ। ਉਸ ਦੇ ਉਪਰੋਂ ਇਕ ਹੋਰ ਕਵਰ ਫਿੱਟ ਕਰ ਦਿੱਤਾ। ਦੌਰਾ ਸ਼ੁਰੂ ਹੁੰਦਿਆਂ ਹੀ ਉਸੇ ਦਿਨ ਮੀਂਹ ਤੇ ਝੱਖੜ ਆਇਆ। ਅਟਲ ਪ੍ਰਤਾਪ ਜੀ ਸਿੱਖਾਂ ਨੂੰ ਵਡਿਆਂਦਿਆਂ ਫ਼ੁਰਮਾਇਆ "ਅੱਜ ਤੇ ਲਛਮਣ ਸਿੰਘ ਥੰਮ ਤੋਂ ਪ੍ਰਗਟ ਹੋਣ ਵਾਂਗ ਬਹੁੜਿਆ ਹੈ।" ਸੰਤ ਲਛਮਣ ਸਿੰਘ ਫਗਵਾੜਾ ਨਾਮਧਾਰੀ ਸਮਾਜ ਵਿਚ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਸਨ। ਗੁਰਸਿਖੀ ਪ੍ਰੰਪਰਾਵਾਂ ਦੇ ਪ੍ਰਤੱਖ ਮਿਸਾਲ ਜਿਨ੍ਹਾਂ ਦੇ ਰੋਮ ਰੋਮ ਵਿਚ ਆਪਣੇ ਸਤਿਗੁਰ ਦੇ ਚਰਨਾਂ ਨਾਲ ਇਸ਼ਕ ਵਰਗਾ ਪਿਆਰ ਸੀ। ਆਪ ਹੱਥੀ ਕਾਰੀਗਰੀ ਦੇ ਏਨੇ ਨਿਪੁੰਨ ਸਨ ਜੋ ਵੇਖ ਲਿਆ ਸੁਣ ਲਿਆ, ਸਮਝ ਲਿਆ ਉਸਨੂੰ ਤਿਆਰ ਕਰਕੇ ਹੀ ਸਾਹ ਲੈਣਾ। ਪਾਤਸ਼ਾਹ ਜੀ ਨੂੰ ਵਿਦੇਸ਼ਾਂ ਵਿਚ ਵੀ ਵਿਚਰਦਿਆਂ ਕੋਈ ਤਕਨੀਕ ਮਨ ਵਿਚ ਆਉਂਦੀ ਤਾਂ ਸੰਤਾਂ ਨੂੰ ਹੁਕਮ ਕਰਨਾ, ਵੇਖ ਕੇ ਆਓ ਤੇ ਤਿਆਰ ਕਰੋ। ਸ੍ਰੀ ਭੈਣੀ ਸਾਹਿਬ ਸ਼ਮਸ਼ਾਨ ਘਾਟ, ਹੋਰ ਥਾਵਾਂ ਤੇ ਬਣੀਆਂ ਭੱਠੀਆਂ, ਹਰੀਮੰਦਰ ਵਿਚ ਇਕ ਵੱਡੀ ਕੈਪ ਨੁਮਾ ਚਿਮਨੀ, ਜੋ ਹਵਨ ਕਰਨ ਸਮੇਂ ਪ੍ਰਜਵਲਤ ਅਗਨੀ ਦੇ ਉਪਰ ਹੁੰਦੀ ਹੈ, ਉਹਨਾਂ ਦੀ ਸੋਚ ਦੀ ਹੀ ਕੜੀ ਹਨ। ਸੰਤਾਂ ਨੇ ਫਕੀਰਾਂ ਵਾਲੀ ਜ਼ਿੰਦਗੀ ਜਿਊਂਦਿਆਂ ਬਾਦਸ਼ਾਹੀ ਠਾਠ ਭੋਗਿਆ। ਇਹ ਸਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸੀ। ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ ਕਿ ਸੰਤ ਲਛਮਣ ਸਿੰਘ ਹੋਰ ਚੀਜ਼ਾਂ ਤਾਂ ਬਹੁਤ ਸੋਹਣੀਆਂ ਖਰੀਦ ਦੇ ਹਨ, ਜੇ ਫਲ ਵੀ ਖਰੀਦਣੇ ਹੋਣ ਤਾਂ ਸੰਤਾਂ ਤੋਂ ਜਾਚ ਸਿਖੋ। ਜਦੋਂ ਪਾਤਸ਼ਾਹ ਜੀ ਨੇ ਯਾਦ ਕਰਨਾ ਉਸੇ ਵਕਤ ਵਰਕਸ਼ਾਪ ਨੂੰ ਤਾਲਾ ਲਗਾ ਕੇ ਹਜ਼ੂਰੀ ਵਿਚ ਪਹੁੰਚ ਜਾਣਾ। ਫਿਰ ਪਿਛੇ ਦੀ ਝਾਕ ਨਹੀਂ ਰੱਖਣੀ।

ਸੰਤਾਂ ਦਾ ਜੀਵਨ ਸੱਚਾ, ਸੁੱਚਾ ਤੇ ਗੁਰੂ ਦੇ ਅਨੁਸਾਰ ਸੀ। ਉਹਨਾਂ ਨੇ ਹਮੇਸ਼ਾਂ ਸਤਿਗੁਰੂ ਨੂੰ ਸਨਮੁਖ ਰਖਿਆ। ਜੋ ਹੁਕਮ ਹੋਇਆ ਉਸ ਨੂੰ ਪੂਰਾ ਕੀਤਾ। ਆਪ ਪੱਕੇ ਗੁਰਸਿੱਖ ਨਿਤਨੇਮੀ ਸਨ। ਸਵੇਰੇ ਅੰਮ੍ਰਿਤ ਵੇਲੇ ਉੱਠਣ ਤੇ ਨਾਮ ਸਿਮਰਨ ਕਰਨਾ ਉਹਨਾਂ ਦੇ ਜੀਵਨ ਦਾ ਅਨਿਖੜਵਾਂ ਅੰਗ ਬਣ ਚੁੱਕੇ ਸਨ। ਕਿਸੇ ਵੀ ਹਾਲਤ ਵਿਚ ਇਸ਼ਨਾਨ ਦਾ ਨਾਗਾ ਨਹੀਂ ਪੈਣ ਦਿੱਤਾ। ਜਦੋਂ ਤੋਂ ਸ੍ਰੀ ਭੈਣੀ ਸਾਹਿਬ ਆ ਗਏ ਦੋਨੋਂ ਟਾਈਮ ਆਸਾ ਦੀ ਵਾਰ ਤੇ ਨਿਤਨੇਮ ਵਿਚ ਜਾਣ ਦਾ ਕਦੀ ਆਲਸ ਨਹੀਂ ਕੀਤਾ।

ਸੰਤਾਂ ਦਾ ਅਨੰਦ ਕਾਰਜ ਬੀਬੀ ਨਿਰੰਜਨ ਕੌਰ ਨਾਲ ਹੋਇਆ। ਆਪ ਦੇ ਗ੍ਰਿਹਿ ਸੱਤ ਪੁੱਤਰ ਤੇ ਤਿੰਨ ਧੀਆਂ ਹੋਈਆਂ। ਆਪ ਇੰਨੇ ਪਰਿਵਾਰ ਵਿਚ ਵੀ ਰਹਿ ਕੇ ਨਿਤਨੇਮੀ ਹੋਏ।

ਸੰਤ ਹਰਪਾਲ ਸਿੰਘ ਸੇਵਕ ਨੇ ਸੰਤਾਂ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸੰਤ ਕਰਮ ਸਿੰਘ ਦੀ ਬਦੌਲਤ ਸੰਤ ਸਤਿਗੁਰੂ ਦੇ ਚਰਨਾਂ ਨਾਲ ਜੁੜੇ। ਉਹਨਾਂ ਦੀ ਇਹ ਦੁਨੀਆਂ ਦੇ ਸੁਖ ਛੋਟੇ ਛੋਟੇ ਖਿਡੌਣਿਆਂ ਵਾਂਗ ਜਾਪਦੇ ਹਨ, ਪਰ ਸਤਿਗੁਰੂ ਇਸ ਨੂੰ ਸਹਿਜੇ ਹੀ ਬਖਸ਼ ਦਿੰਦਾ ਹੈ। ਸਤਿਗੁਰੂ ਆਪਣੇ ਸਿੱਖਾਂ ਨੂੰ ਮਾਣ ਦਿੰਦਾ ਹੈ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਉਪਦੇਸ਼ ਵਿਚ ਆਖਿਆ ਕਿ ਸੰਤ ਲਛਮਣ ਸਿੰਘ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਸੀ। ਜਦੋਂ ਸਤਿਗੁਰੂ ਜੀ ਨੇ ਕਦੇ ਦੌਰੇ ਜਾਣਾ ਤਾਂ ਫਗਵਾੜੇ ਉਹਨਾਂ ਦੇ ਘਰ ਜ਼ਰੂਰ ਰੁਕਣਾ। ਸੰਤਾਂ ਨੂੰ ਚਾਅ ਹੁੰਦਾ ਸੀ। ਚੰਗਾ ਫਲ ਕਿਹੜਾ ਹੈ, ਇਸ ਕਰਕੇ ਨਹੀਂ ਕਿ ਸੰਤ ਫਲਾਂ ਦਾ ਵਿਉਪਾਰ ਕਰਦੇ ਸਨ। ਉਹਨਾਂ ਦੇ ਮਨ ਵਿਚ ਹੁੰਦਾ ਸੀ ਹਮੇਸ਼ਾਂ ਕਿ ਸੇਵਾ ਕਰਾਂ। ਤਨ, ਮਨ ਤੇ ਧਨ ਨਾਲ ਉਹਨਾਂ ਨੇ ਸਤਿਗੁਰੂ ਜੀ ਦੇ ਚਰਨਾਂ ਨਾਲ ਨਿਭਾਈ। ਉਹਨਾਂ ਦੇ ਘਰ ਸਿਖੀ ਹੈ।

ਸੰਤ ਲਛਮਣ ਸਿੰਘ ਆਪਣੇ ਸਵਾਸਾਂ ਦੀ ਪੂੰਜੀ ਭੋਗ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਨਮਿਤ ਇਕ ਸਧਾਰਨ ਪਾਠ ਦਾ ਭੋਗ ਹਰੀ ਮੰਦਰ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਪਰਿਵਾਰ ਵਲੋਂ ਤਿਲਫੁੱਲ ਭੇਟਾ ਕੀਤਾ ਗਿਆ।

ਭੋਗ ਤੋਂ ਪਹਿਲਾਂ ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾਇਆ। ਆਪਣੇ ਦੀਵਾਨ ਵਿਚ ਉਹਨਾਂ ਨੇ ਸੰਤਾਂ ਦੇ ਜੀਵਨ ਤੇ ਭਰਪੂਰ ਚਾਨਣਾ ਪਾਇਆ। ਧਾਰਨਾ ਸੀ–

ਆਏ ਸਫਲ ਸੇ
ਤਿਨ ਧੰਨ ਜਣੇਦੀ ਮਾਉ॥

ਕੀਰਤਨ–ਹਜ਼ੂਰੀ ਰਾਗੀ ਸਿੰਘਾਂ ਨੇ
ਸੇਵਕ ਕੀ ਓੜਕ ਨਿਬਹੀ ਪ੍ਰੀਤ॥
ਸ਼ਬਦ ਗਾਇਨ ਕੀਤਾ।

ਇਸ ਤਰ੍ਹਾਂ ਸੰਤਾਂ ਨੇ ਆਪਣਾ ਪੂਰਾ ਜੀਵਨ ਗੁਰੂ ਹੁਕਮ ਅਨੁਸਾਰ ਬਤੀਤ ਕੀਤਾ।

*—ਗੁਰਦੇਵ ਸਿੰਘ ਚੀਮਾ*

*ਪੁਸਤਕ ਦੀ ਗੱਲ*

Namdhari Elibrary NamdhariElibrary@gmail.com

## ਹਰਿਆਣਾ ਪੰਜਾਬੀ ਅਕਾਦਮੀ ਵੱਲੋਂ ਸਾਹਿਤਕਾਰਾਂ ਦਾ ਸਨਮਾਨ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਾਲ ੨੦੧੨ ਲਈ ਸਨਮਾਨਿਤ ਕੀਤੇ ਗਏ ਸਾਹਿਤਕਾਰਾਂ ਵਿੱਚ ਸਿਰਸਾ ਦੇ ਸਵਰਗੀ ਹਰਭਜਨ ਸਿੰਘ ਰੇਣੂ ਨੂੰ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ੧.੫੦ ਲੱਖ ਰੁਪਏ ਨਕਦ, ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ ਤੇ ਸ਼ਾਲ ਭੇਟ ਕੀਤਾ ਗਿਆ। ਸ੍ਰੀ ਰੇਣੂ ਦਾ ਸਨਮਾਨ ਉਨ੍ਹਾਂ ਦੇ ਲੜਕੇ ਨੇ ਪ੍ਰਾਪਤ ਕੀਤਾ।

ਕੁਰੂਕਸ਼ੇਤਰ ਦੇ ਡਾ. ਕਰਮਜੀਤ ਸਿੰਘ ਨੂੰ ਮਹਾਂਕਵੀ ਸੰਤੋਖ ਸਿੰਘ ਪੁਰਸਕਾਰ, ਫ਼ਰੀਦਾਬਾਦ ਦੇ ਸੁਰਿੰਦਰ ਸਿੰਘ ਉਬਰਾਏ ਨੂੰ ਬਾਬਾ ਸ਼ੇਖ਼ ਫਰੀਦ ਪੁਰਸਕਾਰ ਅਤੇ ਐਲਨਾਬਾਦ ਦੀ ਜਗੀਰ ਕੌਰ ਸੰਧੂ ਨੂੰ ਸੰਤ ਤਰਨ ਸਿੰਘ ਵਹਿਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਵਿੱਚ ਇੱਕ-ਇੱਕ ਲੱਖ ਰੁਪਏ, ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ ਅਤੇ ਸ਼ਾਲ ਭੇਟ ਕੀਤਾ ਗਿਆ। ਸਿਰਸਾ ਦੇ ਜੋਗਿੰਦਰ ਸਿੰਘ ਮੁਕਤਾ ਨੂੰ ਰਾਗੀ, ਢਾਡੀ ਤੇ ਲੋਕ ਗਾਇਕ ਪੁਰਸਕਾਰ, ਪੰਚਕੂਲਾ ਦੀ ਸੁਸ਼ੀਲਾ ਸਰਗਰਮ ਨੂੰ ਕਵਿਤਾ ਪੁਰਸਕਾਰ ਤੇ ਚੰਡੀਗੜ੍ਹ ਦੀ ਹਰਸਿਮਰਨ ਕੌਰ ਨੂੰ ਕਹਾਣੀ ਪੁਰਸਕਾਰ, ਅੰਬਾਲਾ ਦੇ ਪ੍ਰੇਮ ਸਿੰਘ ਬਰਨਾਵਲੀ ਨੂੰ ਪੁਸਤਕ ਪੁਰਸਕਾਰ (ਨਾਵਲ), ਕੈਥਲ ਦੇ ਡਾ. ਪ੍ਰਦੁਮਨ ਭੱਲਾ ਨੂੰ ਪੁਸਤਕ ਪੁਰਸਕਾਰ (ਨਾਟਕ), ਅੰਬਾਲਾ ਦੀ ਮਨਜੀਤ ਕੌਰ ਅੰਬਾਲਵੀ ਨੂੰ ਬਾਲ ਸਾਹਿਤ, ਐਲਨਾਬਾਦ ਦੇ ਪੂਰਨ ਸਿੰਘ ਨਿਰਾਲਾ ਨੂੰ ਲੋਕ ਸਾਹਿਤ ਤੇ ਕੁਰੂਕਸ਼ੇਤਰ ਦੀ ਡਾ. ਉਪਿੰਦਰਜੀਤ ਨੂੰ ਰਚਨਾਤਮਕ ਲੇਖ ਪੁਰਸਕਾਰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ੨੧-੨੧ ਹਜ਼ਾਰ ਰੁਪਏ, ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ ਤੇ ਸ਼ਾਲ ਭੇਟ ਕੀਤੀ ਗਈ।

ਪੁਸਤਕ ਛਪਾਈ ਸਹਾਇਤਾ ਗ੍ਰਾਂਟ ਲਈ ਕਵਿਤਾ ਵਰਗ ਵਿੱਚ ਕਰਨਾਲ ਦੀ ਕੁਲਵੀਰ ਕੌਰ ਤੇ ਡੱਬਵਾਲੀ ਦੇ ਦਿਲਬਾਗ ਸਿੰਘ ਵਿਰਕ ਨੂੰ ੧੦-੧੦ ਹਜ਼ਾਰ ਰੁਪਏ ਅਤੇ ਕਹਾਣੀ ਵਰਗ ਵਿੱਚ ਅੰਬਾਲਾ ਦੀ ਮਨਪ੍ਰੀਤ ਕੌਰ ਤੇ ਕੈਥਲ ਦੇ ਚਰਨ ਪਪਰਾਲਵੀ ਨੂੰ ੧੦-੧੦ ਹਜ਼ਾਰ ਰੁਪਏ ਅਤੇ ਪੰਜਾਬੀ ਕਹਾਣੀ ਮੁਕਾਬਲੇ, ੨੦੧੨ ਲਈ ਮੁਹਾਲੀ ਦੀ ਗੁਰਬਚਨ ਕੌਰ ਨੂੰ ਪਹਿਲਾ, ਰਾਣੀਆ ਦੇ ਸੁਭਾਸ਼ ਸਲੂਜਾ ਨੂੰ ਦੂਜਾ ਅਤੇ ਕਰਨਾਲ ਦੇ ਅੰਗਰੇਜ਼ ਸਿੰਘ ਨੂੰ ਤੀਜਾ ਪੁਰਸਕਾਰ ਦਿੱਤਾ ਗਿਆ। ਇਨ੍ਹਾਂ ਨੂੰ ਕ੍ਰਮਵਾਰ ੫,੦੦੦ ਰੁਪਏ, ੪,੦੦੦ ਰੁਪਏ ਅਤੇ ੩,੦੦੦ ਰੁਪਏ ਦਿੱਤੇ ਗਏ।

ਸਾਲ ੨੦੧੧ ਲਈ ਯਮੁਨਾਨਗਰ ਦੇ ਡਾ. ਕਰਤਾਰ ਸਿੰਘ ਸੂਰੀ ਨੂੰ ਹਰਿਆਣਾ ਪੰਜਾਬੀ ਗੌਰਵ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ੧.੫੦ ਲੱਖ ਰੁਪਏ, ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ ਤੇ ਸ਼ਾਲ ਭੇਟ ਕੀਤਾ ਗਿਆ। ਪੰਚਕੂਲਾ ਦੇ ਕਿਦਾਰ ਨਾਥ ਕਿਦਾਰ ਨੂੰ ਮਹਾਂਕਵੀ ਭਾਈ ਸੰਤੋਖ ਸਿੰਘ ਪੁਰਸਕਾਰ ਤੇ ਕਰਨਾਲ ਦੇ ਕਾਬਲ ਸਿੰਘ ਵਿਰਕ ਨੂੰ ਬਾਬਾ ਸ਼ੇਖ਼ ਫਰੀਦ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੂੰ ਇੱਕ-ਇੱਕ ਲੱਖ ਰੁਪਏ, ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ ਤੇ ਸ਼ਾਲ ਭੇਟ ਕੀਤਾ ਗਿਆ। ਪੰਚਕੂਲਾ ਦੇ ਨੀਲੇ ਖ਼ਾਨ ਨੂੰ ਲੋਕ ਗਾਇਕ ਪੁਰਸਕਾਰ ਤੇ ਯਮੁਨਾਨਗਰ ਦੇ ਡਾ. ਨਿਰਮਲ ਸਿੰਘ ਨੂੰ ਪੁਸਤਕ ਤੇ ਕਵਿਤਾ ਪੁਰਸਕਾਰ, ਬੜ੍ਹਵਾਲੀ ਦੀ ਜੋਗਿੰਦਰ ਕੌਰ ਅਗਨੀਹੋਤਰੀ ਨੂੰ ਪੁਸਤਕ ਤੇ ਕਹਾਣੀ ਪੁਰਸਕਾਰ, ਸਿਰਸਾ ਦੇ ਹੀ ਰਾਮ ਸਰੂਪ ਰਿਖੀ ਨੂੰ ਪੁਸਤਕ ਤੇ ਨਾਵਲ ਪੁਰਸਕਾਰ, ਕਰਨਾਲ ਦੇ ਪ੍ਰੇਮ ਸੇਠੀ ਨੂੰ ਪੁਸਤਕ ਤੇ ਨਾਟਕ ਪੁਰਸਕਾਰ, ਫ਼ਤਿਹਾਬਾਦ ਦੇ ਇਕਬਾਲ ਸਿੰਘ ਨੂੰ ਪੁਸਤਕ ਤੇ ਬਾਲ ਸਾਹਿਤ ਪੁਰਸਕਾਰ, ਐਲਨਾਬਾਦ ਦੇ ਸਾਧੂ ਸਿੰਘ ਕਿਸਾਨ ਨੂੰ ਪੁਸਤਕ ਪੁਰਸਕਾਰ (ਲੋਕ ਸਾਹਿਤ) ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੂੰ ਕ੍ਰਮਵਾਰ ੨੧-੨੧ ਹਜ਼ਾਰ ਰੁਪਏ, ਯਾਦਗਾਰੀ ਚਿੰਨ੍ਹ, ਪ੍ਰਸ਼ੰਸਾ ਪੱਤਰ ਤੇ ਸ਼ਾਲ ਭੇਟ ਕੀਤਾ ਗਿਆ। ਸਾਲ ੨੦੧੧ ਲਈ ਪੰਜਾਬੀ ਕਹਾਣੀ ਮੁਕਾਬਲੇ ਲਈ ਪਹਿਲਾ, ਦੂਜਾ ਅਤੇ ਤੀਜਾ ਪੁਰਸਕਾਰ ਕ੍ਰਮਵਾਰ ਫਰੀਦਾਬਾਦ ਦੀ ਇੰਦੂ ਗੁਪਤਾ, ਅੰਬਾਲਾ ਦੇ ਪ੍ਰੇਮ ਸਿੰਘ ਬਰਨਾਲਵੀ ਤੇ ਸਿਰਸਾ ਦੇ ਲਖਵਿੰਦਰ ਸਿੰਘ ਬਾਜਵਾ ਨੂੰ ਦਿੱਤਾ ਗਿਆ। ਇਨ੍ਹਾਂ ਨੂੰ ਕ੍ਰਮਵਾਰ ੫,੦੦੦ ਰੁਪਏ, ੪,੦੦੦ ਰੁਪਏ ਅਤੇ ੩,੦੦੦ ਰੁਪਏ ਦਾ ਨਕਦ ਪੁਰਸਕਾਰ ਦਿੱਤਾ ਗਿਆ।

ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੇ ਕਿਹਾ ਕਿ ਵਿਕਾਸ ਤੇ ਖੁਸ਼ਹਾਲੀ ਦੀ ਨਜ਼ਰ ਨਾਲ ਹਰਿਆਣਾ ਦੇਸ਼ ਦੇ ਮੋਹਰੀ ਰਾਜਾਂ ਵਿੱਚੋਂ ਇੱਕ ਹੈ। ਸਿੱਖਿਆ ਮੰਤਰੀ ਗੀਤਾ ਭੁੱਕਲ ਨੇ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਲੇਖਣੀ ਰਾਹੀਂ ਸਮਾਜ ਵਿੱਚ ਫੈਲੀ ਕੁਰੀਤੀਆਂ ਨੂੰ ਦੂਰ ਕਰਨ ਅਤੇ ਨੌਜੁਆਨ ਪੀੜ੍ਹੀ ਨੂੰ ਸਹੀ ਰਸਤਾ ਵਿਖਾਉਣ। ਉਨ੍ਹਾਂ ਆਪਣਾ ਭਾਸ਼ਣ ਪੰਜਾਬੀ ਵਿੱਚ ਦਿੱਤਾ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਕਿਹਾ ਕਿ ਸਰਕਾਰ ਨੇ ਅਕਾਦਮੀ ਦਾ ਸਾਲਾਨਾ ਬਜਟ ੫ ਲੱਖ ਤੋਂ ਵਧਾ ਕੇ ੧.੫੦ਕਰੋੜ ਰੁਪਏ ਕਰ ਦਿੱਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਪੰਜਾਬੀ ਹਿਤੈਸ਼ੀ ਹੈ। ਸੂਚਨਾ, ਲੋਕ ਸੰਪਰਕ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਜਨਰਲ ਸੁਧੀਰ ਰਾਜਪਾਲ ਨੇ ਸਾਹਿਤਕਾਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਰੋਹ ਦੌਰਾਨ ਹਰਿਆਣਾ ਦੇ ਸੂਚਨਾ, ਲੋਕ ਸੰਪਰਕ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਰਾਜ ਮੰਤਰੀ ਪੰਡਿਤ ਸ਼ਿਵ ਚਰਣ ਲਾਲ ਸ਼ਰਮਾ ਤੇ ਮੁੱਖ ਮੰਤਰੀ ਦੇ ਵਧੀਕ ਸਕੱਤਰ ਡਾ. ਕੇ.ਕੇ. ਖੰਡੇਲਵਾਲ ਨੇ ਵੀ ਸੰਬੋਧਨ ਕੀਤਾ।

## ਅਸਲੀ ਪੰਜਾਬੀ ਮੀਰਜ਼ਾਦਾ ਵਲੋਂ ਹਰੀ ਕਾਦਿਆਨੀ ਸਨਮਾਨਿਤ

ਇੰਗਲੈਂਡ ਤੋਂ ਸੰਪਾਦਿਤ ਹਾਸ-ਵਿਅੰਗ ਤੇ ਤ੍ਰੈ-ਮਾਸਿਕ ਪਰਚਾ ਅਸਲੀ ਪੰਜਾਬੀ ਮੀਰਜ਼ਾਦਾ ਦਾ ਪਹਿਲਾ ਮੀਰਜ਼ਾਦਾ ਪੁਰਸਕਾਰ ਪ੍ਰਸਿੱਧ ਵਿਅੰਗ ਲੇਖਕ ਹਰੀ ਕਾਦਿਆਨੀ ਨੂੰ ਪਲਾਜ਼ਾ ਹੋਟਲ ਜਲੰਧਰ ਵਿਖੇ ਭਰਵੇਂ ਸਮਾਗਮ ਵਿਚ ਪ੍ਰਦਾਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਕੇ. ਐੱਲ. ਗਰਗ, ਡਾ. ਮੋਹਨਜੀਤ ਜੰਮੂ, ਜਗਦੀਸ਼ ਸਿੰਘ ਵਰਿਆਮ ਅਤੇ ਗਿਆਨੀ ਬਲਦੇਵ ਸਿੰਘ ਆਜ਼ਾਦ ਪ੍ਰਮੁੱਖ ਸ਼ਖਸੀਅਤਾਂ ਸੁਸ਼ੋਭਿਤ ਸਨ। ਡਾ. ਪਰਮਜੀਤ ਸਿੰਘ ਢੀਂਗਰਾ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ


Namdhari Elibrary NamdhariElibrary@gmail.com




ਰੀਜਨਲ ਸੈਂਟਰ ਸ੍ਰੀ ਮੁਕਤਸਰ ਸਾਹਿਬ ਹਰੀ ਕਾਦਿਆਨੀ ਬਾਰੇ ਪਰਚਾ ਪੜ੍ਹਦਿਆਂ ਕਿਹਾ ਕਿ ਕਾਦਿਆਨੀ ਦੀ ਪਕੜ ਹਾਸ-ਵਿਅੰਗ 'ਤੇ ਵਿਸ਼ੇਸ਼ ਕਰਕੇ ਹੈ ਕਿ ਉਸ ਨੂੰ ਚੁਟਕਲਿਆਂ ਅਤੇ ਵਿਅੰਗ ਦੇ ਅੰਤਰ ਦਾ ਬਾਖੂਬੀ ਗਿਆਨ ਹੈ।

ਸ. ਕੁਲਦੀਪ ਸਿੰਘ ਬੇਦੀ ਆਨਰੇਰੀ ਸੰਪਾਦਕ ਅਸਲੀ ਪੰਜਾਬੀ ਮੀਰਜ਼ਾਦਾ ਨੇ ਦੱਸਿਆ ਕਿ ਇਸ ਪੁਰਸਕਾਰ ਵਿਚ ਮੋਮੈਂਟੋ ਅਤੇ ਪੰਜ ਹਜ਼ਾਰ ਰੁਪਏ ਨਕਦ ਰਾਸ਼ੀ ਦਿੱਤੀ ਗਈ ਹੈ। ਇਹ ਪੁਰਸਕਾਰ ਹਰ ਵਰ੍ਹੇ ਦਿੱਤਾ ਜਾਇਆ ਕਰੇਗਾ। ਇਸ ਮੌਕੇ ਸਵਰਗੀ ਰਣਜੀਤ ਸਿੰਘ ਖੜਗ ਦੀ ਪੁਸਤਕ 'ਗੋਲਡਨ ਕ੍ਰਿਸਟਲਜ਼' (ਸਿੱਖ ਇਤਿਹਾਸ ਨਾਲ ਸੰਬੰਧਤ ਲੇਖ) ਉਨ੍ਹਾਂ ਦੇ ਬੇਟੇ ਇੰਜੀਨੀਅਰ ਕਰਮਜੀਤ ਸਿੰਘ ਅਤੇ ਪ੍ਰਧਾਨਗੀ ਮੰਡਲ ਵਲੋਂ ਰਿਲੀਜ਼ ਕੀਤੀ ਗਈ। ਨਾਮਵਰ ਹਾਸ-ਵਿਅੰਗ ਲੇਖਕ ਕੇ. ਐੱਲ. ਗਰਗ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਨਾਲੋਂ ਹਾਸ-ਵਿਅੰਗ ਵਿਧਾ ਵਧੇਰੇ ਔਖੀ ਹੈ ਕਿਉਂਕਿ ਇਸ ਰਾਹੀਂ ਪੁਲਿਸ, ਰਾਜਨੇਤਾਵਾਂ, ਪ੍ਰਸ਼ਾਸਨ, ਸਰਕਾਰਾਂ, ਸਮਾਜਿਕ ਕੁਰੀਤੀਆਂ 'ਤੇ ਵਿਅੰਗ ਕਰਦਿਆਂ ਆਪਣੇ ਆਪ ਨੂੰ ਵੀ ਮਾਣਹਾਨੀ ਦੇ ਕੇਸ ਤੋਂ ਬਚਾ ਕੇ ਰੱਖਣਾ ਪੈਂਦਾ ਹੈ ਅਤੇ ਹਰੀ ਕਾਦਿਆਨੀ ਖੁਦ ਪੁਲਸ ਮਹਿਕਮੇ 'ਚ ਹੋਣ ਕਰਕੇ ਇਸ ਪ੍ਰਤੀ ਸੁਚੇਤ ਅਤੇ ਸਫਲ ਲੇਖਕ ਹੈ।

ਹਰੀ ਕਾਦਿਆਨੀ ਨੇ ਸਨਮਾਨਿਤ ਹੋਣ ਉਪਰੰਤ ਆਪਣੇ ਕੁਝ ਹਾਸ-ਵਿਅੰਗ ਟੋਟਕਿਆਂ ਦੇ ਨਾਲ-ਨਾਲ ਮੀਰਜ਼ਾਦਾ ਪਰਿਵਾਰ ਅਤੇ ਆਏ ਦੋਸਤਾਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਸ੍ਰੀ ਦੇਵਿੰਦਰ ਵਿਸ਼ਵ ਨਾਗਰਿਕ ਜੰਮੂ, ਹਰਦੀਪ ਸਿੰਘ ਦੀਪ, ਮੰਗਤ ਕੁਲਜਿੰਦ, ਐੱਮ. ਕੇ. ਰਾਹੀ, ਸੀ. ਐੱਲ. ਲੱਕੀ, ਅੰਮ੍ਰਿਤਪਾਲ ਸਿੰਘ, ਮੱਖਣ ਮਾਨ, ਮੋਹਣ ਲਾਲ ਫਿਲੌਰੀਆ, ਭਗਵੰਤ ਰਸੂਲਪੁਰੀ, ਧਰਮਿੰਦਰ ਤਿਵਾੜੀ, ਵਿਸ਼ਵਾਮਿੱਤਰ, ਤੇਜਿੰਦਰ ਰਾਜਨ, ਹਰਜਿੰਦਰ ਕੌਰ, ਦਲਬੀਰ ਸਿੰਘ ਲੈਕਚਰਾਰ, ਕੇਵਲ ਕ੍ਰਿਸ਼ਨ ਸ਼ਰਮਾ, ਮਨੋਹਰ ਲਾਲ, ਬਲਵਿੰਦਰ ਸਿੰਘ, ਤੀਰਥ ਸਪਰਾ, ਹਰਮੀਤ ਸਿੰਘ ਅਟਵਾਲ, ਕੁਲਵਿੰਦਰ ਫੁੱਲ ਅਤੇ ਹੋਰ ਬਹੁਤ ਸਾਰੀਆਂ ਮੁਮਤਾਜ਼ ਸ਼ਖਸੀਅਤਾਂ ਹਾਜ਼ਰ ਸਨ। ਅੰਤ ਵਿਚ ਕਵੀ ਦਰਬਾਰ ਦੀ ਸਟੇਜ ਸੰਭਾਲਦਿਆਂ ਰਾਜਿੰਦਰ ਪਰਦੇਸੀ ਨੇ ਜ਼ੈਲਦਾਰ ਸਿੰਘ ਹੱਸਮੁੱਖ ਨੂੰ ਕਵੀ ਦਰਬਾਰ ਦਾ ਆਗਾਜ਼ ਕਰਨ ਦਾ ਸੱਦਾ ਦਿੱਤਾ। ਹਾਜ਼ਰ ਸ਼ਾਇਰਾਂ ਵਿਚੋਂ ਸੀ. ਮਾਰਕੰਡਾ, ਰਾਮ ਸ਼ਰਣ ਜੋਸ਼ੀਲਾ, ਮੋਹਨ ਸਪਰਾ, ਵੀਰਇੰਦਰ ਸਿੰਘ ਪਰਹਾਰ, ਸੁਖਵੰਤ ਪੱਟੀ, ਗੁਰਦੀਪ ਭਾਟੀਆ, ਬਲਦੇਵ ਸਿੰਘ ਆਜ਼ਾਦ, ਰੇਣੂਕਾ ਆਦਮਪੁਰ, ਰੇਣੂ ਨਈਅਰ, ਸੁਰਿੰਦਰ ਕੌਰ ਬਾੜਾ, ਡੀ. ਆਰ. ਧਵਨ, ਸੋਹਣ ਸਿੰਘ ਕਲਿਆਣ, ਭਜਨ ਸਿੰਘ ਵਿਰਕ, ਕੁਲਵਿੰਦਰ ਫੁੱਲ, ਜਗਦੀਸ਼ ਰਾਣਾ, ਹਰਫੂਲ ਸਿੰਘ, ਚਮਨ, ਪ੍ਰਕਾਸ਼ ਕੌਰ ਸੰਧੂ, ਨੂਰ ਸੰਤੋਖਪੁਰੀ, ਚੰਨ ਮੋਮੀ, ਵਿਜੇ ਸੁਲੇਖ, ਬਲਜੀਤ ਸਿੰਘ ਰੈਣਾ ਅਤੇ ਦੇਵਿੰਦਰ ਸਿੰਘ ਵਿਸ਼ਵ ਨਾਗਰਿਕ ਜੰਮੂ ਆਦਿ ਸ਼ਾਇਰਾਂ ਨੇ ਹਾਜ਼ਰੀਨ ਨੂੰ ਆਪਣੇ-ਆਪਣੇ ਕਲਾਮ ਨਾਲ ਨਿਵਾਜਿਆ। ਇਸ ਸਾਰੇ ਪ੍ਰੋਗਰਾਮ ਦੀ ਕਵਰੇਜ ਸਤਨਾਮ ਚਾਨਾ ਵਲੋਂ 'ਗਲੋਬਲ ਟੈਲੀਕਾਸਟ' ਚੈਨਲ ਲਈ ਕੀਤੀ ਗਈ, ਜੋ ਵਿਸ਼ਵ ਪੱਧਰ 'ਤੇ ਵਿਖਾਈ ਜਾਵੇਗੀ।

*—ਵੀਰਇੰਦਰ ਸਿੰਘ ਪਰਹਾਰ*

## ਹਾਕੀ: ਨਾਮਧਾਰੀਆਂ ਦੀ ਸੰਘਰਸ਼ਪੂਰਨ ਜਿੱਤ; ਚੰਡੀਗੜ੍ਹ ਦੀ ਪੇਸ਼ਕਦਮੀ ਜਾਰੀ

ਇੱਥੇ ਖੇਡੀ ਜਾ ਰਹੀ ਤੀਜੀ ਹਾਕੀ ਇੰਡੀਆ ਸੀਨੀਅਰ ਕੌਮੀ ਚੈਂਪੀਅਨਸ਼ਿਪ ਵਿਚ ਅੱਜ ਏਅਰ ਇੰਡੀਆ ਨੇ ਪੂਲ 'ਬੀ' ਵਿਚ ਛਤੀਸਗੜ੍ਹ ਨੂੰ ੧੫-੦ ਗੋਲਾਂ ਨਾਲ ਹਰਾ ਦਿੱਤਾ ਜਦੋਂ ਕਿ ਪੂਲ 'ਐਚ' ਵਿਚ ਅੰਡੇਮਾਨ ਨਿਕੋਬਾਰ ਨੇ ਹਰਿਆਣਾ ਨੂੰ ੪-੨ ਨਾਲ ਪਸਤ ਕਰਕੇ ਸਨਸਨੀ ਫੈਲਾ ਦਿੱਤੀ।

ਪੂਲ 'ਐਫ' ਵਿਚ ਨਾਮਧਾਰੀ ਇਲੈਵਨ ਨੇ ਹਾਕੀ ਭੂਪਾਲ ਨੂੰ ੪-੩


Namdhari Elibrary NamdhariElibrary@gmail.com

ਗੋਲਾਂ ਨਾਲ ਪਛਾੜ ਕੇ ਲਗਾਤਾਰ ਦੂਜੀ ਜਿੱਤ ਹਾਸਲ ਕੀਤੀ ਜਦੋਂ ਕਿ ਇਸੇ ਪੂਲ ਵਿਚ ਚੰਡੀਗੜ੍ਹ ਨੇ ਅਸਾਮ ਨੂੰ ੯-੦ ਗੋਲਾਂ ਨਾਲ ਪਛਾੜਿਆ। ਇਹ ਚੰਡੀਗੜ੍ਹ ਦੀ ਲਗਾਤਾਰ ਦੂਜੀ ਜਿੱਤ ਅਤੇ ਅਸਾਮ ਦੀ ਦੂਜੀ ਹਾਰ ਸੀ। ਚੰਡੀਗੜ੍ਹ ਦੀ ਜਿੱਤ ਵਿਚ ਗਗਨਦੀਪ ਸਿੰਘ ਦਾ ਮੁੱਖ ਯੋਗਦਾਨ ਰਿਹਾ। ਉਸਨੇ ਚਾਰ ਗੋਲ ਕੀਤੇ ਜਦੋਂ ਕਿ ਬਾਕੀ ਦੇ ਪੰਜ ਗੋਲ ਕ੍ਰਮਵਾਰ ਹਰਮਨਪ੍ਰੀਤ ਸਿੰਘ, ਵਰਿੰਦਰ ਕੁਮਾਰ, ਦਵਿੰਦਰ ਸਿੰਘ, ਪ੍ਰਭਾਕਰ ਅਤੇ ਸ਼ਾਹਨਵਾਜ਼ ਖਾਨ ਨੇ ਆਪਸ ਵਿਚ ਵੰਡੇ। ਨਾਮਧਾਰੀ ਇਲੈਵਨ ਤੇ ਹਾਕੀ ਭੁਪਾਲ ਦਾ ਮੈਚ ਦਿਨ ਦਾ ਸਭ ਤੋਂ ਫਸਵਾਂ ਮੈਚ ਸੀ। ਨਾਮਧਾਰੀ ਨੇ ੧੨ਵੇਂ ਮਿੰਟ ਵਿਚ ਸ਼ੇਰ ਸਿੰਘ ਰਾਹੀਂ ਲੀਡ ਲਈ, ਪਰ ਭੁਪਾਲ ਦੀ ਟੀਮ ਨੇ ਮਯੰਕ ਜੇਮਜ਼ ਦੇ ਤਿੰਨ ਗੋਲਾਂ ਸਦਕਾ ੪੯ਵੇਂ ਮਿੰਟ ਤਕ ੩-੧ ਦੀ ਜਵਾਬੀ ਲੀਡ ਬਣਾ ਲਈ। ਇਸਨੂੰ ਤੋੜਨ ਲਈ ਨਾਮਧਾਰੀਆਂ ਨੂੰ ਪੂਰਾ ਜ਼ੋਰ ਲਾਉਣਾ ਪਿਆ ਅਤੇ ਅੰਤ ਹਰਪ੍ਰੀਤ ਸਿੰਘ, ਦਿਲਬਾਗ ਸਿੰਘ ਤੇ ਗੁਰਪ੍ਰੀਤ ਸਿੰਘ ਆਖਰੀ ਮਿੰਟਾਂ ਵਿਚ ਇਕ-ਇਕ ਗੋਲ ਦਾਗ ਕੇ ਕੇ ਆਪਣੀ ਟੀਮ ਨੂੰ ੪-੩ ਨਾਲ ਜਿਤਾ ਗਏ।

ਏਅਰ ਇੰਡੀਆ ਦੀ ਛਤੀਸਗੜ੍ਹ 'ਤੇ ਵੱਡੀ ਜਿੱਤ ਵਿਚ ਜੋਗਾ ਸਿੰਘ, ਪ੍ਰਧਾਨ ਸੋਮੰਨਾ ਤੇ ਆਫ਼ਾਨ ਯੂਸੁਫ਼ ਦੇ ਤਿੰਨ-ਤਿੰਨ ਗੋਲਾਂ ਦਾ ਮੁੱਖ ਯੋਗਦਾਨ ਰਿਹਾ।

*ਪੰਜਾਬੀ ਟ੍ਰਿਬਿਊਨ, ੩੧-੫-੨੦੧੩*

## ਕੁਲਦੀਪ ਪੱਟੀ ਨੂੰ ਸ਼ਰਧਾਂਜਲੀਆਂ



ਸਵਰਗੀ ਕੁਲਦੀਪ ਸਿੰਘ ਪੱਟੀ (ਅਲੋਪ ਦੀਪ) ਜਿੰਨਾਂ ਦੀ ਰਸਮ ਕਿਰਿਆ ਦਾ ਸਮਾਗਮ ਸਪਤਾਹਿਕ ਹੁਸ਼ਿਆਰਪੁਰ ਨਿਊਜ਼ ਵਲੋਂ ਗੁਰਦੁਆਰਾ ਰਾਮਗੜ੍ਹੀਆ ਸੁਤੈਹਰੀ ਰੋਡ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਕੀਰਤੀ ਜੱਥਿਆਂ ਨੇ ਕੀਰਤਨ ਕੀਤਾ। ਇਸ ਮੌਕੇ ਸਵਰਗੀ ਕੁਲਦੀਪ ਸਿੰਘ ਪੱਟੀ ਨੂੰ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਜੱਥੇਬੰਦੀਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੰਤ ਬਾਬਾ ਰਣਜੀਤ ਸਿੰਘ ਜੀ, ਸਾਬਕਾ ਮੈਂਬਰ ਪਾਰਲੀਮੈਂਟ ਕਮਲ ਚੌਧਰੀ, ਬਲਵੰਤ ਸਿੰਘ ਖੇੜਾ, ਅਸ਼ੀਸ਼ ਚੌਧਰੀ, ਸੰਦੀਪ ਸੈਣੀ, ਸਾਬਕਾ ਡੀ ਪੀ ਆਰ ਓ ਮਹਿੰਦਰ ਸਿੰਘ ਮੁਸਾਫਰ, ਸਾਬਕਾ ਡੀ ਪੀ ਆਰ ਬਲਜੀਤ ਸਿੰਘ ਬੱਲੀ, ਸੰਪਾਦਕ ਬਿੱਟੂ ਕਸ਼ਅਪ, ਰਘੁਵੀਰ ਸਿੰਘ ਬੇਦੀ, ਮੈਂਬਰ ਨਗਰ ਕੌਂਸਲ ਬ੍ਰਹਮਸ਼ੰਕਰ ਜਿੰਪਾ, ਡਾ. ਸੁਰਿੰਦਰ ਸਿੰਘ ਦਰਦੀ ਆਦਿ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਕੁਲਦੀਪ ਸਿੰਘ ਪੱਟੀ ਨਿਧੜਕ, ਇਮਾਨਦਾਰ ਤੇ ਮਿਲਣਸਾਰ ਪੱਤਰਕਾਰ ਸਨ। ਉਨ੍ਹਾਂ ਆਪਣੇ ਜੀਵਨ ਕਾਲ ਵਿਚ ਪੱਤਰਕਾਰੀ ਖੇਤਰ ਵਿਚ ਨਿਰਪੱਖਤਾ ਨਾਲ ਪੱਤਰਕਾਰੀ ਕਰਕੇ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ।

ਜਿਸ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨੂੰ ਸਮੂਹ ਪੱਤਰਕਾਰ ਸੰਘ (ਰਜਿ.) ਪੰਜਾਬ ਦੇ ਪ੍ਰਧਾਨ ਸ਼ਰਮਿੰਦਰ ਸਿੰਘ, ਜਨਰਲ ਸਕੱਤਰ ਰਵਿੰਦਰ ਸਿੰਘ ਕਠਾਰ, ਸੀਨੀਅਰ ਉਪ ਪ੍ਰਧਾਨ ਦੇਵ ਰਾਜ ਹਰਿਆਣਵੀ ਕਨਵੀਨਰ ਆਫ ਪੰਜਾਬ ਗੁਰਜੀਤ ਸਿੰਘ ਬੇਪੜਾ, ਕੈਸ਼ੀਅਰ ਚਰਨਜੀਤ ਸਿੰਘ, ਸੈਕਟਰੀ ਸੁਨੀਤਾ ਠਾਕੁਰ, ਸੈਕਟਰੀ ਪ੍ਰਸ਼ੋਤਮ, ਉਪ ਪ੍ਰਧਾਨ ਸਤੀਸ਼ ਜੌੜਾ, ਰਿੰਕੂ ਥਾਪਰ, ਰਾਮਲਾਲ, ਡਾ. ਵਿਜੇ ਕੁਮਾਰ, ਧਰਮਚੰਦ ਮੁਕੇਰੀਆਂ, ਅੰਮ੍ਰਿਤਪਾਲ ਬਾਜਵਾ, ਦਲਜੀਤ ਸਿੰਘ ਸੋਢੀ, ਅਮਿਤ ਕੁਮਾਰ ਭੋਗਪੁਰ, ਤਰਸੇਮ ਸਿੰਘ ਕੋਟਲਾ, ਰਾਜਪੂਤ ਹਰਿਆਣਵੀ, ਮਹੇਸਵਰ ਕੁਮਾਰ ਆਦਿ ਨੇ ਸਵਰਗੀ ਕੁਲਦੀਪ ਸਿੰਘ ਪੱਟੀ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਉਨ੍ਹਾਂ ਦੇ ਦੁੱਖੀ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

*ਨਵਾਂ ਜ਼ਮਾਨਾ, ੨-੬-੨੦੧੩*

## ਸਾਊਥ ਆਸਟਰੇਲੀਆ ਸੂਬੇ ਵਲੋਂ ਪੰਜਾਬੀ ਨੂੰ ਮਾਨਤਾ

ਆਸਟਰੇਲੀਆ ਦੇ ਸੂਬੇ ਸਾਊਥ ਆਸਟਰੇਲੀਆ ਨੇ ਪੰਜਾਬੀ ਬੋਲੀ ਨੂੰ ਸਕੂਲਾਂ ਤੇ ਕਾਲਜਾਂ 'ਚ ਮਾਨਤਾ ਦੇ ਕੇ ਪੰਜਾਬੀ ਵਿਦਿਆਰਥੀਆਂ ਨੂੰ ਆਪਣੀ ਬੋਲੀ ਵਿਸ਼ੇ ਵਜੋਂ ਪੜ੍ਹਨ ਲਈ ਬੂਹੇ ਖੋਲ੍ਹ ਦਿੱਤੇ ਹਨ। ਅਗਲੇ ਵਿਦਿਅਕ ਵਰ੍ਹੇ 'ਚ (੨੦੧੪) 'ਚ ਸਿੱਖਿਆ ਅਦਾਰਿਆਂ ਦੇ ਪ੍ਰਾਸਪੈਕਟਾਂ 'ਚ ਮੁਹੱਈਆ ਵਿਸ਼ਿਆਂ 'ਚ ਪੰਜਾਬੀ ਵੀ ਸ਼ੁਮਾਰ ਹੋਵੇਗੀ। ਪੰਜਾਬੀ ਨੂੰ ਮਾਨਤਾ ਦਿਵਾਉਣ 'ਚ ਯਤਨਸ਼ੀਲ ਰਹੇ ਸਾਊਥ ਆਸਟਰੇਲੀਅਨ ਕਲਚਰਨ ਐਸੋਸੀਏਸ਼ਨ ਦੇ ਆਗੂ ਹਰਵਿੰਦਰ ਸਿੰਘ ਗਰਚਾ ਦੀ ਮਿਹਨਤ ਨੂੰ ਬੂਰ ਪਿਆ ਹੈ।

ਸ੍ਰੀ ਗਰਚਾ ਨੇ 'ਪੰਜਾਬੀ ਟ੍ਰਿਬਿਊਨ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਸਟਰੇਲੀਆ ਦੇ ਦੂਜੇ ਸੂਬਿਆਂ ਵਿਕਟੋਰੀਆ, ਨਿਊ ਸਾਊਥ ਵੇਲਜ਼ ਅਤੇ ਕੁਈਨਜ਼ਲੈਂਡ 'ਚ ਪੰਜਾਬੀ ਨੂੰ ਪਹਿਲਾਂ ਹੀ ਮਾਨਤਾ ਮਿਲ ਚੁੱਕੀ ਹੈ। ਹੁਣ ਅਗਲੇ ਸਾਲ ਤੋਂ ਇਸ ਸੂਬੇ 'ਚ ੯ਵੀਂ ਤੋਂ ੧੨ਵੀਂ ਜਮਾਤ ਤੱਕ ਦੇ ਵਿਦਿਆਰਥੀ ਪੰਜਾਬੀ ਨੂੰ ਵਿਸ਼ੇ ਵਜੋਂ ਪੜ੍ਹ ਸਕਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਪੰਜਾਬੀ ਪੁਸਤਕਾਂ ਦਾ ਸਿਲੇਬਸ ਕੌਮੀ ਪੱਧਰ ਦਾ ਹੋਵੇਗਾ, ਜੋ ਦੂਜਿਆਂ ਸੂਬਿਆਂ 'ਚ ਵੀ ਪੜ੍ਹਾਇਆ ਜਾ ਰਿਹਾ ਹੈ। ਪੰਜਾਬੀ ਨੂੰ ਵਿਸ਼ੇ ਵਜੋਂ ਚੁਣਨ ਵਾਲੇ ਵਿਦਿਆਰਥੀਆਂ ਲਈ ਇਕ ਲਾਭ ਇਹ ਵੀ ਹੋਵੇਗਾ ਕਿ ਅੰਗਰੇਜ਼ੀ ਤੋਂ ਇਲਾਵਾ ਦੂਜੀ ਜ਼ੁਬਾਨ 'ਚ ਮੁਹਾਰਤ ਰੱਖਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਫ ਐਡੀਲੇਡ, ਯੂਨੀਵਰਸਿਟੀ ਆਫ ਸਾਊਥ ਆਸਟਰੇਲੀਆ ਤੇ ਫਲਿੰਡਰ ਯੂਨੀਵਰਸਿਟੀ ਮੈਡੀਸਨ ਡੈਨਟਿਸਟਰੀ ਡਿਗਰੀ ਕੋਰਸਾਂ 'ਚ ਦੋ ਤੋਂ ਚਾਰ ਪ੍ਰਤੀਸ਼ਤ ਦੇਣਗੀਆਂ। ਇਸ ਤੋਂ ਪਹਿਲਾਂ ਸੂਬੇ ਦੇ ਦੋ ਗੁਰੂਘਰਾਂ 'ਚ ਬੱਚਿਆਂ ਲਈ ਚਲਾਏ ਜਾਂਦੇ ਪੰਜਾਬੀ ਸਕੂਲਾਂ ਨੂੰ ਸਰਕਾਰ ਵਿੱਤੀ ਸਹਾਇਤਾ ਉਪਲਬਧ ਕਰਵਾ ਰਹੀ ਹੈ। ਸੰਸਥਾ


Namdhari Elibrary NamdhariElibrary@gmail.com

ਦੇ ਮੁਖੀ ਮਿਟੂ ਬਰਾੜ ਨੇ ਕਿਹਾ ਕਿ ਸਰਕਾਰ ਵੱਲੋਂ ਮਿਲੀ ਮਾਨਤਾ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਜੜ੍ਹਾਂ ਨਾਲ ਜੋੜੀ ਰੱਖਣ 'ਚ ਸਹਾਈ ਹੋਵੇਗੀ।

ਗੁਰੂ ਨਾਨਕ ਸਿੱਖ ਸੁਸਾਇਟੀ ਸੰਸਥਾ ਸਰਬਤ ਖਾਲਸਾ ਤੇ ਸਾਊਥ ਆਸਟਰੇਲੀਆ ਸਿੱਖ ਸੁਸਾਇਟੀ ਵੀ ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਹਿੱਤ ਕਾਰਜਸ਼ੀਲ ਹਨ। ਜ਼ਿਕਰਯੋਗ ਹੈ ਕਿ ੨੦੧੧ ਦੀ ਜਨਗਣਨਾ ਮੁਤਾਬਕ ਇਸ ਸੂਬੇ 'ਚ ਆਪਣੀ ਬੋਲੀ ਪੰਜਾਬੀ ਦਰਜ ਕਰਵਾਉਣ ਵਾਲਿਆਂ 'ਚ ੮੦.੯ ਫੀਸਦੀ ਸਿੱਖਾਂ, ੧੩.੩ ਹਿੰਦੂ ਤੇ ੧.੪ ਫੀਸਦੀ ਮੁਸਲਿਮ ਸ਼ਾਮਲ ਸਨ।

*ਪੰਜਾਬੀ ਟ੍ਰਿਬਿਊਨ, ੨੯-੫-੨੦੧੩*

## ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ

ਜਲੰਧਰ-ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਵਿਚ ਐਤਵਾਰ ੧੬ ਜੂਨ ੨੦੧੩ ਨੂੰ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਮਨਾਉਂਦਿਆਂ ਅੰਮ੍ਰਿਤ ਵੇਲੇ ਸ਼ਾਨਦਾਰ ਦੀਵਾਨ ਸਜਾਇਆ ਗਿਆ। ਸ੍ਰੀ ਆਸਾ ਦੀ ਵਾਰ ਦਾ ਕੀਰਤਨ ਗੁਰਮਤਿ ਸੰਗੀਤ ਅਤੇ ਸ਼ਾਸਤ੍ਰੀ ਧੁਨਾਂ ਵਿਚ ਸੰਤ ਬਲਬੀਰ ਸਿੰਘ ਰਾਗੀ ਸੰਤ ਸੁਖਦੇਵ ਸਿੰਘ, ਸੰਤ ਸੁਰਿੰਦਰ ਸਿੰਘ, ਸੰਤੋਖ ਸਿੰਘ ਠੱਲ੍ਹ,(ਤਾਰ ਸ਼ਹਿਨਾਈ), ਪ੍ਰਭਜੋਤ ਸਿੰਘ, ਸੰਤ ਬਲਵਿੰਦਰ ਸਿੰਘ, ਸੰਤ ਆਗਿਆਪਾਲ ਸਿੰਘ, ਸੰਤ ਗੁਰਬਚਨ ਸਿੰਘ ਆਦਿ ਨੇ ਮਿਲ ਕੇ ਕੀਤਾ। ਇਕ ਪਾਠ ਦਾ ਭੋਗ ਪਾਇਆ ਗਿਆ। ਸੂਬਾ ਜੁਗਿੰਦਰ ਸਿੰਘ ਜਲੰਧਰ, ਸੰਤ ਕੰਵਲਜੀਤ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਅਤੇ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਨੇ ਗੁਰੂ ਜੀ ਦੀ ਸ਼ਹੀਦੀ ਦੇ ਪ੍ਰਸੰਗ ਉਤੇ ਇਤਿਹਾਸਕ ਰੌਸ਼ਨੀ ਪਾਈ। ਸਾਧ ਸੰਗਤ ਨੇ ਗੁਰੂ ਕਾ ਲੰਗਰ, ਮਿਠੇ ਜਲ ਦੀ ਛਬੀਲ, ਚਾਹਟੇ ਦਾ ਅਨੰਦ ਮਾਣਿਆ।

ਗੁਰਦੁਆਰਾ ਨਾਮਧਾਰੀ ਪ੍ਰੀਤਨਗਰ ਬਸਤੀ ਬੂਰੇ ਖਾਂ ਸੋਡਲ ਰੋਡ ਜਲੰਧਰ ਵਿਚ ੧੨ ਜੂਨ ਨੂੰ ਦੀਵਾਨ ਸਜਿਆ। ਅੰਮ੍ਰਿਤ ਵੇਲੇ ਸੰਤ ਬਲਬੀਰ ਸਿੰਘ-ਸੁਖਦੇਵ ਸਿੰਘ ਅਤੇ ਜਥੇ ਨੇ ਰਸ ਭਿੰਨਾ ਆਸਾ ਦੀ ਵਾਰ ਦਾ ਕੀਰਤਨ ਕੀਤਾ। ਨੌਜਵਾਨ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਹੱਲੇ ਦਾ ਦੀਵਾਨ ਸਜਾਇਆ। ਬੀਬੀਆਂ ਨੇ ਸੁਖਮਣੀ ਸਾਹਿਬ ਦੇ ਪਾਠਾਂ ਦੀ ਲੜੀ ਦਾ ਭੋਗ ਪਾਇਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ।...

ਨੀਲਧਾਰੀ ਸੰਪਰਦਾ, ਸੰਤ ਕਿਲੇ ਵਾਲਿਆਂ ਦੇ ਗੁਰਦੁਆਰਾ ਪ੍ਰੀਤ ਨਗਰ ਜਲੰਧਰ ਵਿਚ ਵੀ ਭਾਰੀ ਦੀਵਾਨ ਸਜਿਆ।

## ਹਰਿਆਣਾ ਸਰਕਾਰ ਦੁਆਰਾ ਸਾਹਿਤ-ਸੇਵੀ ਸਨਮਾਨ ਪ੍ਰੋ. ਮੋਹਨ ਸਪਰਾ ਨੂੰ

ਜਲੰਧਰ : ਪਿਛਲੇ ਦਿਨੀਂ ਜਨ ਚੇਤਨਾ ਦੇ ਸੁਪ੍ਰਸਿੱਧ ਕਵੀ ਪ੍ਰੋ. ਮੋਹਨ ਸਪਰਾ ਨੂੰ ਹਰਿਆਣਾ ਸਾਹਿਤ ਅਕੈਡਮੀ (ਹਰਿਆਣਾ ਸਰਕਾਰ) ਵਲੋਂ ਸਾਹਿਤ ਸੇਵੀ ਸਨਮਾਨ ਹਰਿਆਣਾ ਦੇ ਮਹਾਮਹਿਮ ਰਾਜਪਾਲ ਸ੍ਰੀ ਜਗਨਨਾਥ ਅਤੇ ਮੁੱਖ ਮੰਤਰੀ ਸ੍ਰੀ ਭੂਪੇਂਦਰ ਸਿੰਘ ਹੁਡਾ ਦੇ ਕਰ ਕਮਲਾਂ ਨਾਲ ਰਾਜਭਵਨ ਚੰਡੀਗੜ੍ਹ 'ਚ ਪ੍ਰਦਾਨ ਕੀਤੀ ਗਿਆ। ਇਹ ਸਨਮਾਨ ਅਕਾਦਮੀ ਨੇ ਪ੍ਰੋ. ਮੋਹਨ ਸਪਰਾ ਨੂੰ ਉਨ੍ਹਾਂ ਦੇ ਲਗਭਗ ੧੮ ਸਾਲ ਦਾ ਜੀਵਨਕਾਲ ਹਰਿਆਣਾ ਦੇ ਜ਼ਿਲਾ ਸਿਰਸਾ 'ਚ ਬਤੀਤ ਕਰਨ ਤੇ ਉਸ ਦੌਰਾਨ ਉਨ੍ਹਾਂ ਦੇ ਉਸਾਰੂ ਲੇਖਨ ਦੁਆਰਾ ਸਾਹਿਤ ਨੂੰ ਸੰਪੰਨ ਕਰਨ ਲਈ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਪੁਰਸਕਾਰ ੫੧੦੦੦/-ਰੁਪਏ ਦੀ ਸਨਮਾਨ-ਜਨਕ ਧਨਰਾਸ਼ੀ ਨਾਲ ਸਨਮਾਨ-ਪੱਤਰ ਤੇ ਦੋਸ਼ਾਲਾ ਭੇਂਟ ਕੀਤਾ ਗਿਆ। ਗੌਰਤਲੱਬ ਹੈ ਕਿ ਪ੍ਰੋ. ਮੋਹਨ ਸਪਰਾ ਸਮਕਾਲੀਨ ਹਿੰਦੀ ਕਵਿਤਾ ਦੇ ਵਿਸ਼ਿਸ਼ਟ ਕਵੀ ਹਨ ਜਿਨ੍ਹਾਂ ਦੇ ਹੁਣ ਤੱਕ ਕੀੜੇ, ਵਕਤ ਕੀ ਸਾਜ਼ਿਸ਼ ਕੇ ਖਿਲਾਫ, ਆਦਮੀ ਜ਼ਿੰਦਾ ਹੈ, ਬਰਗਦ ਕੋ ਕਟਤੇ ਹੁਏ ਦੇਖਨਾ, ਕਾਲੇ ਪ੍ਰਿਸ਼ਠੋਂ ਪਰ ਉਕਰੇ ਸ਼ਬਦ, ਸਮੇਂ ਕੀ ਪਾਠਸ਼ਾਲਾ ਮੇਂ, ਹਵਾ ਵਾਂਗ (ਪੰਜਾਬੀ) ਅਤੇ ਪੰਜਾਬ ਕੀ ਆਧੁਨਿਕ ਹਿੰਦੀ ਕਵਿਤਾ (ਸੰਪਾਦਿਤ) ਆਦਿ ਕਵਿਤਾ ਸੰਗ੍ਰਿਹ ਪ੍ਰਕਾਸ਼ਿਤ ਹੋ ਚੁਕੇ ਹਨ। ਇਨ੍ਹਾਂ ਤੋਂ ਅਲਾਵਾ 'ਸਕਾਈ... ਦ ਲਿਮਿਟ' (ਅੰਗ੍ਰੇਜ਼ੀ) ਸੰਪਾਦਿਤ ਅਤੇ 'ਕਈ ਸੌ ਹੱਥ ਗਹਿਰਾ ਸਮੁੰਦ੍ਰ' (ਪੰਜਾਬੀ) ਦੋ ਹੋਰ ਕਵਿਤਾ-ਸੰਗ੍ਰਿਹ ਜਲਦੀ ਹੀ ਪ੍ਰਕਾਸ਼ਿਤ ਹੋ ਰਹੇ ਹਨ। ਵਿਸ਼ਿਸ਼ਟ ਇਹ ਵੀ ਕਿ ਉਨ੍ਹਾਂ ਦੀਆਂ ਕਵਿਤਾਵਾਂ ਗੁਰੂ ਨਾਨਕ ਦੇਵ ਵਿ. ਵਿ. ਅਮ੍ਰਿਤਸਰ ਦੀ ਐਮ.ਏ. ਤੇ ਬੀ.ਏ. (ਆਨਜਰਜ਼) ਦੀਆਂ ਕਲਾਸਾਂ ਦੇ ਪਾਠਕ੍ਰਮ 'ਚ ਨਿਰਧਾਰਤ ਹਨ ਅਤੇ ਹਿਮਾਚਲ, ਪੰਜਾਬ, ਜੰਮੂ ਅਤੇ ਗੁਰੂ ਨਾਨਕ ਦੇਵ ਵਿ.ਵਿ. 'ਚ ਐਮ.ਫਿਲ ਦੇ ਕਈ ਵਿਦਿਆਰਥੀ ਅਨੁਬੰਧ ਲਿਖ ਚੁਕੇ ਹਨ ਅਤੇ ਦੋ-ਇਕ ਉਨ੍ਹਾਂ ਦੀ ਕਵਿਤਾ ਤੇ ਪੀ.ਐਚ.ਡੀ. ਲਈ ਸ਼ੋਧ ਕਾਰਜ ਕਰ ਰਹੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਮੋਹਨ ਸਪਰਾ ਨੂੰ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਚੰਡੀਗੜ੍ਹ ਦੀਆਂ ਕਈ ਸਾਹਿਤਿਕ ਅਤੇ ਸਾਂਸਕ੍ਰਿਤਿਕ ਸੰਸਥਾਵਾਂ ਦੁਆਰਾ ਸਨਮਾਨਿਤ ਵੀ ਕੀਤਾ ਜਾ ਚੁਕਿਆ ਹੈ। ਪਿੱਛਲੇ ਦਿਨੀਂ ਯੂ.ਪੀ. ਫੋਟੋਗ੍ਰਾਫਰ ਕਲੱਬ, ਲੱਖਨਊ ਵਲੋਂ ਸ੍ਰੀ ਸਪਰਾ ਦੇ ਨਵੇਂ ਕਵਿਤਾ ਸੰਗ੍ਰਹਿ 'ਸਮੇਂ ਕੀ ਪਾਠਸ਼ਾਲਾ ਮੇਂ' ਦਾ ਲੋਕਾਰਪਣ ਯੂ.ਪੀ. ਦੇ ਰਾਜਪਾਲ ਸ੍ਰੀ ਬੀ.ਐਲ. ਜੋਸ਼ੀ ਦੁਆਰਾ ਕੀਤਾ ਗਿਆ ਅਤੇ ਦੋਸ਼ਾਲਾ, ਸਮ੍ਰਿਤੀ ਚਿੰਨ੍ਹ ਅਤੇ ਸਨਮਾਨ ਪੱਤਰ ਪ੍ਰਦਾਨ ਕੀਤਾ ਗਿਆ। ਹਾਲ ਹੀ ਵਿਚ ਵਿਸ਼ਵ ਸੰਵਾਦ ਕੇਂਦਰ, ਜਲੰਧਰ ਦੁਆਰਾ ਲਾਂਯਨਜ਼ ਕਲੱਬ 'ਚ ਨਾਰਦ ਜਯੰਤੀ ਦੇ ਉਪਲੱਕਸ਼ 'ਚ ਆਯੋਜਿਤ ਵਿਰਸਾ-੧੨ ਸਮਾਰੋਹ 'ਚ ਸ੍ਰੀ ਸਪਰਾ ਨੂੰ ਵਿਸ਼ਿਸ਼ਟ ਸਨਮਾਨ ਪ੍ਰਦਾਨ ਕੀਤਾ ਗਿਆ। ਵਰਤਮਾਨ ਵਿਚ ਯੂ.ਕੇ. ਤੋਂ ਪ੍ਰਕਾਸ਼ਿਤ 'ਸਮਾਜ ਵੀਕਲੀ' (ਪੰਜਾਬੀ-ਅੰਗ੍ਰੇਜ਼ੀ) ਨਾਮਕ ਸਮਾਚਾਰ-ਪੱਤਰ ਦੇ ਉਹ ਸਲਾਹਕਾਰ ਸੰਪਾਦਕ ਹਨ ਅਤੇ ਜਲਦੀ ਹੀ ਉਨ੍ਹਾਂ ਦੇ ਸੰਪਾਦਨ ਵਿਚ ਪੰਜਾਬ ਤੋਂ ਪ੍ਰਕਾਸ਼ਿਤ ਪਤ੍ਰਿਕਾ 'ਜਨਸ਼੍ਰੀ' ਦਾ ਸ਼ੁਭਾਰੰਭ ਹੋ ਰਿਹਾ ਹੈ।

*-ਐਸ.ਐਸ. ਹਸਨ*

*੦੯੮੮੮੦-੨੫੦੦੧*

## ਮੁੰਬਈ ਵਿਖੇ ਪੰਜਾਬੀ ਕਵੀ ਦਰਬਾਰ

ਗਲੋਬਲ ਪੰਜਾਬੀ ਐਸੋਸੀਏਸ਼ਨ ਮੁੰਬਈ ਵੱਲੋਂ ਠਾਣੇ ਦੇ ਸਤਿਕਾਰ ਰੈਜੀਡੈਂਸੀ ਹੋਟਲ ਵਿਚ ਇਕ ਯਾਦਗਾਰੀ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਚਰਚਿਤ ਰੰਗ ਕਰਮੀ ਬੀ.ਪੀ. ਸਿੰਘ ਦੀ ਹੱਲਾਸ਼ੇਰੀ ਨੇ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਰਮਨ ਖੁਰਾਣਾ ਅਤੇ ਉਨ੍ਹਾਂ ਦੀ ਟੀਮ ਦੇ ਸਾਂਝੇ ਯਤਨਾਂ ਸਦਕਾ ਪੂਰੀ ਮੁੰਬਈ ਵਿਚ ਕਵੀਆਂ ਦੇ ਨਾਵਾਂ ਸਮੇਤ ਵੱਡੇ ਵੱਡੇ ਹੋਰਡਿੰਗਜ਼/ਬੈਨਰ ਲਾ ਕੇ ਕਵੀ ਦਰਬਾਰ ਨੂੰ ਨੈਸ਼ਨਲ ਪੱਧਰ 'ਤੇ ਪ੍ਰਚਾਰਿਆ ਤੇ ਪ੍ਰਸਾਰਿਆ ਗਿਆ। ਇਹ ਹੀ ਕਾਰਨ ਸੀ ਕਿ ਬਹੁਤ ਵੱਡੇ ਹਾਲ ਵਿਚ ਗੱਦੇ ਲਾ ਕੇ ਹੇਠਾਂ ਬੈਠਣ ਦਾ ਪ੍ਰਬੰਧ ਪ੍ਰਬੰਧਕਾਂ ਵੱਲੋਂ ਇਸ ਕਰਕੇ ਕੀਤਾ ਗਿਆ ਕਿ ਸਰੋਤੇ ਹਾਲ ਵਿਚ ਵੱਧ ਤੋਂ ਵੱਧ ਸਮਾ ਸਕਣ। ਇਕ ਸੱਦਾ ਪੱਤਰ 'ਤੇ ਸਿਰਫ ਦੋ ਵਿਅਕਤੀਆਂ ਦੇ ਹੀ ਦਾਖਲ ਹੋਣ ਦੀ ਇਜਾਜ਼ਤ ਸੀ ਪਰ ਇਸ ਦੇ ਬਾਵਜੂਦ ਹਾਲ ਖਚਾਖਚ ਭਰ ਗਿਆ। ਕਵੀ ਦਰਬਾਰ ਦਾ ਆਗਾਜ਼ ਮੋਹਤਰਮਾ ਮਨਜੀਤ ਇੰਦਰਾ ਹੁਰਾਂ ਦੀਆਂ ਕਵਿਤਾਵਾਂ ਨਾਲ ਬਹੁਤ ਹੀ ਖ਼ੂਬਸੂਰਤੀ ਨਾਲ ਹੋਇਆ। ਇਸ ਤੋਂ ਬਾਅਦ ਜਨਾਬ ਰਾਜਿੰਦਰ ਪ੍ਰਦੇਸੀ ਨੇ ਆਪਣੀ ਨਜ਼ਮ ਤੋਂ ਬਾਅਦ ਦੋ ਗ਼ਜ਼ਲਾਂ ਪੇਸ਼ ਕੀਤੀਆਂ। ਜਿਨ੍ਹਾਂ ਦੇ ਇਨ੍ਹਾਂ ਸ਼ੇਅਰਾਂ ਨੂੰ ਸਰੋਤਿਆਂ ਵੱਲੋਂ ਵਾਰ-ਵਾਰ ਸੁਣਿਆ ਗਿਆ-

ਅੱਖੀਆਂ ਦੇ ਵਿਚ ਕੱਜਲਾ ਨੱਚ ਨੱਚ ਕੇ ਬੇ-ਹਾਲ
ਏਨਾ ਨੱਚਿਆ ਵਗ ਪਿਆ ਕਾਲਖ ਦਾ ਦਰਿਆ।

---

ਮੰਨਿਆ ਕਿ ਸ਼ੌਕ ਤੇਰਾ ਦੀਵੇ ਜਗਾਉਣ ਦਾ ਹੈ,
ਇਹ ਮੋਮ ਦਾ ਹੈ ਕਮਰਾ ਏਥੇ ਨਾ ਬਾਲ ਦੀਵੇ।

ਇਸ ਤੋਂ ਬਾਅਦ ਡਾ. ਪਾਲ ਕੌਰ ਦੀਆਂ ਕਵਿਤਾਵਾਂ ਦਾ ਆਨੰਦ ਮਾਨਣ ਤੋਂ ਬਾਅਦ ਹਾਜ਼ਰੀਨ ਨੂੰ ਮੋਹਤਰਮਾ ਅਨੂ ਬਾਲਾ ਨੇ ਆਪਣੀਆਂ ਗ਼ਜ਼ਲਾਂ ਨਾਲ ਨਿਵਾਜਿਆ। ਜਨਾਬ ਤ੍ਰੈਲੋਚਨ ਲੋਚੀ ਨੇ ਆਪਣੀ ਇਸ ਗ਼ਜ਼ਲ ਨਾਲ ਵਾਹ-ਵਾਹ ਖੱਟੀ-

ਜ਼ਾਲਿਮ ਕਹਿਣ ਬਲਾਵਾਂ ਹੁੰਦੀਆਂ ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ।

ਜਨਾਬ ਗੁਰਤੇਜ ਕੋਹਾਰ ਵਾਲਾ ਦਾ ਆਪਣਾ ਹੀ ਅੰਦਾਜ਼ ਸੀ ਗ਼ਜ਼ਲ ਕਹਿਣ ਦਾ, ਜੋ ਦਰਸ਼ਕਾਂ ਦੇ ਮਨ ਨੂੰ ਟੁੰਬ ਗਿਆ। ਜਨਾਬ ਜਸਵਿੰਦਰ ਗ਼ਜ਼ਲਗੋ ਦੀਆਂ ਆਧੁਨਿਕ ਗ਼ਜ਼ਲਾਂ ਨੇ ਵੀ ਸੁਣਨ ਵਾਲਿਆਂ ਨੂੰ ਮੰਤਰ-ਮੁਗਧ ਕੀਤਾ। ਜਨਾਬ ਮਦਨ ਵੀਰਾ ਦੀਆਂ ਕਵਿਤਾਵਾਂ ਤੋਂ ਬਾਅਦ ਜਨਾਬ ਜਨਮੇਜਾ ਸਿੰਘ ਜੌਹਲ ਦੀਆਂ ਕਾਵਿਕ ਵੰਨਗੀਆਂ 'ਪੱਚਰਾਂ' ਨੇ ਵੀ ਆਪਣੀ ਚੰਗੀ ਧਾਂਕ ਜਮਾਈ। ਕਵੀ ਦਰਬਾਰ ਦੇ ਦੋ ਦੌਰ ਚੱਲੇ ਅਤੇ ਸਰੋਤੇ/ਦਰਸ਼ਕ ੭ ਵਜੇ ਤੋਂ ਲੈ ਕੇ ਰਾਤ ਦੇ ੧੦.੩੦ ਵਜੇ ਤੱਕ ਮੰਤਰ-ਮੁਗਧ ਹੋ ਕੇ ਕਵੀ ਦਰਬਾਰ ਦਾ ਆਨੰਦ ਮਾਣਦੇ ਰਹੇ ਅਤੇ ਇਕ ਵੀ ਸਰੋਤਾ ਵਿਚੋਂ ਉੱਠ ਕੇ ਨਹੀਂ ਗਿਆ। ਇਹ ਕਵੀ ਦਰਬਾਰ ਮੁੰਬਈ ਵਾਸੀਆਂ ਦੇ ਚੇਤਿਆਂ 'ਚੋਂ ਕਦੇ ਵੀ ਨਾ-ਮਨਫ਼ੀ ਹੋਣ ਵਾਲਾ ਹੋ ਨਿਬੜਿਆ। ਇਸ ਕਾਮਯਾਬੀ ਵਿਚ ਕਵੀ ਦਰਬਾਰ ਦਾ ਸੰਚਾਲਨ ਕਰਨ ਵਾਲੇ ਜਾਣੇ-ਪਛਾਣੇ ਰੰਗਕਰਮੀ ਬੀ.ਪੀ. ਸਿੰਘ ਹੋਰਾਂ ਦੀ ਪੇਸ਼ਕਾਰੀ ਦਾ ਖ਼ੂਬਸੂਰਤ ਅੰਦਾਜ਼ ਸੀ।

*-ਪਰਮਜੀਤ ਸਿੰਘ ਨੁਕਰਾਲ (ਮੁੰਬਈ)*

## ਗ਼ਜ਼ਲ ਸੰਗ੍ਰਹਿ 'ਟੁੱਟਦੇ ਤਾਰੇ ਦੀ ਬਗ਼ਾਵਤ' ਲੋਕ ਅਰਪਣ

ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਜਲੰਧਰ ਵਲੋਂ ਮੁਟਿਆਰ ਕਵਿੱਤਰੀ ਅਮਰਜੀਤ ਕੌਰ ਅਮਰ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਟੁੱਟਦੇ ਤਾਰੇ ਦੀ ਬਗ਼ਾਵਤ' ਲੋਕ ਅਰਪਣ ਸਮਾਗਮ ਹੋਟਲ ਪਲਾਜ਼ਾ ਵਿਖੇ ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸਾਬਕਾ ਮੰਤਰੀ ਅਤੇ ਵਿਧਾਇਕ ਸ੍ਰੀ ਮਨੋਰੰਜਨ ਕਾਲੀਆ ਸਨ ਜਦਕਿ ਪ੍ਰਧਾਨਗੀ ਮੰਡਲ ਵਿਚ ਸਰਵ ਸ੍ਰੀ ਸ਼ਿੰਗਾਰਾ ਸਿੰਘ ਭੁੱਲਰ, ਸੰਪਾਦਕ ਪੰਜਾਬੀ ਜਾਗਰਣ, ਕਰਤਾਰ ਸਿੰਘ ਸੂਰੀ, ਵਾਸਦੇਵ ਸਿੰਘ ਪਰਹਾਰ, ਮੰਚ ਦੇ ਪ੍ਰਧਾਨ ਰਾਜਿੰਦਰ ਪਰਦੇਸੀ, ਅਮਰਜੀਤ ਕੌਰ ਅਮਰ, ਸੁਖਵਿੰਦਰ ਕੌਰ ਅਤੇ ਦੂਰਦਰਸ਼ਨ ਤੋਂ ਬਲਜੀਤ ਸਿੰਘ ਅਤੇ ਬਲਕਾਰ ਸਿੰਘ ਸੁਸ਼ੋਭਿਤ ਸਨ।

ਪੁਸਤਕ 'ਤੇ ਬੋਲਦਿਆਂ ਡਾ. ਜਗੀਰ ਸਿੰਘ ਨੂਰ ਨੇ ਕਿਹਾ ਕਿ ਟੁੱਟਦੇ ਤਾਰੇ ਦੀ ਬਗ਼ਾਵਤ ਦੀ ਲੇਖਿਕਾ ਅਮਰਜੀਤ ਕੌਰ ਜਿਥੇ ਰਚਨਾਤਮਕ ਵਿਵੇਕ, ਵਿਚਾਰਧਾਰਾ, ਸਮਕਾਲੀਨ ਸਮਾਜਿਕ ਸੱਭਿਆਚਾਰ, ਆਰਥਿਕ, ਰਾਜਸੀ ਅਤੇ ਨੈਤਿਕ ਵਰਤਾਰੇ ਪ੍ਰਤੀ ਸੁਚੇਤ ਹੈ ਉਥੇ ਮਨੁੱਖੀ ਜ਼ਿੰਦਗੀ ਦੀ ਤੋਰ ਨੂੰ ਗੰਭੀਰਤਾ ਨਾਲ ਸਮਝਦੀ ਹੈ ਅਤੇ ਗ਼ਜ਼ਲ ਸਿਰਜਣਾ ਦੇ ਮਨੋਰਥ ਤੋਂ ਭਲੀ ਭਾਂਤ ਵਾਕਿਫ ਹੈ। ਮੁੱਖ ਮਹਿਮਾਨ, ਪ੍ਰਧਾਨਗੀ ਮੰਡਲ ਅਤੇ ਅਮਰਜੀਤ ਅਮਰ ਦੇ ਹਮਸਫਰ ਸ੍ਰੀ ਦਲਬੀਰ ਸਿੰਘ ਵੱਲੋਂ ਪੁਸਤਕ ਰਿਲੀਜ਼ ਕਰਨ ਉਪਰੰਤ ਬਹੁ-ਭਾਸ਼ੀ ਕਵੀ ਦਰਬਾਰ ਦਾ ਆਗਾਜ਼ ਕੰਵਰ ਇਕਬਾਲ ਵੱਲੋਂ ਅਮਰ ਦੀ ਗ਼ਜ਼ਲ ਗਾਉਣ ਤੋਂ ਬਾਅਦ ਤੇਜਬੀਰ ਨੇ ਅਮਰ ਦੀ ਗ਼ਜ਼ਲ ਪੁਰਸੋਜ਼ ਆਵਾਜ਼ ਵਿਚ ਸੁਣਾਈ।

ਇਸ ਤੋਂ ਬਾਅਦ ਜਸਪਾਲ ਜ਼ੀਰਵੀ, ਮਨਜੀਤ ਸੋਹਲ, ਰੇਨੂੰ ਨਈਅਰ, ਰੇਨੂਕਾ ਆਦਮਪੁਰ, ਗੁਰਦੀਪ ਭਾਟੀਆ, ਮੋਹਨ ਸਪਰਾ, ਭਜਨ ਸਿੰਘ ਵਿਰਕ, ਵੀਰਇੰਦਰ ਸਿੰਘ ਪਰਹਾਰ, ਪਰਮਜੀਤ ਕੁਮਾਰ, ਸੁਰਿੰਦਰਜੀਤ ਕੌਰ, ਜਗਦੀਸ਼ ਰਾਣਾ, ਕੁਲਵਿੰਦਰ ਫੁੱਲ, ਰਣਜੀਤ ਸਰਾਂ ਵਾਲੀ, ਮਨਦੀਪ ਕੌਰ ਦੀਪ, ਜਸਵੀਰ ਹੁਸੈਨ, ਡਾ. ਸਤੀਸ਼ ਨੁਕਰਾਲ ਸੋਨੀ, ਸੁਖਦੇਵ ਸਿੰਘ ਗੰਢਵਾਂ, ਮਨੋਜ ਫਗਵਾੜਵੀ ਆਦਿ ਸ਼ਾਇਰਾਂ ਤੋਂ ਬਾਅਦ ਕੰਵਲਜੀਤ ਸਿੰਘ ਸੂਰੀ ਨੇ ਅਮਰ ਨੂੰ ਵਧਾਈ ਦੇਣ ਨਾਲ ਸ਼ਿਵ ਬਟਾਲਵੀ ਦੀ ਰਚਨਾ 'ਯਾਰੜਿਆਂ ਰੱਬ ਕਰਕੇ ਸਾਨੂੰ ਪੈਣ ਬਿਰਹੋਂ ਦੇ ਕੀੜੇ ਵੇ, ਨੈਣਾਂ ਦੇ ਦੋ ਸੰਦਲੀ ਬੂਹੇ ਜਾਣ ਸਦਾ ਲਈ ਬੀੜੇ ਵੇ' ਬਾਂਸੁਰੀ 'ਤੇ ਪੇਸ਼


Namdhari Elibrary NamdhariElibrary@gmail.com

ਕਰਕੇ ਵਾਹ-ਵਾਹ ਖੱਟੀ।

ਇਨ੍ਹਾਂ ਤੋਂ ਇਲਾਵਾ ਮੋਹਣ ਲਾਲ ਫਿਲੌਰੀਆ, ਕਰਨਲ ਤਿਲਕ ਰਾਜ, ਭਗਵੰਤ ਰਸੂਲਪੁਰੀ, ਨੂਰ ਸੰਤੋਖਪੁਰੀ, ਤੀਰਥ ਸਿੰਘ ਸਪਰਾ, ਰਾਜਿੰਦਰ ਰਾਜਾ, ਯੋਗੀ ਸ਼ਰਮਾ, ਹਰਵਿੰਦਰ ਸੰਧੂ ਨਿਹਾਲਗੜ੍ਹੀਆ, ਬਲਵਿੰਦਰ ਸਿੰਘ ਮਿਨਹਾਸ, ਕਰਨੈਲ ਸਿੰਘ ਜਾਂਗਲੀਵਾਲ, ਦਵਿੰਦਰ ਸਿੰਘ ਪ੍ਰੋਗਰਾਮ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ ਸ਼ਾਮਿਲ ਸਨ।

ਅੰਤ ਵਿਚ ਬੋਲਦਿਆਂ ਮੁੱਖ ਮਹਿਮਾਨ ਸ੍ਰੀ ਮਨੋਰੰਜਨ ਕਾਲੀਆ ਅਤੇ ਸ਼ੰਗਾਰਾ ਸਿੰਘ ਭੁੱਲਰ ਨੇ ਇਕਮੱਤ ਹੋ ਕੇ ਕਿਹਾ ਕਿ ਅਮਰਜੀਤ ਕੌਰ ਅਮਰ ਦੀ ਪੁਸਤਕ ਪੜ੍ਹ ਕੇ ਇਹ ਮਹਿਸੂਸ ਨਹੀਂ ਹੁੰਦਾ ਕਿ ਇਹ ਉਸ ਦੀ ਪਹਿਲੀ ਪੁਸਤਕ ਹੋਵੇਗੀ।

*—ਕੁਲਵਿੰਦਰ ਫੁੱਲ*

*ਜਨਰਲ ਸਕੱਤਰ, ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ*

## ਪਿੰਡ ਦਾਰੇਵਾਲ 'ਚ ਕਵੀ ਦਰਬਾਰ

ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਪਿੰਡ ਦਾਰੇਵਾਲ (ਲੋਹੀਆਂ) ਵਿਖੇ ਇਕ ਸ਼ਾਨਦਾਰ ਕਵੀ ਦਰਬਾਰ ਸਵਰਗੀ ਤੇਜਾ ਸਿੰਘ ਜਾਲਫ ਦੀ ਯਾਦ ਨੂੰ ਸਮਰਪਿਤ ਕਰਵਾਇਆ ਗਿਆ। ਪੰਡਾਲ ਵਿਚ ਪ੍ਰਵਾਸੀ ਸ਼ਾਇਰ ਜਸਵਿੰਦਰ ਸਿੰਘ ਜਾਲਫ, ਉਨ੍ਹਾਂ ਦੇ ਭਰਾਤਾ ਸ਼ਲਵਿੰਦਰ ਸਿੰਘ ਜਾਲਫ ਹੋਰਾਂ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਕਵੀ ਦਰਬਾਰ ਦਾ ਆਗਾਜ਼ ਡੀ. ਆਰ. ਧਵਨ ਦੀ ਗ਼ਜ਼ਲ 'ਨਾ ਚਰਖੇ ਦੀ ਘੂਕ ਨਾ ਗੂੰਜ ਮਧਾਣੀ ਦੀ' ਨਾਲ ਹੋਇਆ। ਉਪਰੰਤ ਕੰਵਰ ਇਕਬਾਲ ਦਾ ਤਰੰਨੁਮ ਦਰਦੀਲੀ ਹੂਕ ਬਣ ਕੇ ਇਉਂ ਉਭਰਿਆ-

'ਤੂੰ ਪਰਦੇਸੀਂ ਜਾਕੇ ਬਹਿ ਗਿਓਂ
ਮੇਰਾ ਕੱਢ ਕਾਲਜਾ ਲੈ ਗਿਓਂ।'

ਸੁਰਿੰਦਰਜੀਤ ਕੌਰ ਨੇ ਭਰੂਣ ਹੱਤਿਆ ਦੀ ਤਸਵੀਰ ਇਉਂ ਪੇਸ਼ ਕੀਤੀ-

ਕੁਝ ਹੱਥਾਂ ਨਾਲ ਮਸ਼ੀਨ ਦੇ ਕੀਤਾ ਟੈਸਟ ਭਰੂਣ
ਕੁਝ ਹੱਥਾਂ ਵਿਚੋਂ ਕੁੱਖ ਦੇ ਕੀਤਾ ਧੀ ਦਾ ਖੂਨ।

ਸੁਬਾਸਕ ਦੇ ਸੰਪਾਦਕ ਜੰਗ ਬਹਾਦਰ ਸਿੰਘ ਘੁੰਮਣ ਦੇ ਇਸ ਸ਼ੇਅਰ ਨੇ ਭਰਪੂਰ ਦਾਦ ਹਾਸਿਲ ਕੀਤੀ-

'ਠੀਕ ਹੈ ਤੂੰ ਹਰ ਗਿਐਂ ਮਾਰੂਥਲਾਂ ਦੇ ਸੇਕ ਤੋਂ
ਜੂਝਿਆ ਤਾਂ ਹੈਂ ਦੁਰਾਡੀ ਧਰਤ ਇਕ ਸਾਵੀ ਲਈ।

ਜਗਦੀਸ਼ ਕੌਰ ਵਾਡੀਆ ਹੋਰਾਂ ਹੱਕਾਂ ਦੀ ਰਾਖੀ ਲਈ ਖੜ੍ਹੇ ਹੋਣ ਦਾ ਹੋਕਾ ਇਉਂ ਦਿੱਤਾ-

ਲਾਵਾ ਤਾਂ ਬਣਨਾ ਪਵੇਗਾ ਹੱਕ ਆਪਣੇ ਦੀ ਰਾਖੀ ਲਈ
ਜ਼ੁਲਮ ਸਾਹਵੇਂ ਖੜ੍ਹਨਾ ਪਵੇਗਾ ਹੱਕ ਆਪਣੇ ਦੀ ਰਾਖੀ ਲਈ।

ਸੁਜਾਨ ਸਿੰਘ ਸੁਜਾਨ ਹੋਰਾਂ ਭਰੂਣ ਹੱਤਿਆ 'ਤੇ ਇਉਂ ਚੋਟ ਕੀਤੀ

ਪੱਥਰ ਦਿਲ ਇਹ ਮੋਮ ਫਿਰ ਹੋਣ ਕਿਉਂ ਨਾ
ਰੱਖ ਦੇਂਦੀ ਏ ਹਿਰਦਾ ਹਲੂਣ ਹੱਤਿਆ
ਵਸਦਾ ਰਸਦਾ ਸੰਸਾਰ ਇਹ ਉੱਜੜ ਜਾਣਾ
ਜੇਕਰ ਰੋਕੀ ਨਾ ਗਈ ਭਰੂਣ ਹੱਤਿਆ।

ਪ੍ਰਵਾਸੀ ਸ਼ਾਇਰ ਜਸਵਿੰਦਰ ਜਾਲਫ ਹੋਰਾਂ ਧੀ ਵੱਲੋਂ ਮਾਂ ਨੂੰ ਉਲਾਂਭਾ ਇਉਂ ਦਿੱਤਾ-

ਦੱਸ ਕਦੇ ਤੂੰ ਧੀ ਦੀ ਸੁੱਖ ਮੰਗੀ,
ਸਦਾ ਪੁੱਤਾਂ ਦੀਆਂ ਗਾਉਂਦੀ ਰਹੀ ਘੋੜੀਆਂ ਤੂੰ
ਧੀ ਜਨਮੀ ਤੇ ਤੂੰ ਅਫਸੋਸ ਕੀਤਾ,
ਪੁੱਤੀਂ ਤੇਰ੍ਹਵੇਂ ਵੰਡੀਆਂ ਲੋਹੜੀਆਂ ਤੂੰ।

ਪ੍ਰਕਾਸ਼ ਕੌਰ ਸੰਧੂ ਦੀ ਖੂਬਸੂਰਤ ਕਵਿਤਾ ਤੋਂ ਬਾਅਦ ਸੁਰਿੰਦਰ ਕੌਰ ਬਾੜਾ ਦੀ ਲੰਮੀ ਹੇਕ ਨੇ ਲੋਕਾਂ ਨੂੰ ਝੂਮਣ ਲਾਉਣ ਤੋਂ ਬਾਅਦ ਡਾ. ਰਾਮ ਮੂਰਤੀ ਦੀ ਪੁਰਸੋਜ਼ ਆਵਾਜ਼ ਦੇ ਇਨ੍ਹਾਂ ਬੋਲਾਂ ਨੇ ਆਪਣਾ ਜਾਦੂ ਬਿਖੇਰਿਆ

ਦੰਦਾਂ ਨਾਲ ਖੁੱਲ੍ਹਣ ਨਾ ਹੱਥੀਂ ਗੰਢਾਂ ਹੱਥੀਂ ਗੁੰਦੀਆਂ,
ਚੁਸਤੀਆਂ ਚਲਾਕੀਆਂ ਇਹ ਚੰਗੀਆਂ ਨਹੀਂ ਹੁੰਦੀਆਂ

ਮੰਚ ਦੇ ਪ੍ਰਧਾਨ ਰਾਜਿੰਦਰ ਪਰਦੇਸੀ ਇਉਂ ਅਰਜੋਈ ਕਰ ਰਹੇ ਸਨ-

ਨਾ ਰੁੱਸੇ ਦਿਲਦਾਰ ਕਿਸੇ ਦਾ
ਨਾ ਹੀ ਰੁੱਸੇ ਪਿਆਰ ਕਿਸੇ ਦਾ
ਕਿਸੇ ਦਾ ਮੀਤ ਨਾ ਰੁੱਸੇ ਕੋਈ
ਇਹ ਮੇਰੇ ਗੀਤ ਕਰਨ ਅਰਜੋਈ।

ਬਜ਼ੁਰਗ ਸ਼ਾਇਰ ਨਿਰਧਨ ਕਰਤਾਰਪੁਰੀ ਹੋਰਾਂ ਦੀਆਂ ਵਿਅੰਗਮਈ ਕਵਿਤਾਵਾਂ ਲੋਕ ਮਨਾਂ 'ਚ ਲੰਮਾ ਸਮਾਂ ਨਾ ਭੁਲਾਈਆਂ ਜਾਣ ਵਾਲੀਆਂ ਸਨ ਜਿਨ੍ਹਾਂ ਨੂੰ ਲੋਕਾਂ ਨੇ ਵਾਰ ਵਾਰ ਸੁਣਿਆ।

ਜੱਗਾ ਸਿੰਘ ਸ਼ੇਖ ਮਾਂਗਾ ਪਿੰਡ, ਮੁਖਵਿੰਦਰ ਸਿੰਘ ਸੀਚੇਵਾਲ ਤੋਂ ਇਲਾਵਾ ੯੦.੪ ਅਵਤਾਰ ਰੇਡੀਓ, ਜੋ ਸੰਤ ਬਲਬੀਰ ਸਿੰਘ ਸੀਚੇਵਾਲ ਹੋਰਾਂ ਦਾ ਹੈ, ਵੱਲੋਂ ਹਰਦੀਪ ਸਿੰਘ ਨੇ ਸਾਰੇ ਪ੍ਰੋਗਰਾਮ ਦੀ ਕਵਰੇਜ ਕੀਤੀ। ਇਸ ਮੌਕੇ ਜਸਵਿੰਦਰ ਜਾਲਫ ਦੇ ਮਾਤਾ ਜੀ ਬੀਬੀ ਹਰਭਜਨ ਕੌਰ, ਮਾਸਟਰ ਸੰਤੋਖ ਸਿੰਘ ਜਾਲਫ, ਸ਼ੰਕਰ ਸਿੰਘ ਸਰਪੰਚ, ਮਨਜੀਤ ਸਿੰਘ ਲੰਬੜਦਾਰ, ਦਰਸ਼ਨ ਸਿੰਘ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਗਿੱਦੜਪਿੰਡੀ, ਸੋਹਣ ਸਿੰਘ ਹੈੱਡ ਗ੍ਰੰਥੀ, ਜਸਪਾਲ ਸਿੰਘ ਮੈਂਬਰ ਪੰਚਾਇਤ, ਕਰਨੈਲ ਸਿੰਘ ਕਲੱਬ ਪ੍ਰਧਾਨ, ਦਰਸ਼ਨ ਸਿੰਘ ਲੰਬੜਦਾਰ, ਸਰਬਣ ਸਿੰਘ ਸਾਬਕਾ ਸਰਪੰਚ ਨੇ ਆਏ ਹੋਏ ਸ਼ਾਇਰਾਂ ਦਾ ਨਕਦ ਭੇਟਾ ਅਤੇ ਬਾਲਾਂ ਨਾਲ ਸਨਮਾਨ ਕੀਤਾ। ਸ. ਬਖਸ਼ੀਸ਼ ਸਿੰਘ ਜਾਲਫ ਯੂਕੇ ਹੋਰਾਂ ਦਾ ਇਸ ਸਮਾਗਮ ਵਿਚ ਵਰਨਣਯੋਗ ਯੋਗਦਾਨ ਸੀ। ਇਸ ਮੌਕੇ ਜਾਲਫ ਪਰਿਵਾਰ ਵੱਲੋਂ ਅੱਖਾਂ ਦਾ ਕੈਂਪ ਵੀ ਲਾਇਆ ਗਿਆ ਅਤੇ ਡਾ. ਬਲਦੀਪ ਸਿੰਘ ਜਾਲਫ ਵੱਲੋਂ ਲੰਗਰ ਦਾ ਖੂਬਸੂਰਤ ਪ੍ਰਬੰਧ ਕੀਤਾ ਗਿਆ।

*—ਸੁਰਿੰਦਰਜੀਤ ਕੌਰ*

NamdhariElibrary NamdhariElibrary@gmail.com

BBL
FOODS PVT. LTD.






*India's Largest Second Hand Food*
*Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*






# BBL FOODS (P) LTD.

***SANTOSH NAGAR X ROADS, HYDERABAD- 5000059, INDIA***
***Tel : +91 40 24530680, Mobile : 91 98480-50607/ +91 98483 99702***
***e-mail:lakbir.mutchall@gmail.com***
***www.bblfoods.com www.mutchall.com***

dhari Elibrary NamdhariElibrary@gmail.com


TOP TRAK
new generation bikes
NEW range for all ages
BVQI
ISO 9001:2000
UKAS
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

# ਪ੍ਰਤੀਕਿਰਿਆ

ਅੱਗੇ ਤਾਂ ਮਾਸਕ ਵਰਿਆਮ ਤਿਆਰ ਹੋਣ ਤੋਂ ਪਹਿਲਾਂ ਹੀ ਪੜ੍ਹ ਲੈਂਦਾ ਸੀ, ਪਰ ਹੁਣ ਕੁਝ ਮਹੀਨੇ ਲਈ ਇੰਗਲੈਂਡ ਆ ਗਿਆਂ ਕਰਕੇ ਮਈ ਅੰਕ ਨਹੀਂ ਪੜ੍ਹ ਸਕਿਆ। ਮੇਰੇ ਫੋਨ ਕਰਨ ਤੇ ਆਪ ਜੀ ਨੇ ਮੈਨੂੰ ਜੂਨ-੨੦੧੩ ਦਾ ਅੰਕ ਭੇਜਿਆ, ਜੋ ਕਿ ੧੭ ਜੂਨ ਨੂੰ ਮਿਲ ਗਿਆ ਹੈ। ਦੁਪਹਿਰੇ ਬੈਠਾ ਟੈਲੀ ਦੇਖ ਰਿਹਾ ਸੀ ਤਾਂ ਡਾਕੀਏ ਨੇ ਦਰਵਾਜ਼ੇ ਰਾਹੀਂ ਅੰਦਰ ਡਾਕ ਸੁੱਟੀ, ਜਿਸ ਵਿਚ ਮੇਰੇ ਲਈ 'ਵਰਿਆਮ' ਵੀ ਨਾਲ ਆ ਗਿਆ। ਬਹੂ ਕਹਿੰਦੀ- ਡੈਡੀ ਲਉ ਤੁਹਾਡਾ ਵਰਿਆਮ ਵੀ ਆ ਗਿਆ ਹੈ। ਸੁਣ ਕੇ ਖੁਸ਼ੀ ਹੋਈ।

ਸੰਪਾਦਕੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਬਾਰੇ ਪੜ੍ਹਿਆ ਬੜਾ ਚੰਗਾ ਲੱਗਾ। ਆਖਰ ਵਿਚ ਆਪ ਜੀ ਨੇ ਕੁਰਬਾਨੀ ਦਾ ਸਾਰ ਤੱਥ ਬੜੇ ਵਧੀਆ ਤਰੀਕੇ ਨਾਲ ਲਿਖਿਆ ਹੈ ਕਿ "ਗੁਰੂ ਅਰਜਨ ਦੇਵ ਜੀ ਦੀ ਨਿਰਮਾਨਤਾ, ਅਪਰੰਮਪਾਰ ਗਿਆਨ ਅਤੇ ਗੁਰੂ ਕ੍ਰਿਪਾ ਨੇ ਸਾਰੇ ਸੰਕਟਾਂ ਨੂੰ ਕੱਟਿਆ ਅਤੇ ਭਾਰਤ ਦੇ ਇਤਿਹਾਸ ਨੂੰ ਹੀ ਨਹੀਂ, ਮਾਨਵਤਾ ਦੇ ਇਤਿਹਾਸ ਨੂੰ ਵੀ ਅਜਿਹਾ ਮੋੜ ਦਿੱਤਾ ਜਿਸ ਕਰਕੇ ਸਾਰੇ ਹੀ ਉਨ੍ਹਾਂ ਦੀਆਂ ਬਖਸ਼ਿਸ਼ਾਂ ਦਾ ਰਸ ਮਾਣ ਰਹੇ ਹਨ।"

ਕ੍ਰਿਕਟ ਦੇ ਖੇਡ ਬਾਰੇ ਵੀ ਆਪ ਜੀ ਨੇ ਲਿਖਿਆ ਹੈ ਕਿ ਕ੍ਰਿਕਟ ਖੇਡ ਨਹੀਂ ਰਹੀ, ਇਹ ਤਾਂ ਪੈਸੇ ਦਾ ਜੂਆ ਬਣ ਗਈ ਹੈ। ਸਰਮਾਏਦਾਰ ਇਸ ਖੇਡ ਨੂੰ ਆਪਣੇ ਹੱਥਾਂ ਦੀ ਕਠਪੁਤਲੀ ਸਮਝਦੇ ਹਨ ਤੇ ਇਸ ਤੇ ਸ਼ਰਤਾਂ ਲਾਉਂਦੇ ਹਨ ਤੇ ਅਨੰਦ ਮਾਨਣ ਦੇ ਨਾਲ ਭ੍ਰਿਸ਼ਟਾਚਾਰ ਨੂੰ ਬੜ੍ਹਾਵਾ ਦੇ ਰਹੇ ਹਨ। ਭੋਗਲ ਸਾਹਿਬ ਦਾ ਲੇਖ ਘੁੰਮਣ ਸਾਹਿਬ ਨੂੰ ਵਾਰਤਕ-ਲੇਖਣ ਅਪਨਾਉਣਾ ਚਾਹੀਦਾ ਹੈ-ਬੜਾ ਦਿਲਚਸਪ ਹੈ। ਵਿਰਕ ਜੀ ਦਾ ਹਰ ਮਹੀਨੇ ਵਾਂਗ ਇਸ ਵਾਰ ਵੀ ਇਕ ਨਾਮਧਾਰੀ ਸ਼ਖਸੀਅਤ "ਭਾਈ ਮਸਤਾਨ ਸਿੰਘ ਉਰਫ ਰਾਗਾ ਸਿੰਘ" ਬਾਰੇ ਖੋਜ-ਭਰਪੂਰ ਲੇਖ ਪੜ੍ਹਕੇ ਕੂਕਾ ਲਹਿਰ ਦੇ ਇਕ ਹੋਰ ਅਮਰ ਨਾਇਕ ਦਾ ਪਤਾ ਲੱਗ। ਡਾ. ਹਰਸ਼ਿੰਦਰ ਕੌਰ ਨੇ 'ਲੰਗੜਾ ਕਤੂਰਾ' ਕਹਾਣੀ ਸੁਣਾ ਕੇ ਇਹ ਦੱਸ ਦਿੱਤਾ ਹੈ ਕਿ ਸਾਨੂੰ ਕਿਸੇ ਅੰਗਹੀਣ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਸ. ਤਰਲੋਚਨ ਸਿੰਘ ਜੀ ਨੇ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਲਈ ਮਾਡਰਨ ਟੈਕਨਾਲੋਜੀ ਨੂੰ ਵਰਤਣ ਤੇ ਜ਼ੋਰ ਦਿੱਤਾ ਹੈ। ਸ. ਗੁਰਬਖਸ਼ ਸਿੰਘ ਮਠਾਰੂ ਹੋਰਾਂ ਵੱਡਾ ਲੇਖ ਲਿਖ ਕੇ ਦੱਸ ਦਿੱਤਾ ਹੈ ਕਿ ਕਿਵੇਂ ਸਿੱਖ ਪੰਥ ਘੱਲੂਘਾਰਿਆਂ ਵਿਚ ਫਸਿਆ ਰਿਹਾ, ਜਿਸ ਕਰਕੇ ਗੁਰਮਤਿ ਅਤੇ ਸ਼ਾਸਤਰੀ ਸੰਗੀਤ ਅਸਤ-ਵਿਅਸਤ ਹੋ ਗਿਆ ਸੀ, ਜਿਸਨੂੰ ਸਤਿਗੁਰੂ ਜਗਜੀਤ ਸਿੰਘ ਨੇ ਮੁੜ ਤੋਂ ਨਾਮਧਾਰੀ ਸੰਗੀਤਕਾਰ ਪੈਦਾ ਕਰਕੇ ਪ੍ਰਫੁੱਲਤ ਕੀਤਾ ਹੈ। ਜਗੀਰ ਕੌਰ ਸੰਧੂ ਨੇ ਸ਼ਹੀਦ ਅਮਰਜੀਤ ਸਿੰਘ ਸੰਧੂ ਦੀ ਦਲੇਰੀ ਨੂੰ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤਾ ਹੈ ਅਤੇ ਆਪਣੀਆਂ ਕਵਿਤਾਵਾਂ ਰਾਹੀਂ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।

ਭੁਪਿੰਦਰ ਉਸਤਾਦ ਹੋਰਾਂ ਨੇ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਅਤੇ ਡਾ. ਗੁਰਮਿੰਦਰ ਸਿੱਧੂ ਰਾਹੀਂ ਪੰਜਾਬੀ ਜ਼ੁਬਾਨ ਦੀ ਤਰੱਕੀ ਬਾਰੇ ਵਧੀਆ ਲਿਖਿਆ ਹੈ ਕਿ ਬਾਹਰਲੇ ਮੁਲਕਾਂ ਜਾਂ ਬਾਹਰਲੇ ਸੂਬਿਆਂ ਵਿਚ ਲੋਕ ਪੰਜਾਬੀ ਬੋਲ ਤਾਂ ਲੈਂਦੇ ਹਨ, ਪਰ ਪੜ੍ਹ ਲਿਖ ਨਹੀਂ ਸਕਦੇ। ਸਾਨੂੰ ਉਥੇ ਵੀ ਕੋਈ ਐਸੇ ਸਾਧਨ ਪੈਦਾ ਕਰਨੇ ਚਾਹੀਦੇ ਹਨ, ਜਿਸ ਨਾਲ ਬਾਹਰ ਵਸਦੇ ਲੋਕ ਵੀ ਪੰਜਾਬੀ ਨੂੰ ਪੜ੍ਹ-ਲਿਖ ਅਤੇ ਬੋਲ ਸਕਣ। ਲਖਵਿੰਦਰ ਬਾਜਵਾ ਨੇ ਬਿਜੜੇ ਦੇ ਆਹਲਣੇ ਰਾਹੀਂ ਇਕ ਉਜੜ ਰਹੇ ਘਰ ਦੀ ਕਹਾਣੀ ਦੱਸੀ ਹੈ ਤੇ ਦੋਹਾਂ ਜੀਆਂ ਨੂੰ ਜਦੋਂ ਸਮਝ ਆਉਂਦੀ ਹੈ, ਉਹ ਮੁੜ ਤੋਂ ਘਰ ਵਸਾ ਕੇ ਸੁਖੀ ਜ਼ਿੰਦਗੀ ਬਤੀਤ ਕਰਦੇ ਹਨ।

ਪ੍ਰਤੀਕਿਰਿਆ ਵਿਚ ਮੇਰਾ ਨਾਂਅ ਵੀ ਸ਼ਾਮਲ ਹੋਇਆ ਹੈ। ਕਿਸਾਨ ਜੀ ਨੇ ਮੈਨੂੰ ਪ੍ਰਤੀਕਿਰਿਆ ਵਿਚ ਸਮਝਾਇਆ ਹੈ ਕਿ ਉਹਨਾਂ ਦੇ ਨਹੀਂ ਤਿੰਨ ਪੁੱਤਰ ਹਨ, ਇਸ ਗਲਤੀ ਲਈ ਮੈਂ ਕਿਸਾਨ ਜੀ ਤੋਂ ਮਾਫੀ ਚਾਹਵਾਂਗਾ। ਕਵਿਤਾਵਾਂ ਵਿਚ ਬਲਬੀਰ ਸਿੰਘ ਢਿੱਲੋਂ ਦੀ ਕਵਿਤਾ 'ਸੱਚ ਦਾ ਸੂਰਜ' ਵਧੀਆ ਲੱਗੀ। ਹੋਰ ਕਵਿਤਾਵਾਂ ਵੀ ਪੜ੍ਹਨ ਨੂੰ ਚੰਗੀਆਂ ਲੱਗੀਆਂ। ਅਸਪਾਲ ਜੀ ਦੀ ਰੁਬਾਈ ਤੇ ਗੀਤ ਬਹੁਤ ਵਧੀਆ ਨੇ।

ਆਖਰ ਵਿਚ ਕੁਲ ਮਿਲਾ ਕੇ ਸਾਰਾ ਪਰਚਾ ਪੜ੍ਹਿਆ, ਬੜਾ ਚੰਗਾ ਲੱਗਾ। ਵਰਿਆਮ ਭੇਜਣ ਲਈ ਆਪ ਜੀ ਦਾ ਬਹੁਤ ਬਹੁਤ ਧੰਨਵਾਦ।

*ਸਲੋਹ (ਯੂ. ਕੇ.) ਤੋਂ ਬਲਦੇਵ ਮਾਧੋਪੁਰੀ*

*ਮਿਤੀ ੧੭ ਜੂਨ, ੨੦੧੩*


Namdhari Elibrary NamdhariElibrary@gmail.com











NamdhariElibrary NamdhariElibrary@gmail.com

P.O. Regd. No. PB/JL-016/2012-2014 **WARIAM** Ladowali Road, Jalandhar -144001
July 2013
Regd. RNI No. 26453/75













ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ: 0181-2222543,

Namdhari Elibrary @gmail.com